15-DEC-PAGE-1.qxd 12/14/2025 9:12 PM Page 1

ਸੋਮਵਾਰ, 15 ਦਸੰਬਰ, 2025
1 ਪੋਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 195

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 15 DECEMBER, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |


YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10

## ਸਿਡਨੀ ਬੀਚ 'ਤੇ ਯਹੂਦੀ ਜਸ਼ਨਾਂ ਦੌਰਾਨ ਹਮਲਾ, 11 ਮੌਤਾਂ

### ਇੱਕ ਦਹਿਸ਼ਤਗਰਦ ਹਲਾਕ

**ਸਿਡਨੀ** : ਆਸਟਰੇਲੀਆ ਵਿਚ ਸਿਡਨੀ ਦੇ ਮਸ਼ਹੂਰ ਬੌਂਡੀ ਬੀਚ 'ਤੇ ਐਤਵਾਰ ਨੂੰ ਯਹੂਦੀ ਜਸ਼ਨਾਂ ਦੌਰਾਨ ਹੋਈ ਗੋਲੀਬਾਰੀ ਦੀ ਘਟਨਾ ਵਿੱਚ ਕਈ ਲੋਕ ਮਾਰੇ ਗਏ ਹਨ। ਮੁੱਢਲੀਆਂ ਰਿਪੋਰਟਾਂ ਅਨੁਸਾਰ ਹਮਲੇ ਵਿੱਚ 11 ਲੋਕ ਮਾਰੇ ਗਏ, ਜਦ ਕਿ ਸੁਰੱਖਿਆ ਜਵਾਨਾਂ ਦੀ ਕਾਰਵਾਈ ਦੌਰਾਨ ਇੱਕ ਸ਼ੂਟਰ ਵੀ ਮਾਰਿਆ ਗਿਆ, ਜਦੋਂ ਕਿ ਦੂਜਾ ਸ਼ੂਟਰ ਗੰਭੀਰ ਜ਼ਖਮੀ ਦੱਸਿਆ ਜਾਂਦਾ ਹੈ। ਇਸ ਘਟਨਾ ਕਾਰਨ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਅਤੇ ਵੱਡੀ ਗਿਣਤੀ ਵਿੱਚ ਪੁਲਸ ਅਤੇ ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚੀਆਂ। ਸਰਕਾਰ ਨੇ ਇਸ ਨੂੰ ਦਹਿਸ਼ਤੀ ਹਮਲਾ ਕਰਾਰ ਦਿੱਤਾ ਹੈ। ਪੁਲਸ ਨੇ ਇੱਕ ਹਮਲਾਵਰ ਦੀ ਪਛਾਣ ਸਿਡਨੀ ਦੇ ਬਾਹਰਲੇ ਇਲਾਕੇ ਬੋਨੀਰਿਗ ਦੇ ਨਵੀਦ ਅਕਰਮ ਵਜੋਂ ਕੀਤੀ ਹੈ। ਆਸਟਰੇਲੀਆਈ ਪ੍ਰਸਾਰਣ ਨਿਗਮ ਨੇ ਰਿਪੋਰਟ ਦਿੱਤੀ ਕਿ ਪੁਲਸ ਨੇ ਦੋ ਹਮਲਾਵਰਾਂ ਵਿੱਚੋਂ ਇੱਕ ਨੂੰ ਗੋਲੀਬਾਰੀ ਵਿੱਚ ਮਾਰ ਦਿੱਤਾ, ਜਦੋਂ ਕਿ ਦੂਜੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਧਰ ਨਿਊ ਸਾਊਥ ਵੇਲਜ਼ ਪੁਲਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਗੋਲੀਬਾਰੀ ਤੋਂ ਬਾਅਦ ਦੋ ਲੋਕਾਂ, ਜਿਨ੍ਹਾਂ 'ਤੇ ਗੋਲੀਬਾਰੀ 'ਚ ਸ਼ਾਮਲ ਹੋਣ ਦਾ ਸ਼ੱਕ ਹੈ, ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਚਸ਼ਮਦੀਦਾਂ ਦੇ ਅਨੁਸਾਰ ਬੌਂਡੀ ਬੀਚ 'ਤੇ ਅਚਾਨਕ ਗੋਲੀਬਾਰੀ ਦੀ ਆਵਾਜ਼ ਆਈ, ਜਿਸ ਨਾਲ ਲੋਕ ਭੱਜਣ ਲੱਗੇ। ਕਈ ਲੋਕਾਂ ਨੂੰ ਗੋਲੀ ਲੱਗਣ ਦੀ ਸੂਚਨਾ ਮਿਲੀ। ਐਂਬੂਲੈਂਸਾਂ ਅਤੇ ਐਮਰਜੈਂਸੀ ਕਰਮਚਾਰੀਆਂ ਨੂੰ ਤੁਰੰਤ ਘਟਨਾ ਸਥਾਨ 'ਤੇ ਭੇਜਿਆ ਗਿਆ, ਜਿੱਥੇ ਘੱਟੋ-ਘੱਟ ਤਿੰਨ ਜ਼ਖਮੀਆਂ ਦਾ ਮੌਕੇ 'ਤੇ ਇਲਾਜ ਕੀਤਾ ਜਾ ਰਿਹਾ ਹੈ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਇਸ ਘਟਨਾ ਨੂੰ 'ਹੈਰਾਨ ਕਰਨ ਵਾਲੀ ਅਤੇ ਬਹੁਤ ਹੀ ਦੁਖਦਾਈ' ਦੱਸਿਆ। ਉਨ੍ਹਾਂ ਮ੍ਰਿਤਕਾਂ ਦੇ ਪਰਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਅਤੇ ਕਿਹਾ ਕਿ ਸਰਕਾਰ ਸਥਿਤੀ ਦੀ ਨਿਗਰਾਨੀ ਕਰ ਰਹੀ ਹੈ। ਪੁਲਸ ਨੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਪੂਰੀ ਜਾਂਚ ਕਰ ਰਹੀ ਹੈ। ਗੋਲੀਬਾਰੀ ਦੇ ਪਿੱਛੇ ਦੇ ਉਦੇਸ਼ ਅਤੇ ਜ਼ਖਮੀਆਂ ਦੀ ਸਹੀ ਗਿਣਤੀ ਬਾਰੇ ਅਧਿਕਾਰਤ ਪੁਸ਼ਟੀ ਦੀ ਉਡੀਕ ਹੈ।



### ਦਲੇਰੀ ਦਿਖਾ ਕੇ ਦਹਿਸ਼ਤਗਰਦ ਫੜਿਆ



ਇੱਕ ਦਲੇਰ ਬੰਦੇ ਨੇ ਕਾਰਾਂ ਵਿੱਚੋਂ ਦੀ ਨਿਕਲ ਕੇ ਇੱਕ ਗੰਨਮੈਨ ਨੂੰ ਝਪਟਾ ਮਾਰ ਕੇ ਬੰਦੂਕ ਖੋਹ ਲਈ ਤੇ ਜਦੋਂ ਉਸ ਨੂੰ ਗੋਲੀ ਮਾਰਨ ਲੱਗਾ ਤਾਂ ਹਮਲਾਵਰ ਝਕਾਨੀ ਦੇ ਕੇ ਦੂਜੇ ਗੰਨਮੈਨ ਵੱਲ ਭੱਜ ਗਿਆ। ਇੱਕ ਹੋਰ ਬੰਦਾ ਵੀ ਭੱਜੇ ਜਾਂਦੇ ਹਮਲਾਵਰ ਦਾ ਪਿੱਛਾ ਕਰਦਾ ਤੇ ਉਸ 'ਤੇ ਕੁਝ ਸੁੱਟਦਾ ਨਜ਼ਰ ਆਇਆ।

## ਜ਼ਿਲ੍ਹਾ ਪ੍ਰੀਸ਼ਦ ਤੇ ਸੰਮਤੀ ਚੋਣਾਂ 'ਚ ਵੋਟਾਂ ਸ਼ਾਂਤਮਈ ਮੁਕੰਮਲ

**ਚੰਡੀਗੜ੍ਹ** : ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਲਈ ਵੋਟਾਂ ਪੈਣ ਦਾ ਕੰਮ ਮੁਕੰਮਲ ਹੋ ਗਿਆ। ਸ਼ਾਮ ਸਾਢੇ ਚਾਰ ਵਜੇ ਤੱਕ 47 ਫੀਸਦੀ ਪੋਲਿੰਗ ਦਰਜ ਕੀਤੀ ਗਈ ਤੇ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਹੋਵੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਸਮੇਤ ਸੰਗਰੂਰ ਨੇੜਲੇ ਪਿੰਡ ਮੰਗਵਾਲ ਦੇ ਪੋਲਿੰਗ ਬੂਥ 'ਤੇ ਪੁੱਜ ਕੇ ਵੋਟ ਪਾਈ। ਚੋਣ ਕਮਿਸ਼ਨ ਨੇ ਚਾਰ ਥਾਵਾਂ 'ਤੇ ਚੋਣ ਰੱਦ ਕਰ ਦਿੱਤੀ, ਜਿੱਥੇ ਮੰਗਲਵਾਰ ਨੂੰ ਮੁੜ ਵੋਟਾਂ ਪੈਣਗੀਆਂ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਚੋਣ ਕਮਿਸ਼ਨ 'ਤੇ ਧੱਕੇਸ਼ਾਹੀ ਦੇ ਦੋਸ਼ ਲਗਾਏ ਹਨ। ਬੈਲਟ ਪੇਪਰਾਂ 'ਚ ਪ੍ਰਿੰਟਿੰਗ ਦੀ ਗ਼ਲਤੀ ਕਰਕੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਖਾਸਾ ਬਲਾਕ ਸੰਮਤੀ ਦੇ ਚਾਰ ਬੂਥਾਂ 'ਤੇ ਚੋਣ ਰੱਦ ਕਰ ਦਿੱਤੀ ਗਈ। ਇਸ ਦੀ ਪੁਸ਼ਟੀ ਕਰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਖਾਸਾ ਬਲਾਕ ਸੰਮਤੀ ਦੇ ਖੇਤਰ ਵਿੱਚ ਚਾਰ ਬੂਥਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਾ ਚੋਣ ਨਿਸ਼ਾਨ ਠੀਕ ਨਹੀਂ ਸੀ, ਜਿਸ ਕਾਰਨ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਇੱਥੇ ਚੋਣ ਰੱਦ ਕਰ ਦਿੱਤੀ ਗਈ ਹੈ।



### ਦੱਸੋ ਜੀ, ਵੋਟ ਕਿਹਨੂੰ ਪਾਵਾਂ!

**ਸ਼ਾਹਕੋਟ (ਗਿਆਨ ਸੈਦਪੁਰੀ)**-ਬਲਾਕ ਸੰਮਤੀ ਸ਼ਾਹਕੋਟ ਵਿੱਚ ਵੋਟਾਂ ਪੈਣ ਦੇ ਅਮਲ ਦੌਰਾਨ ਇਸ ਪੱਤਰਕਾਰ ਨੇ ਵੱਖ-ਵੱਖ ਪਿੰਡਾਂ ਦੇ ਦੌਰੇ ਦੌਰਾਨ ਵੇਖਿਆ ਕਿ ਵੋਟਰਾਂ ਅੰਦਰ ਪੰਚਾਇਤੀ ਚੋਣਾਂ ਵਾਲਾ ਉਤਸ਼ਾਹ ਬਿਲਕੁਲ ਹੀ ਨਹੀਂ ਸੀ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਸਮਰਥਕਾਂ ਵੱਲੋਂ ਜ਼ੋਰ ਲਾਉਣ ਦੇ ਬਾਵਜੂਦ ਵੋਟਾਂ ਪੈਣ ਦੀ ਰਫਤਾਰ ਮੱਠੀ ਰਹੀ। ਨੇੜਲਾ ਪਿੰਡ ਢੰਡੋਵਾਲ ਚੋਣਾਂ ਲਈ ਸਭ ਤੋਂ ਖਰਚੀਲਾ ਪਿੰਡ ਸਮਝਿਆ ਜਾਂਦਾ ਰਿਹਾ ਹੈ। ਐਤਵਾਰ ਨੂੰ ਵੀ ਲੋਹ ਲੰਗਰ ਪੂਰੀ ਤਰ੍ਹਾਂ ਚੱਲਦੇ ਰਹੇ। ਜਾਪਦਾ ਸੀ ਕਾਂਗਰਸ ਪਾਰਟੀ ਤੇ 'ਆਪ' ਦਰਮਿਆਨ ਮੁਕਾਬਲਾ ਸਖਤ ਹੈ, ਪਰ ਵੋਟਾਂ ਪੈਣ ਦੀ ਰਫਤਾਰ ਇੱਥੇ ਵੀ ਢਿੱਲੀ ਨਜ਼ਰ ਆਈ। ਪਿੰਡ ਸ਼ੇਖੇਵਾਲ ਵਿੱਚ ਦੋਵਾਂ ਮੁੱਖ ਪਾਰਟੀਆਂ ਨੇ ਤਿੰਨ ਵਜੇ ਤੱਕ ਕੈਂਪਾਂ ਦਾ ਬੋਰੀ-ਬਿਸਤਰਾ ਲਪੇਟ ਲਿਆ ਸੀ। ਲਾਗਲੇ ਪਿੰਡ ਸਾਰੰਗਵਾਲ ਵਿੱਚ ਵੀ ਸਥਿਤੀ ਲਗਭਗ ਇਹੋ ਜਿਹੀ ਸੀ। ਇੱਕ ਪਿੰਡ ਤੋਂ ਬਿਨਾਂ ਕਿਧਰੇ ਵੀ ਆਪਸੀ ਕਸ਼ੀਦਗੀ ਨਜ਼ਰ ਨਹੀਂ ਆਈ। ਭਾਈਚਾਰਾ ਕਾਇਮ ਰੱਖਿਆ ਗਿਆ। ਪਿੰਡ ਸਲੈਚਾਂ ਵਿੱਚ ਭਾਜਪਾ ਦੇ ਕੈਂਪ ਵਿੱਚ ਪਰਚੀਆਂ ਕੱਟ ਰਹੇ ਜਸਵਿੰਦਰ ਸਿੰਘ ਮਿਰਜ਼ਾ ਨੇ ਕਿਹਾ ਕਿ ਸਬੱਬ ਨਾਲ ਸੋਮਵਾਰ ਨੂੰ ਸੰਗਰਾਂਦ ਹੈ। ਗੁਰਦੁਆਰਾ ਸਾਹਿਬ ਵਿੱਚ ਪਿੰਡ ਦਾ ਭਾਈਚਾਰਾ ਨਤਮਸਤਕ ਹੋਵੇਗਾ। ਇਸੇ ਦੌਰਾਨ ਕੁਝ ਥਾਵਾਂ 'ਤੇ ਲਾਲ ਪਰੀ ਆਪਣਾ ਰੰਗ ਦਿਖਾਉਂਦੀ ਨਜ਼ਰ ਆਈ।ਲੋਰ 'ਚ ਆਇਆ ਇੱਕ ਵਿਅਕਤੀ ਉਂਗਲੀ 'ਤੇ ਲੱਗਾ ਨਿਸ਼ਾਨ ਵਿਖਾਉਂਦਾ ਕਹਿ ਰਿਹਾ ਸੀ ਕਿ ਉਹ ਵੋਟ 'ਫਲਾਣੇ' ਉਮੀਦਵਾਰ ਨੂੰ ਪਾ ਕੇ ਆਇਆ ਹੈ। ਅਗਲੇ ਹੀ ਪਲ ਕਿਸੇ ਹੋਰ ਵਿਅਕਤੀ ਨੂੰ ਇਹ ਕਹਿੰਦਾ ਸੁਣਿਆ ਗਿਆ ਕਿ ਅਸੀਂ ਤੁਹਾਡੇ ਬੰਦੇ ਹਾਂ, ਦੱਸੋ ਵੋਟ ਕਿਹਨੂੰ ਪਾਵਾਂ?



ਮੁੱਖ ਮੰਤਰੀ ਭਗਵੰਤ ਮਾਨ ਨੇ ਸੰਗਰੂਰ ਨੇੜਲੇ ਪਿੰਡ ਮੰਗਵਾਲ ਵਿਖੇ ਵੋਟ ਪਾਈ।

## ਚੋਣ ਡਿਊਟੀ 'ਤੇ ਜਾ ਰਹੇ ਪਤੀ-ਪਤਨੀ ਦੀ ਹਾਦਸੇ 'ਚ ਮੌਤ

**ਮੋਗਾ (ਇਕਬਾਲ ਸਿੰਘ ਖਹਿਰਾ)**

ਪਿੰਡ ਸੰਗਤਪੁਰਾ ਨੇੜੇ ਇੱਕ ਸੂਏ ਵਿੱਚ ਕਾਰ ਡਿੱਗਣ ਕਾਰਨ ਦੋ ਜਣਿਆਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਜਸਕਰਨ ਸਿੰਘ ਵਾਸੀ ਮਾਨਸਾ, ਜੋ ਹੁਣ ਧੂੜਕੋਟ ਰਣਸੀਂਹ ਰਹਿੰਦੇ ਸਨ, ਸਵੇਰੇ 6 ਵਜੇ ਆਪਣੀ ਪਤਨੀ ਟੀਚਰ ਕਮਲਜੀਤ ਕੌਰ ਨੂੰ ਮਾੜੀ ਮੁਸਤਫਾ ਡਿਊਟੀ 'ਤੇ ਛੱਡਣ ਜਾ ਰਿਹਾ ਸੀ। ਸਵੇਰ ਵੇਲੇ ਧੁੰਦ ਹੋਣ ਕਾਰਨ ਉਨ੍ਹਾਂ ਦੀ ਕਾਰ ਸੂਏ ਵਿੱਚ ਪਲਟ ਗਈ, ਜਿਸ ਕਾਰਨ ਪਤੀ-ਪਤਨੀ ਦੀ ਮੌਤ ਹੋ ਗਈ।ਜਦੋਂ ਕਾਰ ਸੂਏ ਵਿੱਚ ਡਿੱਗੀ ਤਾਂ ਰਾਹਗੀਰਾਂ ਵੱਲੋਂ ਇਕੱਠੇ ਹੋ ਕੇ ਬੜੀ ਮੁਸ਼ੱਕਤ ਨਾਲ ਉਨ੍ਹਾਂ ਨੂੰ ਗੱਡੀ 'ਚੋਂ ਬਾਹਰ ਕੱਢਿਆ ਗਿਆ ਅਤੇ ਬੇਹੋਸ਼ੀ ਦੀ ਹਾਲਤ ਵਿੱਚ ਉਹਨਾਂ ਨੂੰ ਬਾਘਾ ਪੁਰਾਣਾ ਦੇ ਸਿਵਲ ਹਸਪਤਾਲ ਵਿਖੇ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਹਨਾਂ ਨੂੰ ਮ੍ਰਿਤਕ ਘੋਸ਼ਿਤ ਕੀਤਾ ਗਿਆ। ਡੀ ਟੀ ਐੱਫ ਦੇ ਆਗੂ ਦਿਗਵਿਜੇ ਸ਼ਰਮਾ ਨੇ ਦੱਸਿਆ ਕਿ ਜਸਕਰਨ ਸਿੰਘ ਪਿੰਡ ਖੋਸਾ ਵਿਖੇ ਬਤੌਰ ਅੰਗਰੇਜ਼ੀ ਟੀਚਰ ਡਿਊਟੀ ਕਰਦੇ ਸਨ, ਜਦੋਂ ਕਿ ਉਨ੍ਹਾ ਦੀ ਪਤਨੀ ਕਮਲਜੀਤ ਕੌਰ ਖੋਟੇ ਪਿੰਡ ਵਿੱਚ ਪੜ੍ਹਾਉਂਦੀ ਸੀ।



## ਨਿਤਿਨ ਨਬੀਨ ਭਾਜਪਾ ਦੇ ਕਾਰਜਕਾਰੀ ਪ੍ਰਧਾਨ



**ਨਵੀਂ ਦਿੱਲੀ** : ਬਿਹਾਰ ਦੇ ਮੰਤਰੀ ਨਿਤਿਨ ਨਬੀਨ (45) ਨੂੰ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਹੈ। ਕੌਮੀ ਜਨਰਲ ਸਕੱਤਰ ਅਰੁਣ ਸਿੰਘ ਨੇ ਦੱਸਿਆ ਕਿ ਭਾਜਪਾ ਦੇ ਸੰਸਦੀ ਬੋਰਡ ਨੇ ਇਹ ਫੈਸਲਾ ਕੀਤਾ। 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪ੍ਰਧਾਨ ਜੇ ਪੀ ਨੱਢਾ ਨੂੰ ਸਿਹਤ ਮੰਤਰੀ ਬਣਾ ਦਿੱਤਾ ਗਿਆ ਸੀ ਤੇ ਉਦੋਂ ਤੋਂ ਨਵੇਂ ਪ੍ਰਧਾਨ ਦੀ ਚੋਣ ਕੀਤੀ ਜਾ ਰਹੀ ਸੀ। 2024 ਵਿੱਚ ਪ੍ਰਧਾਨ ਬਣੇ ਨੱਢਾ ਦਾ ਕਾਰਜਕਾਲ ਜੂਨ 2024 ਵਿੱਚ ਖਤਮ ਹੋ ਗਿਆ ਸੀ। ਨਬੀਨ ਨਵੇਂ ਪ੍ਰਧਾਨ ਦੀ ਚੋਣ ਤੱਕ ਕੰਮ ਸੰਭਾਲਣਗੇ।

### ਰੋਡਵੇਜ਼ ਤੇ ਸਕੂਲ ਬੱਸ ਦੀ ਟੱਕਰ 'ਚ ਇੱਕ ਵਿਦਿਆਰਥਣ ਦੀ ਮੌਤ, 18 ਜ਼ਖ਼ਮੀ

**ਚਰਖੀ ਦਾਦਰੀ** : ਹਰਿਆਣਾ ਦੇ ਚਰਖੀ ਦਾਦਰੀ ਜ਼ਿਲ੍ਹੇ ਵਿਚ ਐਤਵਾਰ ਸਵੇਰੇ ਦਾਦਰੀ-ਬਿਰੋਹੜ ਰੋਡ 'ਤੇ ਪਿੰਡ ਭਾਗਵੀ ਨੇੜੇ ਹਰਿਆਣਾ ਰੋਡਵੇਜ਼ ਦੀ ਬੱਸ ਤੇ ਇਕ ਨਿੱਜੀ ਸਕੂਲ ਬੱਸ ਦੀ ਆਹਮੋ ਸਾਹਮਣੀ ਜ਼ੋਰਦਾਰ ਟੱਕਰ ਹੋ ਗਈ। ਹਾਦਸਾ ਇੰਨਾ ਜ਼ਬਰਦਸਤ ਸੀ ਕਿ ਰੋਡਵੇਜ਼ ਬੱਸ ਦੀ ਟੱਕਰ ਨਾਲ ਨਿੱਜੀ ਸਕੂਲ ਬੱਸ ਦੇ ਪਰਖੱਚੇ ਉੱਡ ਗਏ। ਇਸ ਦਰਦਨਾਕ ਹਾਦਸੇ ਵਿੱਚ ਦਾਦਰੀ ਸ਼ਹਿਰ ਦੇ ਆਰੀਅਨ ਸਕੂਲ ਵਿੱਚ 11ਵੀਂ ਜਮਾਤ ਦੀ ਵਿਦਿਆਰਥਣ ਇਸ਼ੀਕਾ (ਪੁੱਤਰੀ ਵਿਜੈ ਕੁਮਾਰ) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ 18 ਹੋਰ ਸਕੂਲੀ ਵਿਦਿਆਰਥਣਾਂ ਗੰਭੀਰ ਜ਼ਖ਼ਮੀ ਹੋ ਗਈਆਂ। ਇਸ ਤੋਂ ਇਲਾਵਾ ਤਿੰਨ ਅਧਿਆਪਕ, ਰੋਡਵੇਜ਼ ਬੱਸ ਅਤੇ ਸਕੂਲ ਬੱਸ ਦੇ ਡਰਾਈਵਰ ਅਤੇ ਕੰਡਕਟਰ ਅਤੇ ਦੋ ਹੋਰ ਸਵਾਰੀਆਂ ਵੀ ਜ਼ਖਮੀ ਹੋ ਗਈਆਂ। ਜਾਣਕਾਰੀ ਅਨੁਸਾਰ ਆਰੀਅਨ ਸਕੂਲ ਦੀ ਬੱਸ ਬੱਚਿਆਂ ਨੂੰ ਪ੍ਰਤਾਪਗੜ੍ਹ ਦੇ ਵਿਦਿਅਕ ਦੌਰੇ 'ਤੇ ਲੈ ਕੇ ਜਾ ਰਹੀ ਸੀ ਜਦੋਂ ਇਹ ਹਾਦਸਾ ਵਾਪਰਿਆ।

### ਕਈ ਵਾਹਨ ਟਕਰਾਏ, ਇਕ ਮੌਤ

**ਮਹਿਮ (ਰੋਹਤਕ)** : ਇੱਥੇ ਮਹਿਮ ਵਿਚ ਹਿਸਾਰ, ਦਿੱਲੀ ਤੇ ਰੋਹਤਕ ਭਿਵਾਨੀ ਰੋਡ ਦੇ ਚੌਰਾਹੇ 'ਤੇ ਐਤਵਾਰ ਸਵੇਰੇ ਧੁੰਦ ਕਰਕੇ ਕਈ ਵਾਹਨ ਟਕਰਾਅ ਗਏ। ਇੱਕ ਕਾਰ ਸਵਾਰ ਦੀ ਮੌਤ ਹੋ ਗਈ ਤੇ ਦਰਜਨਾਂ ਜ਼ਖ਼ਮੀ ਹੋ ਗਏ।

## ਮੋਦੀ ਦਾ ਕਾਨਫੀਡੈਂਸ ਖਤਮ ਤੇ ਸ਼ਾਹ ਦੇ ਹੱਥ ਕੰਬਦੇ : ਰਾਹੁਲ



**ਨਵੀਂ ਦਿੱਲੀ** : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਸੱਚ 'ਤੇ ਪਹਿਰਾ ਦੇ ਕੇ ਨਰਿੰਦਰ ਮੋਦੀ ਤੇ ਆਰ ਐੱਸ ਐੱਸ ਸਰਕਾਰ ਨੂੰ ਸੱਤਾ ਤੋਂ ਲਾਹ ਦੇਣਗੇ। ਨਵੀਂ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ 'ਵੋਟ ਚੋਰੀ' ਵਿਰੁੱਧ ਕਾਂਗਰਸ ਰੈਲੀ ਵਿੱਚ ਰਾਹੁਲ ਨੇ ਕਿਹਾ ਕਿ ਭਾਜਪਾ ਕੋਲ ਸੱਤਾ ਤੇ ਸ਼ਕਤੀ ਹੈ ਤੇ ਉਹ ਵੋਟ ਚੋਰੀ ਵਿੱਚ ਸ਼ਾਮਲ ਹਨ। ਭਾਜਪਾ ਨੇ ਬਿਹਾਰ ਵਿੱਚ ਚੋਣਾਂ ਦੌਰਾਨ ਪ੍ਰਤੀ ਮਹਿਲਾ ਨੂੰ 10,000 ਰੁਪਏ ਦਿੱਤੇ, ਪਰ ਚੋਣ ਕਮਿਸ਼ਨ ਨੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ।

ਉਹਨਾ ਕਿਹਾ ਕਿ ਸੱਚ ਅਤੇ ਝੂਠ ਦੀ ਇਸ ਲੜਾਈ ਵਿੱਚ ਚੋਣ ਕਮਿਸ਼ਨ ਭਾਜਪਾ ਸਰਕਾਰ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਮੋਦੀ ਸਰਕਾਰ ਨੇ ਚੋਣ ਕਮਿਸ਼ਨ ਨੂੰ ਛੋਟ ਦੇਣ ਲਈ ਨਵਾਂ ਕਾਨੂੰਨ ਲਿਆਂਦਾ, ਪਰ ਉਹ ਇਸ ਕਾਨੂੰਨ ਨੂੰ ਬਦਲਣਗੇ ਅਤੇ ਚੋਣ ਕਮਿਸ਼ਨਰਾਂ ਵਿਰੁੱਧ ਕਾਰਵਾਈ ਕਰਨਗੇ। ਇਸ ਵਿੱਚ ਸਮਾਂ ਲੱਗ ਸਕਦਾ ਹੈ, ਪਰ ਜਿੱਤ ਸੱਚਾਈ ਦੀ ਹੀ ਹੋਵੇਗੀ। ਉਹ ਮੋਦੀ ਸਰਕਾਰ ਨੂੰ ਹਰਾਉਣ ਲਈ ਸੱਚ ਤੇ ਅਹਿੰਸਾ ਦੇ ਮਾਰਗ 'ਤੇ ਚੱਲਣਗੇ। ਉਨ੍ਹਾ ਚੋਣ ਕਮਿਸ਼ਨ ਨੂੰ ਕਿਹਾ ਕਿ ਉਸ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਦੇਸ਼ ਦਾ ਚੋਣ ਕਮਿਸ਼ਨ ਹਨ, ਮੋਦੀ ਸਰਕਾਰ ਦਾ ਨਹੀਂ। ਉਨ੍ਹਾ ਕਿਹਾ ਕਿ ਉਹ ਇਸ ਵਰਤਾਰੇ ਖ਼ਿਲਾਫ਼ ਆਵਾਜ਼ ਉਠਾਉਣਗੇ। ਉਨ੍ਹਾ ਭਾਜਪਾ ਸਰਕਾਰ ਦੀਆਂ ਨੀਤੀਆਂ ਦੀ ਨਿਖੇਧੀ ਕੀਤੀ। ਰਾਹੁਲ ਨੇ ਕਿਹਾ ਕਿ ਮੋਦੀ ਜੀ ਦਾ ਕਾਨਫੀਡੈਂਸ ਖਤਮ ਹੋ ਗਿਆ ਹੈ ਤੇ ਸ਼ਾਹ ਦੇ ਹੱਥ ਕੰਬਦੇ ਹਨ, ਕਿਉਂਕਿ ਉਨ੍ਹਾ ਦੀ 'ਵੋਟ ਚੋਰੀ' ਫੜੀ ਗਈ ਹੈ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ 'ਵੋਟ ਚੋਰੀ' ਕਰਨ ਵਾਲੇ ਗੱਦਾਰ ਹਨ, ਪਰ ਵੋਟ ਦੇ ਹੱਕ ਅਤੇ ਸੰਵਿਧਾਨ ਨੂੰ ਬਚਾਉਣ ਲਈ ਉਨ੍ਹਾਂ ਨੂੰ ਸੱਤਾ ਤੋਂ ਹਟਾਉਣ ਦੀ ਲੋੜ ਹੈ। ਖੜਗੇ ਨੇ ਕਿਹਾ ਕਿ ਸਾਰੇ ਭਾਰਤੀਆਂ ਦਾ ਫਰਜ਼ ਹੈ ਕਿ ਉਹ ਇਕੱਠੇ ਹੋ ਕੇ ਕਾਂਗਰਸ ਦੀ ਵਿਚਾਰਧਾਰਾ ਨੂੰ ਮਜ਼ਬੂਤ ਕਰਨ, ਕਿਉਂਕਿ ਸਿਰਫ਼ ਇਹ ਹੀ ਪਾਰਟੀ ਦੇਸ਼ ਨੂੰ ਬਚਾ ਸਕਦੀ ਹੈ। ਉਨ੍ਹਾ ਦੋਸ਼ ਲਾਇਆ ਕਿ ਆਰ ਐੱਸ ਐੱਸ ਦੀ ਵਿਚਾਰਧਾਰਾ ਦੇਸ਼ ਨੂੰ ਖਤਮ ਕਰ ਦੇਵੇਗੀ। ਖੜਗੇ ਨੇ ਕਿਹਾ, 'ਭਾਜਪਾ ਦੇ ਲੋਕ ਗੱਦਾਰ ਅਤੇ ਡਰਾਮੇਬਾਜ਼ ਹਨ। ਇਸ ਕਰ ਕੇ ਉਨ੍ਹਾਂ ਨੂੰ ਸੱਤਾ ਤੋਂ ਹਟਾਉਣ ਦੀ ਲੋੜ ਹੈ।' ਕਾਂਗਰਸ ਪ੍ਰਧਾਨ ਨੇ ਕਿਹਾ ਕਿ ਉਹ ਬੈਂਗਲੁਰੂ ਵਿੱਚ ਆਪਣੇ ਪੁੱਤਰ ਦੇ ਅਪਰੇਸ਼ਨ ਦੌਰਾਨ ਨਹੀਂ ਗਏ ਅਤੇ ਅੱਜ ਦੀ ਰੈਲੀ ਵਿੱਚ ਇਸ ਕਰ ਕੇ ਸ਼ਾਮਲ ਹੋਏ ਹਨ, ਕਿਉਂਕਿ ਉਨ੍ਹਾ ਨੂੰ ਲੱਗਦਾ ਸੀ ਕਿ ਇਸ ਵੇਲੇ 140 ਕਰੋੜ ਲੋਕਾਂ ਨੂੰ ਬਚਾਉਣਾ ਮਹੱਤਵਪੂਰਨ ਹੈ।

## ਮੈਸੀ ਥਲ ਸੈਨਾ ਮੁਖੀ ਤੇ ਚੀਫ ਜਸਟਿਸ ਨੂੰ ਵੀ ਮਿਲੇਗਾ



**ਨਵੀਂ ਦਿੱਲੀ** : ਅਰਜਨਟੀਨਾ ਦਾ ਸਟਾਰ ਫੁਟਬਾਲਰ ਲਿਓਨਲ ਮੈਸੀ ਭਾਰਤ ਦੀ ਆਪਣੀ ਤਿੰਨ ਰੋਜ਼ਾ ਫੇਰੀ ਦੇ ਆਖਰੀ ਪੜਾਅ ਤਹਿਤ ਸੋਮਵਾਰ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇਲਾਵਾ ਇਕ ਸੰਸਦ ਮੈਂਬਰ ਦੀ ਸਰਕਾਰੀ ਰਿਹਾਇਸ਼ 'ਤੇ ਥਲ ਸੈਨਾ ਮੁਖੀ ਤੇ ਭਾਰਤ ਦੇ ਚੀਫ ਜਸਟਿਸ ਨੂੰ ਵੀ ਮਿਲੇਗਾ। ਮੰਨਿਆ ਜਾਂਦਾ ਹੈ ਕਿ ਇਹ ਸੰਸਦ ਮੈਂਬਰ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਨੇਤਾ ਪ੍ਰਫੁੱਲ ਪਟੇਲ ਹਨ, ਜਿਹੜੇ ਤਿੰਨ ਵਾਰ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ (1966) ਦੇ ਪ੍ਰਧਾਨ ਰਹੇ।

ਮੈਸੀ ਸੋਮਵਾਰ ਸਵੇਰੇ 10.45 ਵਜੇ ਦਿੱਲੀ ਪਹੁੰਚੇਗਾ ਅਤੇ ਇੱਕ ਹੋਟਲ ਵਿੱਚ 50 ਮਿੰਟ ਦੇ 'ਮੀਟ ਐਂਡ ਗ੍ਰੀਟ' ਸੈਸ਼ਨ ਤੋਂ ਬਾਅਦ ਪ੍ਰਧਾਨ ਮੰਤਰੀ ਨਿਵਾਸ ਜਾਵੇਗਾ, ਜਿੱਥੇ ਉਹ ਮੋਦੀ ਨਾਲ 20 ਮਿੰਟ ਗੱਲਬਾਤ ਕਰੇਗਾ। ਮੈਸੀ ਦਾ ਅਗਲਾ ਪੜਾਅ ਇੱਕ ਸੰਸਦ ਮੈਂਬਰ ਦਾ ਨਿਵਾਸ ਹੋਵੇਗਾ, ਜਿੱਥੇ ਉਹ ਭਾਰਤ ਵਿੱਚ ਅਰਜਨਟੀਨਾ ਦੇ ਰਾਜਦੂਤ ਮਾਰੀਆਨੋ ਅਗਸਟਿਨ ਕੌਸੀਨੋ, ਚੀਫ ਜਸਟਿਸ ਜਸਟਿਸ ਸੂਰੀਆ ਕਾਂਤ ਅਤੇ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੂੰ ਮਿਲੇਗਾ। ਈ ਡੀ ਦੇ ਮੁਖੀ ਰਾਹੁਲ ਨਵੀਨ ਦੇ ਵੀ ਸੰਸਦ ਮੈਂਬਰ ਦੇ ਘਰ ਚੋਣਵੇਂ ਇਕੱਠ ਦਾ ਹਿੱਸਾ ਬਣਨ ਦੀ ਸੰਭਾਵਨਾ ਹੈ। ਉਸ ਤੋਂ ਬਾਅਦ ਮੈਸੀ ਦਾ ਕਾਫਲਾ ਫਿਰੋਜ਼ਸ਼ਾਹ ਕੋਟਲਾ ਸਟੇਡੀਅਮ ਲਈ ਰਵਾਨਾ ਹੋਵੇਗਾ।

### ਮੈਸੀ ਸਮਾਗਮ ਦੇ ਮੁੱਖ ਪ੍ਰਬੰਧਕ ਨੂੰ ਨਹੀਂ ਮਿਲੀ ਜ਼ਮਾਨਤ

**ਕੋਲਕਾਤਾ** : ਇੱਥੋਂ ਦੀ ਇੱਕ ਅਦਾਲਤ ਨੇ ਸਾਲਟ ਲੇਕ ਸਟੇਡੀਅਮ ਵਿੱਚ ਲਿਓਨਲ ਮੈਸੀ ਦੇ ਸਮਾਗਮ ਦੇ ਮੁੱਖ ਪ੍ਰਬੰਧਕ ਸਤਾਦਰੂ ਦੱਤਾ ਨੂੰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਹੈ ਤੇ ਉਸ ਨੂੰ 14 ਦਿਨਾਂ ਦੀ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਸ਼ਨਿੱਚਰਵਾਰ ਨੂੰ ਸਟੇਡੀਅਮ ਵਿਚ ਮੈਸੀ ਦੇ ਸਮਾਗਮ ਦੌਰਾਨ ਪ੍ਰਸ਼ੰਸਕਾਂ ਵੱਲੋਂ ਭਾਰੀ ਹੰਗਾਮਾ ਕੀਤਾ ਗਿਆ ਸੀ। ਦੱਤਾ ਨੂੰ ਇਸ ਪ੍ਰੋਗਰਾਮ ਦੇ 'ਮਾੜੇ ਪ੍ਰਬੰਧ' ਲਈ ਸ਼ਨਿੱਚਰਵਾਰ ਨੂੰ ਵਿਧਾਨ ਨਗਰ ਪੁਲਸ ਨੇ ਕੋਲਕਾਤਾ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਸੀ। ਦੱਤਾ ਵੱਲੋਂ ਪੇਸ਼ ਹੋਏ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੇ ਮੁਵੱਕਲ ਨੂੰ 'ਫਸਾਇਆ' ਜਾ ਰਿਹਾ ਹੈ। ਸਾਨੂੰ ਉਮੀਦ ਹੈ ਕਿ ਅਗਲੇ 14 ਦਿਨਾਂ ਵਿੱਚ ਪੁਲਸ ਜਾਂਚ 'ਚ ਵਧੇਰੇ ਸਪੱਸ਼ਟਤਾ ਲਿਆਏਗੀ।"

### ਬੰਗਲਾਦੇਸ਼ ਦੇ ਦਾਅਵੇ ਰੱਦ

**ਨਵੀਂ ਦਿੱਲੀ** : ਭਾਰਤ ਨੇ ਐਤਵਾਰ ਨੂੰ ਕਿਹਾ ਕਿ ਉਸ ਨੇ ਕਦੇ ਵੀ ਆਪਣੇ ਖੇਤਰ ਨੂੰ ਬੰਗਲਾਦੇਸ਼ ਦੇ ਹਿੱਤਾਂ ਵਿਰੁੱਧ ਗਤੀਵਿਧੀਆਂ ਲਈ ਵਰਤਣ ਦੀ ਇਜਾਜ਼ਤ ਨਹੀਂ ਦਿੱਤੀ। ਭਾਰਤ ਦੀ ਪ੍ਰਤੀਕਿਰਿਆ ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਵੱਲੋਂ ਢਾਕਾ ਵਿੱਚ ਭਾਰਤੀ ਰਾਜਦੂਤ ਪ੍ਰਣਯ ਵਰਮਾ ਨੂੰ ਤਲਬ ਕਰਨ ਤੇ ਭਾਰਤੀ ਧਰਤੀ ਤੋਂ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਭੜਕਾਊ ਬਿਆਨਾਂ 'ਤੇ ਚਿੰਤਾ ਪ੍ਰਗਟ ਕਰਨ ਤੋਂ ਕੁਝ ਘੰਟਿਆਂ ਬਾਅਦ ਆਈ ਹੈ।

### ਅਨਿਲ ਵਿੱਜ ਦੀ ਗੱਡੀ 'ਚ ਗੱਡੀ ਵੱਜੀ




**ਅੰਬਾਲਾ** : ਹਰਿਆਣਾ ਦੇ ਟਰਾਂਸਪੋਰਟ ਤੇ ਬਿਜਲੀ ਮੰਤਰੀ ਅਨਿਲ ਵਿੱਜ ਐਤਵਾਰ ਵਾਲ-ਵਾਲ ਬਚੇ, ਜਦੋਂ ਇੱਕ ਵਾਹਨ ਉਨ੍ਹਾ ਦੇ ਸੁਰੱਖਿਆ ਕਾਫਲੇ ਵਿੱਚ ਵੜ ਗਿਆ ਅਤੇ ਉਨ੍ਹਾ ਦੀ ਕਾਰ ਨੂੰ ਸਿੱਧੀ ਟੱਕਰ ਮਾਰ ਦਿੱਤੀ। ਵਿੱਜ ਦੇ ਅੱਗੇ ਅਤੇ ਪਿੱਛੇ ਸੁਰੱਖਿਆ ਵਾਹਨਾਂ ਦਾ ਕਾਫਲਾ ਚੱਲ ਰਿਹਾ ਸੀ, ਪਰ ਪੜਾਵ ਇਲਾਕੇ ਵਿੱਚ ਇੱਕ ਕਾਲੇ ਰੰਗ ਦੀ ਗੱਡੀ ਨੇ ਸੁਰੱਖਿਆ ਘੇਰਾ ਤੋੜ ਦਿੱਤਾ ਅਤੇ ਸਿੱਧੀ ਮੰਤਰੀ ਦੀ ਕਾਰ ਵਿੱਚ ਵੱਜੀ। ਵਿੱਜ ਨੂੰ ਕੋਈ ਸੱਟ ਨਹੀਂ ਲੱਗੀ। ਕਾਫਲੇ ਦੇ ਕਮਾਂਡੋਜ਼ ਨੇ ਗੱਡੀ ਨੂੰ ਘੇਰ ਲਿਆ। ਜਾਂਚ ਤੋਂ ਪਤਾ ਲੱਗਾ ਕਿ ਡਰਾਈਵਰ ਹਰਿਆਣਾ ਪੁਲਸ ਦੀ ਸਪੈਸ਼ਲ ਟਾਸਕ ਫੋਰਸ ਦਾ ਮੈਂਬਰ ਸੀ। ਪੁਲਸ ਨੇ ਐੱਫ ਆਈ ਆਰ ਦਰਜ ਕਰ ਲਈ ਹੈ।

## ਅੱਜ-ਨਾਮਾ

ਯਾਦ ਪੰਜਾਬ ਦੀ ਕੈਪਟਨ ਨੂੰ ਫੇਰ ਆਈ,
ਲੱਗਿਆ ਛੱਡਣ ਹਨੇਰੇ ਵਿੱਚ ਤੀਰ ਬੇਲੀ।
ਕਹਿੰਦਾ ਭਾਜਪਾ ਅੰਦਰ ਨਹੀਂ ਪੁੱਛ ਸਾਡੀ,
ਲੱਗਦੀ ਸਿਰੇ ਨਹੀਂ ਕੋਈ ਤਦਬੀਰ ਬੇਲੀ।
ਅਕਾਲੀਆਂ ਨਾਲ ਆ ਜੋੜ ਦੀ ਗੱਲ ਛੋਹੀ,
ਲੱਗਿਆ ਲੱਗਣ ਹੈ ਚੰਗਾ ਸੁਖਬੀਰ ਬੇਲੀ।
ਸਿੱਧੂ ਨਵਜੋਤ ਦੀ ਭੰਡੀ ਉਸ ਕਰੀ ਜਿੱਦਾਂ,
ਕੀਤੀ ਆ ਗੱਲਾਂ ਵਿੱਚ ਓਸ ਅਖੀਰ ਬੇਲੀ।
ਪੁੱਛਿਆ ਆਪਣੇ ਕਿਰਦਾਰ ਦਾ ਜਦੋਂ ਲੇਖਾ,
ਗੱਲ ਨੂੰ ਗੱਲਾਂ ਦੇ ਵਿੱਚ ਗਿਆ ਰੋਲ ਬੇਲੀ।
ਭੁੱਲ ਇਤਹਾਸ ਗਿਆ ਭਾਜਪਾ ਵੱਲ ਰਾਜਾ,
ਹੋਇਆ ਓਥੇ ਵੀ ਦਿੱਸੇ ਜਿਉਂ ਗੋਲ ਬੇਲੀ।

-ਤੀਸ ਮਾਰ ਖਾਂ

## ਕਸ਼ਮੀਰ 'ਚ ਬਰਫ਼ਬਾਰੀ ਨਾਲ ਪਾਰਾ ਡਿੱਗਾ



**ਸ੍ਰੀਨਗਰ** : ਕਸ਼ਮੀਰ ਖੇਤਰ ਦੇ ਉੱਚੇ ਇਲਾਕਿਆਂ ਵਿੱਚ ਕਈ ਥਾਵਾਂ 'ਤੇ ਲੰਘੀ ਰਾਤ ਹੋਈ ਬਰਫ਼ਬਾਰੀ ਕਾਰਨ ਦਸੰਬਰ ਮਹੀਨੇ ਪਹਿਲੀ ਵਾਰ ਰਾਤ ਦਾ ਤਾਪਮਾਨ ਜਮਾਊ ਦਰਜੇ ਤੋਂ ਹੇਠਾਂ ਚਲਾ ਗਿਆ। ਮੌਸਮ ਵਿਭਾਗ ਨੇ 20-21 ਦਸੰਬਰ ਨੂੰ 'ਚਿਲੈ ਕਲਾਂ' ਦੇ ਸ਼ੁਰੂ ਹੋਣ 'ਤੇ ਵਾਦੀ ਵਿਚ ਵੱਖ-ਵੱਖ ਥਾਵਾਂ 'ਤੇ ਹਲਕੇ ਮੀਂਹ ਜਾਂ ਬਰਫ਼ਬਾਰੀ ਦੀ ਪੇਸ਼ੀਨਗੋਈ ਕੀਤੀ ਹੈ। ਜੰਮੂ-ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ ਵਿੱਚ ਸ੍ਰੀਨਗਰ-ਦਰਾਸ ਧੁਰੇ ਦੇ ਨਾਲ ਜ਼ੋਜਿਲਾ ਪਾਸ, ਮੀਨਾਮਾਰਗ ਅਤੇ ਬਾਲਟਾਲ ਵਿੱਚ ਬਰਫ਼ਬਾਰੀ ਦੀਆਂ ਰਿਪੋਰਟਾਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਬਾਂਦੀਪੋਰਾ ਜ਼ਿਲ੍ਹੇ ਦੀ ਗੁਰੇਜ਼ ਘਾਟੀ ਦੇ ਤੁਲੈਲ ਵਿਚ ਵੀ ਬਰਫ਼ਬਾਰੀ ਹੋਈ ਹੈ। ਇਸ ਸਾਲ ਦਸੰਬਰ ਵਿੱਚ ਪਹਿਲੀ ਵਾਰ ਜੰਮੂ-ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਵਿੱਚ ਸ਼ੁੱਕਰਵਾਰ ਰਾਤ ਨੂੰ ਮਨਫ਼ੀ 2.9 ਡਿਗਰੀ ਸੈਲਸੀਅਸ ਦੇ ਮੁਕਾਬਲੇ ਘੱਟੋ-ਘੱਟ ਤਾਪਮਾਨ 2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ ਕਰੀਬ ਪੰਜ ਡਿਗਰੀ ਵੱਧ ਹੈ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਸਮੇਂ ਰਾਤ ਦਾ ਤਾਪਮਾਨ ਆਮ ਨਾਲੋਂ 3.2 ਡਿਗਰੀ ਵੱਧ ਸੀ। ਪੁਲਵਾਮਾ ਜੰਮੂ-ਕਸ਼ਮੀਰ ਦਾ ਸਭ ਤੋਂ ਠੰਢਾ ਸਥਾਨ ਸੀ, ਜਿੱਥੇ ਘੱਟੋ-ਘੱਟ ਤਾਪਮਾਨ ਮਨਫ਼ੀ 2.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਹ ਇੱਕੋ ਇੱਕ ਜਗ੍ਹਾ ਸੀ ਜਿੱਥੇ ਘੱਟੋ-ਘੱਟ ਤਾਪਮਾਨ ਜਮਾਊ ਦਰਜੇ ਤੋਂ ਹੇਠਾਂ ਸੀ। ਦਿਨ ਦੇ ਸ਼ੁਰੂਆਤੀ ਘੰਟਿਆਂ ਵਿੱਚ ਸ੍ਰੀਨਗਰ ਅਤੇ ਵਾਦੀ ਦੇ ਬਹੁਤੇ ਹਿੱਸਿਆਂ ਵਿੱਚ ਧੁੰਦ ਦੀ ਇੱਕ ਮੋਟੀ ਪਰਤ ਛਾਈ ਹੋਈ ਸੀ। ਦੱਖਣੀ ਕਸ਼ਮੀਰ ਵਿੱਚ ਕਾਜ਼ੀਗੁੰਡ ਅਤੇ ਕੋਕਰਨਾਗ ਵਿੱਚ ਘੱਟੋ-ਘੱਟ ਤਾਪਮਾਨ 0.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਉੱਤਰੀ ਕਸ਼ਮੀਰ ਦੇ ਕੁਪਵਾੜਾ ਵਿੱਚ ਘੱਟੋ-ਘੱਟ ਤਾਪਮਾਨ 1.2 ਡਿਗਰੀ ਸੈਲਸੀਅਸ ਰਿਹਾ। ਗੁਲਮਰਗ ਵਿੱਚ ਘੱਟੋ-ਘੱਟ ਤਾਪਮਾਨ 1.4 ਡਿਗਰੀ ਸੈਲਸੀਅਸ ਰਿਹਾ, ਜਦੋਂ ਕਿ ਦੱਖਣੀ ਕਸ਼ਮੀਰ ਵਿੱਚ ਅਮਰਨਾਥ ਯਾਤਰਾ ਦੇ ਬੇਸ ਕੈਂਪਾਂ ਵਿੱਚੋਂ ਇੱਕ ਪਹਿਲਗਾਮ ਵਿੱਚ ਘੱਟੋ-ਘੱਟ ਤਾਪਮਾਨ 2.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਕਸ਼ਮੀਰ 'ਚਿਲੈ ਕਲਾਂ' ਵੱਲ ਵਧ ਰਿਹਾ ਹੈ। ਇਹ 40 ਦਿਨਾਂ ਦਾ ਸਭ ਤੋਂ ਸਖ਼ਤ ਸਰਦੀਆਂ ਦਾ ਸਮਾਂ ਹੈ, ਜੋ 21 ਦਸੰਬਰ ਨੂੰ ਸ਼ੁਰੂ ਹੁੰਦਾ ਹੈ ਅਤੇ ਜਦੋਂ ਬਰਫ਼ਬਾਰੀ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ ਅਤੇ ਪਾਰਾ ਕਾਫ਼ੀ ਘਟ ਜਾਂਦਾ ਹੈ।

## ਜਲੰਧਰ ਵਿੱਚ ਧਮਾਕਾ; ਇਕ ਮੌਤ, ਦੋ ਗੰਭੀਰ ਜ਼ਖ਼ਮੀ



**ਜਲੰਧਰ (ਸੁਰਿੰਦਰ ਕੁਮਾਰ)**

ਇੱਥੋਂ ਦੇ ਸੰਤੋਖਪੁਰਾ ਇਲਾਕੇ ਵਿੱਚ ਕਬਾੜ ਦੇ ਗੁਦਾਮ ਵਿੱਚ ਹੋਏ ਧਮਾਕੇ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ ਅਤੇ ਦੋ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਆਲੇ-ਦੁਆਲੇ ਦੇ ਘਰਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਹਨ। ਚਸ਼ਮਦੀਦਾਂ ਮੁਤਾਬਕ ਧਮਾਕੇ ਦੀ ਆਵਾਜ਼ ਇਕ ਕਿਲੋਮੀਟਰ ਤੋਂ ਵੱਧ ਦੇ ਇਲਾਕੇ ਵਿੱਚ ਸੁਣੀ ਗਈ ਹੈ। ਧਮਾਕੇ ਮਗਰੋਂ ਪੁਲਸ ਡਵੀਜ਼ਨ ਨੰਬਰ ਅੱਠ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਲੋਕ ਸਿਲੰਡਰ ਨਾਲ ਧਮਾਕਾ ਹੋਣ ਦਾ ਦਾਅਵਾ ਕਰ ਰਹੇ ਹਨ। ਇਸ ਦੇ ਉਲਟ ਕੁਝ ਲੋਕਾਂ ਨੇ ਕਬਾੜ ਵਿੱਚ ਧਮਾਕਾਖੇਜ਼ ਸਮੱਗਰੀ ਨਾਲ ਬਲਾਸਟ ਹੋਣ ਦਾ ਦਾਅਵਾ ਕੀਤਾ ਹੈ। ਪੁਲਸ ਮੁਤਾਬਕ ਧਮਾਕੇ ਵਿੱਚ ਮਾਰੇ ਗਏ ਵਿਅਕਤੀ ਦੀ ਪਛਾਣ ਸੰਤੋਖਪੁਰਾ ਵਾਸੀ ਰਜਿੰਦਰ ਵਜੋਂ ਹੋਈ ਹੈ।

CMYK

15-DEC-PAGE-1.qxd 12/14/2025 9:14 PM Page 2



# ਮਿਸਤਰੀ ਭਾਈਚਾਰੇ ਦੇ ਹੱਕ ਬਹਾਲ ਕਰੇ ਪੰਜਾਬ ਸਰਕਾਰ : ਡਾ. ਦੀਪ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਬੀਤੇ ਦਿਨੀਂ ਰਾਸ਼ਟਰੀ ਪਿੱਛੜਾ ਵਰਗ ਮੋਰਚਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਗੁਰਪ੍ਰਤਾਪ ਸਿੰਘ ਤੇ ਮੋਰਚਾ ਦੇ ਸੀਨੀਅਰ ਮੈਂਬਰਾਂ, ਪ੍ਰਧਾਨ ਮੁਕੰਦ ਸਿੰਘ ਬਠਿੰਡਾ, ਮੀਤ ਪ੍ਰਧਾਨ ਸਾਗਰ ਸਿੰਘ ਬਰਨਾਲਾ, ਸਰਪ੍ਰਸਤ ਦੀਪ ਸ਼ੇਰਗਿੱਲ ਪਿੱਛੜਾ ਵਰਗ ਮੋਰਚਾ ਦੀ ਇੱਕ ਵਿਸ਼ੇਸ਼ ਮੀਟਿੰਗ ਸਥਾਨਕ ਦੀਪ ਹਸਪਤਾਲ ਨਿਹਾਲ ਸਿੰਘ ਵਾਲਾ ਵਿਖੇ ਹੋਈ, ਜਿਸ ਵਿੱਚ ਡਾ. ਸਤਨਾਮ ਸਿੰਘ ਮਾਛੀਕੇ ਤੇ ਹਰਪ੍ਰੀਤ ਸਿੰਘ ਰਾਮਪੁਰਾ ਫੂਲ ਨੇ ਵੀ ਭਾਗ ਲਿਆ।ਮੋਰਚਾ ਦੇ ਸਾਰੇ ਮੈਂਬਰਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਪੰਜਾਬ ਵਿੱਚ ਪੜ੍ਹਾਈ, ਨੌਕਰੀਆਂ ਤੇ ਇਸ ਤੋਂ ਇਲਾਵਾ ਹਰ ਸਰਕਾਰੀ ਤੇ ਪ੍ਰਾਈਵੇਟ ਖੇਤਰ ਵਿੱਚ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰੇ।ਪੰਜਾਬ ਵਿੱਚ ਮਿਸਤਰੀ ਭਾਈਚਾਰੇ, ਤਰਖਾਣ ਭਾਈਚਾਰੇ, ਲੁਹਾਰ ਭਾਈਚਾਰੇ, ਦਰਜ਼ੀ ਭਾਈਚਾਰੇ, ਸੈਣ-ਸਮਾਜ, ਪਰਜਾਪਤ ਸਮਾਜ, ਸੁਨਾਰ ਭਾਈਚਾਰੇ ਸਮੇਤ ਸਮੂਹ ਪਿੱਛੜੇ ਵਰਗ ਨੂੰ ਹਰ ਖੇਤਰ ਵਿੱਚ ਉਨ੍ਹਾਂ ਦਾ ਬਣਦਾ ਹੱਕ 27% ਰਿਜ਼ਰਵੇਸ਼ਨ ਦਿੱਤੀ ਜਾਵੇ।ਮਿਸਤਰੀ ਭਾਈਚਾਰੇ ਸਮੇਤ ਸਮੂਹ ਪਿੱਛੜੇ ਵਰਗ ਦੇ ਬੱਚਿਆਂ ਦੀ ਸਾਰੀ ਪੜ੍ਹਾਈ ਮੁਫ਼ਤ ਹੋਵੇ।ਮਿਸਤਰੀਆਂ ਸਮੇਤ ਸਾਰੇ ਪਿੱਛੜੇ ਵਰਗ ਦੇ ਵੀਰਾਂ ਨੂੰ ਆਪਣਾ ਰੁਜ਼ਗਾਰ ਚਲਾਉਣ ਲਈ ਬਿਨਾਂ ਵਿਆਜ ਤੋਂ ਕਰਜ਼ੇ ਦਿੱਤੇ ਜਾਣ।ਮਿਸਤਰੀਆਂ ਸਮੇਤ ਸਮੂਹ ਪਿਛੜੇ ਵਰਗ ਦੇ ਨੌਜਵਾਨ, ਜਿਹੜੇ ਕਿ ਖੇਤੀ ਕਰਨਾ ਚਾਹੁੰਦੇ ਹੋਣ, ਵਾਸਤੇ ਭੂਮੀ ਸੁਧਾਰ ਕਾਨੂੰਨ ਲਾਗੂ ਕਰਕੇ ਖੇਤੀ ਯੋਗ ਜ਼ਮੀਨ ਉਪਲੱਬਧ ਕਰਵਾਈ ਜਾਵੇ।ਪੰਜਾਬ ਵਿੱਚ ਸਮਾਰਟ ਮੀਟਿੰਗ ਐਕਟ ਲਾਗੂ ਕੀਤਾ ਜਾਵੇ।ਦੇਸ਼ ਭਰ ਵਿੱਚ ਵੋਟਾਂ ਬੈਲਟ ਪੇਪਰ ਰਾਹੀਂ ਪਵਾਈਆਂ ਜਾਣ।ਉਨ੍ਹਾਂ ਇਸ ਮੌਕੇ ਚਿੱਪ ਵਾਲੇ ਮੀਟਰਾਂ ਖਿਲਾਫ ਚੱਲ ਰਹੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਸੰਘਰਸ਼, ਭੂਮੀ-ਸੁਧਾਰ ਕਾਨੂੰਨ ਲਾਗੂ ਕਰਵਾਉਣ ਲਈ ਚੱਲ ਰਹੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੰਘਰਸ਼, ਚਾਰ ਕਾਲੇ ਮਜ਼ਦੂਰ ਵਿਰੋਧੀ ਕਾਨੂੰਨਾਂ ਖਿਲਾਫ ਚੱਲ ਰਹੇ ਮਜ਼ਦੂਰ ਯੂਨੀਅਨਾਂ ਦੇ ਸੰਘਰਸ਼ ਦੀ ਹਮਾਇਤ ਕੀਤੀ।ਪਿੱਛੜਾ ਵਰਗ ਮੋਰਚਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਗੁਰਪ੍ਰਤਾਪ ਨੇ ਕਿਹਾ ਕਿ ਕਿਸਾਨ ਯੂਨੀਅਨਾਂ ਤੇ ਮਜ਼ਦੂਰ ਯੂਨੀਅਨਾਂ ਆਪਣੇ ਸੰਘਰਸ਼ਾਂ ਨੂੰ ਕਰਨ ਵੇਲੇ ਮਿਸਤਰੀਆਂ ਸਮੇਤ ਸਮੂਹ ਪਿੱਛੜੇ ਵਰਗ ਨੂੰ ਅਣਗੌਲਿਆ ਕਰਨ ਦੀ ਆਪਣੀ ਪੁਰਾਣੀ ਨੀਤੀ ਦਾ ਤਿਆਗ ਕਰਕੇ ਪਿੱਛੜੇ ਵਰਗ ਨੂੰ ਉਸ ਦਾ ਬਣਦਾ ਮਾਨ-ਸਨਮਾਨ ਦਿਆ ਕਰਨ, ਤਾਂ ਕਿ ਪੰਜਾਬ ਸਰਕਾਰ ਖਿਲਾਫ ਸਾਰੀਆਂ ਧਿਰਾਂ ਇੱਕਜੁੱਟ ਹੋ ਕੇ ਹੋਰ ਮਜ਼ਬੂਤ ਸੰਘਰਸ਼ ਕਰ ਸਕਣ।

# ਚੁਹਾਣਕੇ ਖੁਰਦ 'ਚ ਨੰਬਰਦਾਰ ਮੇਜਰ ਸਿੰਘ ਧਾਲੀਵਾਲ ਯਾਦਗਾਰੀ ਸਮਾਗਮ

## ਖੇਡਾਂ ਤੇ ਵਿੱਦਿਆ ਦੇ ਖੇਤਰ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਕੀਤੇ ਸਨਮਾਨਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਨੰਬਰਦਾਰ ਮੇਜਰ ਸਿੰਘ ਧਾਲੀਵਾਲ ਦੀ ਯਾਦ ਨੂੰ ਸਮਰਪਤ ਦਸਵਾਂ ਸਾਲਾਨਾ ਯਾਦਗਾਰੀ ਸਮਾਗਮ ਡਾ: ਕਰਮਜੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਸਰਕਾਰੀ ਐਲੀਮੈਂਟਰੀ ਸਕੂਲ ਚੁਹਾਣਕੇ ਖੁਰਦ (ਬਰਨਾਲਾ) ਵਿਖੇ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸ਼੍ਰੋਮਣੀ ਸਾਹਿਤਕਾਰ, ਪੰਜਾਬ ਸਾਹਿਤ ਰਤਨ ਸ਼੍ਰੀ ਓਮ ਪ੍ਰਕਾਸ਼ ਗਾਸੋ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਡਾ: ਬਲਵਿੰਦਰ ਬਰਨਾਲਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਸੁਨੀਤਇੰਦਰ ਸਿੰਘ ਨੇ ਧਾਲੀਵਾਲ ਪਰਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਧਾਲੀਵਾਲ ਪਰਵਾਰ ਵਾਂਗ ਆਪਣੇ ਪੁਰਖਿਆਂ ਦੀ ਯਾਦ 'ਚ ਹਰ ਸਾਲ ਵਿਸ਼ਾਲ ਯਾਦਗਾਰੀ ਸਮਾਗਮ ਕਰਵਾ ਕੇ ਨਵੀਂ ਪਨੀਰੀ ਨੂੰ ਉਸਾਰੂ ਸੇਧ 'ਚ ਪ੍ਰਪੱਕ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਡਾ: ਕਰਮਜੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਮੁੱਖ ਮਹਿਮਾਨ, ਵੱਖ-ਵੱਖ ਸ਼ਖਸੀਅਤਾਂ ਤੇ ਖੇਡਾਂ, ਵਿੱਦਿਆ ਤੇ ਹੋਰ ਖੇਤਰਾਂ 'ਚ ਮੱਲਾਂ ਮਾਰਨ ਵਾਲੇ 77 ਵਿਦਿਆਰਥੀਆਂ ਨੂੰ ਸਾਹਿਤਕ ਕਿਤਾਬਾਂ ਨਾਲ ਸਨਮਾਨਤ ਕੀਤਾ ਗਿਆ।ਦਸਵੀਂ ਸ਼੍ਰੇਣੀ 'ਚੋਂ ਪਹਿਲੀ ਪੁਜ਼ੀਸ਼ਨ ਹਾਸਲ ਕਰਨ ਵਾਲੀ ਹੋਣਹਾਰ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੂੰ 5100 ਰੁਪਏ ਨਗਦ ਤੇ ਨੰਬਰਦਾਰ ਮੇਜਰ ਸਿੰਘ ਧਾਲੀਵਾਲ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਧਾਲੀਵਾਲ ਪਰਵਾਰ ਨੇ ਸਕੂਲ ਦੀ ਲਾਇਬ੍ਰੇਰੀ ਲਈ 100 ਸਾਹਿਤਕ ਕਿਤਾਬਾਂ ਵੀ ਭੇਟ ਕੀਤੀਆਂ।ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਨਾਟਕ 'ਦੋ ਰੋਟੀਆਂ' ਦੀ ਸਫਲ ਪੇਸ਼ਕਾਰੀ ਨੇ ਦਰਸ਼ਕਾਂ ਉੱਪਰ ਅਮਿੱਟ ਛਾਪ ਛੱਡੀ।ਇਸ ਮੌਕੇ ਨਾਟਕਕਾਰ ਡਾ: ਸੁਰਿੰਦਰ ਸ਼ਰਮਾ, ਸਮਾਜ ਸੇਵੀ ਪ੍ਰਵੀਨ ਕੁਮਾਰ, ਉਪਕਾਰ ਸੁਸਾਇਟੀ ਦੇ ਸੰਗੀਤ ਕੁਮਾਰ ਨੇ ਵੀ ਵਿਚਾਰ ਰੱਖੇ।ਹੈੱਡਮਾਸਟਰ ਪੁਨੀਤ ਗਰਗ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਵਿੱਦਿਅਕ ਅਦਾਰਿਆਂ ਦੀ ਬਿਹਤਰੀ ਲਈ ਐੱਨ ਆਰ ਆਈਜ਼, ਦਾਨੀ ਸੱਜਣਾਂ ਨੂੰ ਵਿਸ਼ੇਸ਼ ਸਹਿਯੋਗ ਦੀ ਅਪੀਲ ਕੀਤੀ।ਇਸ ਮੌਕੇ ਡਾ: ਭਗਵੰਤ ਸਿੰਘ, ਸਰਪੰਚ ਰਜਿੰਦਰ ਕੌਰ, ਜਰਨੈਲ ਸਿੰਘ, ਗੁਰਪ੍ਰੀਤ ਸਿੰਘ ਅਣਖੀ, ਡਾ: ਮਿਸ਼ਰ ਸਿੰਘ, ਰਜੇਸ਼ ਕੁਮਾਰ, ਕਾਰੋਬਾਰੀ ਰਾਜ ਸਿੰਘ ਜਵੰਦਾ, ਨਰੈਣ ਸਿੰਘ ਖਟੜਾ, ਸੁਖਪ੍ਰੀਤ ਸਿੰਘ ਕੈਨੇਡੀਅਨ, ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਦੇਸ਼ ਦੇ ਆਰਥਿਕ ਸਰੋਤ ਮੁੱਠੀਭਰ ਲੋਕਾਂ ਦੇ ਹੱਥਾਂ 'ਚ : ਸ਼ੀਤਲ ਸਿੰਘ

## ਸਿਹਤ, ਸਿੱਖਿਆ ਤੇ ਰੁਜ਼ਗਾਰ ਸੁਧਾਰਾਂ ਦੁਆਰਾ ਹੀ ਤਰੱਕੀ ਸੰਭਵ : ਅਸ਼ੋਕ ਗਰਗ



**ਸਿਰਸਾ (ਸੁਰਿੰਦਰ ਪਾਲ ਸਿੰਘ)**

ਸਦਭਾਵਨਾ ਮੰਚ ਦੀ ਸਰਪ੍ਰਸਤੀ ਹੇਠ ਕੀਤੇ ਗਏ ਜਾਤੀਵਾਦ ਤੇ ਫਿਰਕਾਪ੍ਰਸਤੀ ਸਬੰਧੀ ਸੈਮੀਨਾਰ ਦੌਰਾਨ ਦੇਸ਼ ਵਿੱਚ ਤੇਜ਼ੀ ਨਾਲ ਵੱਧ ਰਹੀ ਆਰਥਿਕ ਅਸਮਾਨਤਾ ਤੇ ਦੇਸ਼ ਦੇ ਸਾਰੇ ਸਰੋਤਾਂ 'ਤੇ ਮੁੱਠੀ ਭਰ ਪੂੰਜੀਪਤੀਆਂ ਦੇ ਦਬਦਬੇ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਗਈ। ਸੈਮੀਨਾਰ ਦੀ ਪ੍ਰਧਾਨਗੀ ਸੇਵਾਮੁਕਤ ਆਈਏਐੱਸ ਅਧਿਕਾਰੀ ਅਸ਼ੋਕ ਗਰਗ ਨੇ ਕੀਤੀ ਤੇ ਸੀਨੀਅਰ ਪੱਤਰਕਾਰ ਅਤੇ ਵਿਸ਼ਲੇਸ਼ਕ ਸ਼ੀਤਲ ਪੀ. ਸਿੰਘ ਇਸ ਸੈਮੀਨਾਰ ਦੇ ਮੁੱਖ ਬੁਲਾਰੇ ਸਨ। ਸੈਮੀਨਾਰ ਵਿੱਚ ਸ਼ਹਿਰੀ ਤੇ ਪੇਂਡੂ ਖੇਤਰਾਂ ਦੇ ਸੈਂਕੜੇ ਪ੍ਰਗਤੀਸ਼ੀਲਾਂ ਅਤੇ ਪ੍ਰਮੁੱਖ ਬੁੱਧੀਜੀਵੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਔਰਤਾਂ, ਵਿਦਿਆਰਥੀ, ਕਿਸਾਨ, ਕਰਮਚਾਰੀ, ਕਾਰੋਬਾਰੀ ਤੇ ਸਮਾਜਿਕ ਸੰਗਠਨ ਸ਼ਾਮਲ ਸਨ। ਸ਼ੀਤਲ ਪੀ. ਸਿੰਘ ਨੇ ਕਿਹਾ ਕਿ 2026 ਦੀ ਰਿਪੋਰਟ ਦੇ ਅਨੁਸਾਰ, ਦੇਸ਼ ਦੀ 10 ਪ੍ਰਤੀਸ਼ਤ ਆਬਾਦੀ 60 ਪ੍ਰਤੀਸ਼ਤ ਸਰੋਤਾਂ ਨੂੰ ਨਿਯੰਤਰਤ ਕਰਦੀ ਹੈ। ਇਕ ਰਿਪੋਰਟ ਦੇ ਅਨੁਸਾਰ ਦੇਸ਼ ਦੇ ਇੱਕ ਅਰਬ ਲੋਕਾਂ ਕੋਲ ਬਿਲਕੁਲ ਵੀ ਖਰੀਦ ਸ਼ਕਤੀ ਨਹੀਂ ਤੇ ਆਬਾਦੀ ਦਾ ਵੱਡਾ ਹਿੱਸਾ ਹੁਣ ਵੀ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਹੈ। ਅਸ਼ੋਕ ਗਰਗ ਨੇ ਕਿਹਾ ਕਿ ਸੰਵਿਧਾਨ ਲਾਗੂ ਹੋਣ ਤੋਂ 75 ਸਾਲ ਬਾਅਦ ਵੀ ਦੇਸ਼ ਜਾਤੀਵਾਦ ਤੇ ਫਿਰਕਾਪ੍ਰਸਤੀ ਦੇ ਚੁੰਗਲ ਵਿੱਚ ਫਸਿਆ ਹੋਇਆ ਹੈ। ਦੇਸ਼ ਵਿੱਚ ਤੇਜ਼ੀ ਨਾਲ ਵਧ ਰਹੀ ਆਰਥਿਕ ਅਸਮਾਨਤਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਆਜ਼ਾਦੀ ਦੇ 77 ਸਾਲਾਂ ਬਾਅਦ ਵੀ, ਸਾਡਾ ਦੇਸ਼ ਖੇਤਰਵਾਦ ਵਰਗੀਆਂ ਤੰਗ ਸੋਚਾਂ ਵਿੱਚ ਜਕੜਿਆ ਹੋਇਆ ਹੈ। ਸੈਮੀਨਾਰ ਵਿੱਚ ਹਾਜ਼ਰ ਨਾਗਰਿਕਾਂ ਦੇ ਸਵਾਲਾਂ ਦੇ ਜਵਾਬ ਬੁਲਾਰਿਆਂ ਵੱਲੋਂ ਵਿਸਤਾਰ ਨਾਲ ਦਿੱਤੇ ਗਏ। ਅੰਤ ਵਿੱਚ ਸਦਭਾਵਨਾ ਮੰਚ ਦੇ ਪ੍ਰਧਾਨ ਓਮ ਪ੍ਰਕਾਸ਼ ਸੈਣੀ, ਸੰਸਥਾਪਕ ਬਨਵਾਰੀਲਾਲ ਬਿਸ਼ਨੋਈ ਅਤੇ ਡਾ: ਹਿਤੇਸ਼ ਕੁਮਾਰ ਤੇ ਗੁਰਬਖਸ਼ ਮੋਂਗਾਂ ਵੱਲੋਂ ਪੁੱਜੇ ਬੁਲਾਰਿਆਂ ਤੇ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿੱਚ ਸਿੱਖ ਭਾਈਚਾਰੇ ਦੇ ਮੈਂਬਰ ਕ੍ਰਿਸ਼ਨ ਸਿੰਘ ਪਾਲੀ, ਹੁਸ਼ਿਆਰ ਖਾਨ, ਬਬਲੀ ਲਾਂਬਾ, ਸੁਸ਼ੀਲ, ਰਾਕੇਸ਼ ਅਗਰਵਾਲ, ਸਤਿੰਦਰ ਯਾਦਵ, ਰਮੇਸ਼ ਪੂਨੀਆਂ, ਕਸ਼ੱਤਰ ਸਿੰਘ ਬਹੋਲ, ਸਲਾਊਦੀਨ ਕਾਗਦਾਨਾ, ਅਸ਼ੋਕ ਸੈਣੀ, ਸੁਰਿੰਦਰ ਯਾਦਵ, ਨੂਰ ਮੁਹੰਮਦ ਤੇ ਡੇਵਿਡ ਵਿਕਟਰ ਸਮੇਤ ਖੇਤਰ ਦੇ ਬੁੱਧੀਜਵੀ ਸ਼ਾਮਲ ਰਹੇ।

# ਪੀ ਐੱਮ ਸ਼੍ਰੀ ਸਕੂਲ ਅੱਕਾਂਵਾਲੀ ਦੇ ਵਿਦਿਆਰਥੀਆਂ ਵੱਲੋਂ ਵਿੱਦਿਅਕ ਟੂਰ



**ਮਾਨਸਾ (ਆਤਮਾ ਸਿੰਘ ਪਮਾਰ)**-ਪੀ.ਐੱਮ. ਸ਼੍ਰੀ ਸਰਕਾਰੀ ਸੈਕੰਡਰੀ ਸਕੂਲ ਅੱਕਾਂਵਾਲੀ ਵੱਲੋਂ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਕੂਲ ਮੁਖੀ ਨਰਿੰਦਰ ਸਿੰਘ ਮੋਹਲ ਦੀ ਅਗਵਾਈ ਹੇਠ ਵਿਦਿਆਰਥੀਆਂ ਦਾ ਦੋ ਰੋਜ਼ਾ ਇਤਿਹਾਸਕ ਟੂਰ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਲਗਾਇਆ ਗਿਆ। ਇਸ ਟੂਰ 'ਚ 150 ਤੋਂ ਵੱਧ ਵਿਦਿਆਰਥੀਆਂ (ਲੜਕਿਆਂ) ਨੇ ਸ਼ਮੂਲੀਅਤ ਕੀਤੀ।ਇਸ ਟੂਰ ਰਾਹੀਂ ਵਿਦਿਆਰਥੀਆਂ ਦੀ ਧਾਰਮਿਕ ਤੇ ਇਤਿਹਾਸਕ ਜਾਣਕਾਰੀ 'ਚ ਵਾਧਾ ਕਰਨ ਲਈ ਉਨ੍ਹਾਂ ਨੂੰ ਉੱਚਾ ਪਿੰਡ ਸੰਘੋਲ ਵਿਖੇ ਬੋਧੀ ਸਤੂਪ, ਦਾਸਤਾਨ-ਏ-ਸ਼ਹਾਦਤ ਚਮਕੌਰ ਸਾਹਿਬ, ਗੁਰਦੁਆਰਾ ਕਤਲਗੜ੍ਹ ਸਾਹਿਬ ਤੇ ਆਨੰਦਪੁਰ ਸਾਹਿਬ ਵਿਖੇ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਅਤੇ ਬਾਕੀ ਸਾਰੇ ਹੀ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਗਏ।ਵਿਰਾਸਤ-ਏ-ਖਾਲਸਾ 'ਚ ਵਿਦਿਆਰਥੀਆਂ ਨੇ ਗੁਰੂ ਕਾਲ ਤੋਂ ਲੈ ਕੇ ਅਜੋਕੇ ਪੰਜਾਬ ਤੇ ਭਾਰਤ ਦੇ ਇਤਿਹਾਸ ਨੂੰ ਬਹੁਤ ਵਧੀਆ ਢੰਗ ਨਾਲ ਸਮਝਿਆ।ਟੂਰ ਇੰਚਾਰਜ ਗੁਰਪ੍ਰੀਤ ਸਿੰਘ ਸ. ਸ. ਮਾਸਟਰ ਤੇ ਹਰਦੀਪ ਸਿੰਘ ਸ. ਸ. ਮਾਸਟਰ ਵੱਲੋਂ ਵਿਦਿਆਰਥੀਆਂ ਨੂੰ ਉਪਰੋਕਤ ਸਾਰੇ ਸਥਾਨਾਂ ਬਾਰੇ ਵਿਸਥਾਰ ਨਾਲ ਦੱਸਿਆ।ਵਾਪਸੀ ਸਮੇਂ ਵਿਦਿਆਰਥੀਆਂ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਤੋਂ ਵੀ ਜਾਣੂੰ ਕਰਵਾਉਣ ਲਈ ਉਨ੍ਹਾਂ ਦੇ ਸ਼ਹੀਦੀ ਸਥਾਨ ਸ਼੍ਰੀ ਫਤਹਿਗੜ੍ਹ ਸਾਹਿਬ ਵਿਖੇ ਵੀ ਦਰਸ਼ਨ ਕਰਵਾਏ ਗਏ।ਇਸ ਮੌਕੇ ਗੁਰਮੀਤ ਸਿੰਘ ਪੰਜਾਬੀ ਅਧਿਆਪਕ, ਵਿਜੇ ਕੁਮਾਰ ਸਾਇੰਸ ਅਧਿਆਪਕ, ਅਮਨਦੀਪ ਸਿੰਘ ਵੋਕੇਸ਼ਨਲ ਟਰੇਨਰ ਆਦਿ ਅਧਿਆਪਕ ਵਿਦਿਆਰਥੀਆਂ ਨਾਲ ਹਾਜ਼ਰ ਰਹੇ।

# 350ਵੇਂ ਸ਼ਹਾਦਤ ਦਿਵਸ ਨੂੰ ਸਮਰਪਤ ਢਾਡੀ ਮੁਕਾਬਲੇ ਕਰਵਾਏ



**ਲੌਂਗੋਵਾਲ (ਪ੍ਰਦੀਪ ਸੱਪਲ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹਾਦਤ ਦਿਵਸ ਨੂੰ ਸਮਰਪਤ ਕਲੱਬ ਸ਼ਹੀਦ-ਏ-ਆਜ਼ਮ ਸਰਦਾਰ ਕਰਤਾਰ ਸਿੰਘ ਸਰਾਭਾ ਕਲੱਬ ਲੌਂਗੋਵਾਲ ਵੱਲੋਂ ਗੁਰਦੁਆਰਾ ਸ਼ਹੀਦ ਭਾਈ ਮਨੀ ਸਿੰਘ ਲੌਂਗੋਵਾਲ ਵਿਖੇ ਢਾਡੀ ਮੁਕਾਬਲੇ ਕਰਵਾਏ ਗਏ।ਇਸ ਢਾਡੀ ਮੁਕਾਬਲੇ ਵਿੱਚ ਪੰਜਾਬ ਭਰ ਤੋਂ ਇੰਟਰਨੈਸ਼ਨਲ ਪੱਧਰ ਦੇ ਉੱਚ ਕੋਟੀ ਢਾਡੀ ਜੱਥਿਆਂ ਵੱਲੋਂ ਭਾਗ ਲਿਆ ਗਿਆ।ਦੇਰ ਰਾਤ ਤੱਕ ਚੱਲੇ ਇਸ ਮੁਕਾਬਲੇ ਵਿੱਚ ਢਾਡੀ ਜਥਾ ਭਾਈ ਚਮਕੌਰ ਵਿੱਚ ਚਮਨ ਨੇ ਪਹਿਲਾ, ਭਾਈ ਦੀਦਾਰ ਸਿੰਘ ਸੰਗਤਪੁਰ ਦੇ ਜਥੇ ਵੱਲੋਂ ਦੂਜਾ ਤੇ ਢਾਡੀ ਜਥੇ ਭਾਈ ਅਜੈਬ ਸਿੰਘ ਅਣਖੀ ਵੱਲੋਂ ਤੀਜਾ ਸਥਾਨ ਪ੍ਰਾਪਤ ਕੀਤਾ ਗਿਆ।ਮੁਕਾਬਲੇ ਦੌਰਾਨ ਵੱਖ-ਵੱਖ ਢਾਡੀ ਜਥਿਆਂ ਵੱਲੋਂ ਗੁਰ ਇਤਿਹਾਸ, ਇਨਕਲਾਬੀ ਤੇ ਸਮਾਜਿਕ ਜੀਵਨ ਨਾਲ ਸੰਬੰਧਤ (ਵਾਰ, ਕਲੀ, ਪੂਰਨ) ਆਦਿ ਲੈਅ ਨਾਲ ਵੰਨਗੀਆਂ ਪੇਸ਼ ਕੀਤੀਆਂ ਗਈਆਂ।ਸੰਗਤਾਂ ਵੱਲੋਂ ਪੂਰੇ ਉਤਸ਼ਾਹ ਨਾਲ ਦੇਰ ਰਾਤ ਤੱਕ ਚੱਲੇ ਇਸ ਮੁਕਾਬਲੇ ਦਾ ਖ਼ੂਬ ਆਨੰਦ ਮਾਣਿਆ ਗਿਆ।ਇਸ ਮੁਕਾਬਲੇ ਵਿੱਚ ਜਜਮੈਂਟ ਦੀ ਸੇਵਾ ਸਾਬਕਾ ਪ੍ਰੋਫੈਸਰ ਕੁਰਕਸ਼ੇਤਰ ਯੂਨੀਵਰਸਿਟੀ ਜਸਵੰਤ ਸਿੰਘ, ਉੱਘੇ ਸਾਰੰਗੀ ਵਾਦਕ (ਗੋਲਡ ਮੈਡਲਿਸਟ) ਬਾਈ ਰਣਜੀਤ ਸਿੰਘ ਤੇ ਸਿਰਸਾ ਕਾਲਜ ਵਿੱਚ ਸੰਗੀਤ ਵਿਭਾਗ ਨਾਲ ਜੁੜੇ ਲੈਕਚਰਾਰ ਗੁਰਪ੍ਰੀਤ ਸਿੰਘ ਸਿੱਧੂ ਵੱਲੋਂ ਸ਼ਾਨਦਾਰ ਢੰਗ ਨਾਲ ਨਿਭਾਈ ਗਈ।ਜੇਤੂ ਜਥਿਆਂ ਨੂੰ ਨਗਦ ਰਾਸ਼ੀ, ਮੈਮੈਂਟੋ ਤੇ ਜੇਤੂ ਪੁਜ਼ੀਸ਼ਨ ਸਰਟੀਫਿਕੇਟ ਅਤੇ ਬਾਕੀ ਜਥਿਆਂ ਨੂੰ ਸਤਿਕਾਰ ਵਜੋਂ ਭਾਗ ਲੈਣ ਦੇ ਸਰਟੀਫਿਕੇਟ ਤੇ ਮੋਮੈਂਟੋ ਪ੍ਰਦਾਨ ਕੀਤੇ ਗਏ।ਪ੍ਰੋਗਰਾਮ ਦੌਰਾਨ ਵੱਖ-ਵੱਖ ਰਾਜਨੀਤਕ ਤੇ ਸਮਾਜਿਕ ਸ਼ਖਸੀਅਤਾਂ ਵੀ ਹਾਜ਼ਰ ਸਨ।ਸਟੇਜ ਸੈਕਟਰੀ ਦੀ ਭੂਮਿਕਾ ਨਰਿੰਦਰ ਸਿੰਘ ਗਿੱਲ ਵੱਲੋਂ ਬਾਖੂਬੀ ਨਿਭਾਈ ਗਈ।ਅਖੀਰ ਵਿੱਚ ਸਮੂਹ ਕਲੱਬ ਮੈਂਬਰਾਂ ਵੱਲੋਂ ਸਾਰੀ ਸੰਗਤ, ਢਾਡੀ ਜਥੇ ਤੇ ਸਹਿਯੋਗੀ ਸ਼ਖਸੀਅਤਾਂ ਆਦਿ ਦਾ ਧੰਨਵਾਦ ਕੀਤਾ ਗਿਆ।

# ਮਾਛੀਵਾੜਾ ਸਾਹਿਬ 'ਚ ਵੋਟਾਂ ਦਾ ਕੰਮ ਸ਼ਾਂਤੀਪੂਰਵਕ ਢੰਗ ਨਾਲ ਹੋ ਨਿੱਬੜਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਵੋਟਾਂ ਦਾ ਕੰਮ ਸ਼ਾਂਤੀਪੂਰਵਕ ਢੰਗ ਨਾਲ ਹੋ ਨਿੱਬੜਿਆ, ਪਰ ਵੋਟਰਾਂ ਨੇ ਉਤਸ਼ਾਹ ਨਾਲ ਦਿਖਾਇਆ, ਜਿਸ ਕਾਰਨ ਵੋਟਿੰਗ 47 ਤੋਂ 50 ਫੀਸਦੀ ਤੱਕ ਹੀ ਹੋਈ। ਅੱਜ ਜਦੋਂ ਸਵੇਰੇ 8 ਵਜੇ ਤੋਂ ਲੈ ਕੇ 4 ਵਜੇ ਤੱਕ ਵੋਟ ਪੋਲ ਹੋਈ, ਉਸ ਤਹਿਤ ਜਿੰਨਾ ਉਮੀਦਵਾਰਾਂ ਨੇ ਜ਼ੋਰ ਲਗਾਇਆ, ਓਨਾ ਵੋਟਰਾਂ ਨੇ ਉਤਸ਼ਾਹ ਨਾ ਦਿਖਾਇਆ। ਅੱਜ ਸ਼ਾਮ ਨੂੰ ਵੋਟ ਪੋਲਿੰਗ ਮੁਕੰਮਲ ਹੋਣ ਤੋਂ ਬਾਅਦ ਸਟਾਫ਼ ਡੱਬੇ ਲੈ ਕੇ ਗਿਣਤੀ ਕੇਂਦਰ ਪੁੱਜਾ ਤਾਂ ਉਨ੍ਹਾਂ ਤੋਂ ਜੋ ਅੰਕੜੇ ਸਾਹਮਣੇ ਆਏ ਉਸ ਅਨੁਸਾਰ 47 ਤੋਂ 50 ਫੀਸਦੀ ਵੋਟ ਪੋਲ ਹੋਈ, ਜੋ ਕਿਸੇ-ਕਿਸੇ ਪਿੰਡ ਵਿਚ ਇਸ ਤੋਂ ਜ਼ਿਆਦਾ ਸੀ। ਪਿੰਡਾਂ ਵਿੱਚ ਬਣਾਏ ਗਏ ਪੋਲਿੰਗ ਬੂਥ ਸੁੰਨੇ ਪਏ ਸਨ ਜਿੱਥੇ ਪਹਿਲਾਂ ਪੰਚਾਇਤੀ ਚੋਣਾਂ ਦੌਰਾਨ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲੀਆਂ ਸਨ। ਅੱਜ ਉੱਥੇ ਵੋਟਰ ਬੜੀ ਅਸਾਨੀ ਨਾਲ ਬਿਨਾਂ ਕਤਾਰਾਂ ਤੋਂ ਵੋਟ ਦਾ ਇਸਤੇਮਾਲ ਕਰਕੇ ਆ ਰਹੇ ਹਨ। ਵੋਟਰਾਂ ਵੱਲੋਂ ਉਤਸ਼ਾਹ ਨਾ ਦਿਖਾਏ ਜਾਣ ਕਾਰਨ ਇਨ੍ਹਾਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਵੋਟ ਪੋਲ ਦਾ ਅੰਕੜਾ ਘਟਿਆ ਦਿਖਾਈ ਦਿੱਤਾ, ਜਿਸ ਪਿੰਡ ਵਿੱਚ ਵੋਟਾਂ ਦੀ ਗਿਣਤੀ 1500 ਤੋਂ 2000 ਸੀ, ਉੱਥੇ 2 ਪੋਲਿੰਗ ਬੂਥ ਬਣਾਏ ਗਏ ਸਨ ਅਤੇ ਇੱਥੇ ਕੁਝ ਲੋਕ ਕਤਾਰਾਂ ਵਿੱਚ ਲੱਗੇ ਦਿਖਾਈ ਦਿੱਤੇ। ਜ਼ਿਲ੍ਹਾ ਪ੍ਰੀਸ਼ਦ ਜ਼ੋਨ ਨੀਲੋਂ ਕਲਾਂ ਤੋਂ ਚੋਣ ਲੜ ਰਹੇ ਆਮ ਆਦਮੀ ਪਾਰਟੀ ਦੇ ਭੁਪਿੰਦਰ ਸਿੰਘ ਰਾਠੌਰ ਨੇ ਵੀ ਆਪਣੀ ਵੋਟ ਦਾ ਇਸਤੇਮਾਲ ਕੀਤਾ। ਉਕਤ ਉਮੀਦਵਾਰਾਂ ਨੇ ਵੋਟਾਂ ਲਈ ਦਿੱਤੇ ਸਹਿਯੋਗ ਲਈ ਵੋਟਰਾਂ ਤੇ ਸਮਰਥਕਾਂ ਦਾ ਧੰਨਵਾਦ ਪ੍ਰਗਟਾਇਆ। ਦੂਸਰੇ ਪਾਸੇ ਵੋਟਾਂ ਦਾ ਸ਼ਾਂਤੀਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਪੁਲਸ ਅਧਿਕਾਰੀ ਵੀ ਮੁਸ਼ਤੈਦ ਰਹੇ। ਪੁਲਸ ਜ਼ਿਲ੍ਹਾ ਖੰਨਾ ਦੇ ਐੱਸ. ਪੀ. ਪ੍ਰਸ਼ੋਤਮ ਬਲ, ਐੱਸ. ਪੀ. ਹੈੱਡਕੁਆਰਟਰ ਹਰਪਿੰਦਰ ਕੌਰ ਗਿੱਲ, ਡੀ.ਐੱਸ.ਪੀ. ਤਰਲੋਚਨ ਸਿੰਘ ਤੇ ਥਾਣਾ ਮੁਖੀ ਪਵਿੱਤਰ ਸਿੰਘ ਪੁਲਸ ਪਾਰਟੀਆਂ ਸਮੇਤ ਪੋਲਿੰਗ ਬੂਥਾਂ ਦੀ ਨਿਗਰਾਨੀ ਕਰਦੇ ਰਹੇ।

# ਨੈਸ਼ਨਲ ਲੋਕ ਅਦਾਲਤ ਗਿੱਦੜਬਾਹਾ 'ਚ 330 ਕੇਸਾਂ ਦਾ ਨਿਪਟਾਰਾ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਕੋਰਟ ਕੰਪਲੈਕਸ ਗਿੱਦੜਬਾਹਾ ਵਿਖੇ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੁਫਤ ਕਾਨੂੰਨੀ ਸਹਾਇਤਾ ਦੇ ਐਡਵਕੋਟ ਮਨਜੀਤ ਸਿੰਘ ਬੇੜ੍ਹੀ, ਐਡਵਕੇਟ ਜਸਵਿੰਦਰ ਸਿੰਘ ਬਰਾੜ ਤੇ ਹਰਸਿਮਰਨ ਸਿੰਘ ਸਿੱਧੂ ਨੇ ਦੱਸਿਆ ਕਿ ਲੋਕ ਅਦਾਲਤ ਦੌਰਾਨ ਐੱਸ.ਡੀ.ਜੀ.ਐੱਮ. ਤਰਨਜੀਤ ਸਿੰਘ ਸਿਮਰਾ ਤੇ ਜੇ.ਐਮ.ਆਈ.ਸੀ. ਗੌਰਵ ਮਿੱਤਲ ਅਤੇ ਜੇ.ਐਮ.ਆਈ.ਸੀ. ਕਿਰਨਦੀਪ ਕੌਰ ਦੀ ਅਦਾਲਤ ਵਿੱਚ ਜਿੱਥੇ ਪ੍ਰੀ ਲੀਗਲ ਕੇਸਾਂ ਦਾ ਨਿਪਟਾਰਾ ਕੀਤਾ ਗਿਆ, ਉਥੇ ਹੀ ਰਾਜ਼ੀਨਾਮਾ ਹੋਣ ਯੋਗ ਫੌਜਦਾਰੀ ਮਾਮਲਿਆਂ ਤੋਂ ਇਲਾਵਾ ਟ੍ਰੈਫਿਕ ਚਲਾਨਾਂ, ਪਾਰਟੀਆਂ ਦੀ ਸਹਿਮਤੀ ਨਾਲ ਚੈੱਕ ਬਾਊਂਸ ਕੇਸ, ਰਿਕਵਰੀ ਕੇਸ, ਝਗੜੇ ਸੰਬੰਧੀ, ਜ਼ਮੀਨ ਜਾਇਦਾਦ ਸਬੰਧੀ ਮਜ਼ਦੂਰੀ, ਬਿਜਲੀ ਤੇ ਪਾਣੀ ਦੇ ਬਿੱਲਾਂ, ਤਨਖਾਹ ਤੇ ਭੱਤਿਆਂ, ਮਾਲ ਵਿਭਾਗ ਤੇ ਹਰ ਸਿਵਲ ਕੇਸਾਂ ਆਦਿ ਦੇ ਕੁੱਲ ਆਏ 371 ਕੇਸਾਂ ਵਿੱਚ 330 ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਅਤੇ 4 ਕਰੋੜ 82 ਲੱਖ 49 ਹਜ਼ਾਰ 411 ਰੁਪਏ ਦੀ ਰਿਕਵਰੀ ਕੀਤੀ ਗਈ।

ਇਸ ਮੌਕੇ ਲੋਕ ਅਦਾਲਤ ਦੇ ਮੈਂਬਰ ਐਡਵੋਕੇਟ ਤੁਸ਼ਾਰ ਗੋਇਲ, ਐਡਵੋਕੇਟ ਰਮਨਦੀਪ ਕੌਰ ਤੇ ਐਡਵਕੇਟ ਏਕਦੀਪ ਕੌਰ ਤੋਂ ਇਲਾਵਾ ਬਾਰ ਐਸਸੀਏਸ਼ਨ ਦੇ ਪ੍ਰਧਾਨ ਐਡਵਕੋਟ ਸਤਬੀਰ ਸਿੰਘ ਔਲਖ, ਸੈਕਟਰੀ ਐਡਵੋਕੇਟ ਕੰਵਰ ਹੰਸਪਾਲ ਸਿੰਘ, ਵਾਈਸ ਪ੍ਰਧਾਨ ਮਨਦੀਪ ਸ਼ਰਮਾ, ਐਡਵੋਕੇਟ ਗੋਪਾਲ ਬਾਘਲਾ, ਐਡਵੋਕੇਟ ਸਿਕੰਦਰ ਸਿੰਘ ਮਾਨ, ਸੀਨੀਅਰ ਐਡਵੋਕੇਟ ਰਾਮ ਨਾਥ ਗੁਪਤਾ, ਸੀਨੀਅਰ ਐਡਵੋਕੇਟ ਆਰ. ਪੀ. ਸਿੰਘ, ਸੀਨੀਅਰ ਐਡਵੋਕੇਟ ਐੱਮ ਪੀ ਗੋਇਲ, ਐਡਵਕੋਟ ਅਮਿਤ ਬਾਂਸਲ, ਐਡਵੋਕੇਟ ਵੀ ਪੀ ਧੀਰ, ਐਡਵੋਕੇਟ ਕੁਲਜਿੰਦਰ ਸਿੰਘ ਸੰਧੂ, ਐਡਵੋਕੇਟ ਕੁਲਦੀਪ ਜਿੰਦਲ, ਐਡਵੋਕੇਟ ਮੋਹਿਤ ਗਰਗ, ਐਡਵੋਕੇਟ ਲਵਲੀਸ਼ ਗੋਇਲ, ਐਡਵੋਕੇਟ ਮਲਕੀਤ ਸਿੰਘ ਸਿੱਧੂ, ਐਡਵੋਕੇਟ ਰਾਜੀਵ ਮੁੰਜਾਲ, ਐਡਵੋਕੇਟ ਪ੍ਰਮੋਦ ਕੁਮਾਰ, ਐਡਵੋਕੇਟ ਗਗਨਦੀਪ ਸਿੰਘ ਧਾਲੀਵਾਲ, ਐਡਵੋਕੇਟ ਨੀਰਜ ਜੈਨ, ਐਡਵਕੇਟ ਰਾਜਨ ਨਾਰੰਗ, ਐਡਵਕੋਟ ਜਨਜਿੰਦਰ ਜੋਨੀ, ਐਡਵੋਕੇਟ ਸੁਰੇਸ਼ ਗਰਗ, ਐਡਵੋਕੇਟ ਰਾਜਿੰਦਰ ਕੌਰ, ਐਡਵੋਕੇਟ ਜਸਬੀਰ ਕੌਰ ਜੱਸੀ, ਐਡਵੋਕੇਟ ਮਨਪ੍ਰੀਤ ਕੌਰ ਬੱਬੂ, ਐਡਵੋਕੇਟ ਅਮਨ ਇੰਦੌਰਾ, ਐਡਵੋਕੇਟ ਭਵਿਆ ਸਿੰਗਲਾ, ਐਡਵੋਕੇਟ ਰਾਹੁਲ ਜਿੰਦਲ, ਐਡਵੋਕੇਟ ਤਰੁਣ ਗਰਗ, ਐਡਵੋਕੇਟ ਅਮਰਜੀਤ ਸਿੰਘ ਤੋਂ ਇਲਾਵਾ ਨਾਜ਼ਰ ਪ੍ਰਗਟਦੀਪ ਸਿੰਘ, ਰੀਡਰ ਹਰੀਸ਼ ਕੁਮਾਰ ਤੇ ਰੀਡਰ ਨਿਰਮਲ ਸਿੰਘ, ਰੀਡਰ ਰਾਜੇਸ਼ ਕੁਮਾਰ, ਅਹਿਲਮਦ ਮਮਤਾ ਗਰਗ, ਜਿਤੇਸ਼ ਕੁਮਾਰ, ਦੀਪਾਲੀ ਦੁੱਗਲ, ਜਸਵਿੰਦਰ ਸਿੰਘ ਤੇ ਬਲਰਾਜ ਸਿੰਘ ਆਦਿ ਮੌਜੂਦ ਸਨ।

# 'ਕਰ ਭਲਾ ਹੋ ਭਲਾ' ਸੁਸਾਇਟੀ ਵੱਲੋਂ 66ਵਾਂ ਰਾਸ਼ਨ ਵੰਡ ਸਮਾਰੋਹ

**ਜਗਰਾਓਂ (ਅਮਿਤ ਖੰਨਾ)**-ਜਗਰਾਉਂ ਦੇ ਨੌਜਵਾਨ ਕਰ ਭਲਾ ਹੋ ਭਲਾ ਸੁਸਾਇਟੀ ਦੀ ਸਮਾਜ ਸੇਵੀ ਸੰਸਥਾ ਵੱਲੋਂ 66ਵਾਂ ਰਾਸ਼ਨ ਵੰਡ ਸਮਾਰੋਹ ਕਰਵਾਇਆ ਗਿਆ, ਜਿਸ 'ਚ 70 ਲੋੜਵੰਦ ਪਰਵਾਰਾਂ ਨੂੰ ਸੁੱਕਾ ਰਾਸ਼ਨ ਵੰਡਿਆ ਗਿਆ।ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਜਗਰਾਉਂ ਵਿਖੇ ਇੱਕ ਸਮਾਗਮ ਮੌਕੇ ਸੁਸਾਇਟੀ ਦੇ ਚੇਅਰਮੈਨ ਰੋਹਿਤ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਜੈਨ ਕਾਕਾ, ਪ੍ਰਧਾਨ ਮਦਨ ਲਾਲ ਨੇ ਦੱਸਿਆ ਕਿ ਸੁਸਾਇਟੀ ਮਨੁੱਖਤਾ ਦੀ ਸੇਵਾ ਲਈ ਬਣਾਈ ਗਈ ਸੀ ਤੇ ਇਹ ਉਦੇਸ਼ ਪੂਰਾ ਹੋਇਆ ਹੈ।ਸੁਸਾਇਟੀ ਦੇ ਸਾਰੇ ਮੈਂਬਰ ਇਸ ਨੂੰ ਪ੍ਰਾਪਤ ਕਰਨ ਲਈ ਪੂਰੀ ਲਗਨ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸੋਕੇ ਦੌਰਾਨ ਸੁਸਾਇਟੀ ਵੱਲੋਂ 66 ਮਹੀਨੇ ਪਹਿਲਾਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਤੇ ਇਹ ਨਿਰਵਿਘਨ ਜਾਰੀ ਹੈ ਅਤੇ ਅੱਜ 66ਵਾਂ ਮਾਸਿਕ ਰਾਸ਼ਨ ਵੰਡ ਸਮਾਰੋਹ ਹੋਇਆ।ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਦਾਨੀ ਸੱਜਣਾਂ ਦੀ ਮਦਦ ਨਾਲ ਕਈ ਸਮਾਜ ਸੇਵਾ ਪ੍ਰੋਜੈਕਟ ਚਲਾਏ ਜਾ ਰਹੇ ਹਨ।ਵਿੱਦਿਅਕ ਸੰਸਥਾਵਾਂ ਤੇ ਹੋਰ ਸੰਸਥਾਵਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਜ਼ਰੂਰੀ ਵਸਤੂਆਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਸੁਸਾਇਟੀ ਦੇ ਕੈਸ਼ੀਅਰ ਨੀਰਜ ਕਟਾਰੀਆ, ਸੁਨੀਲ ਬਜਾਜ, ਵਿਸ਼ਾਲ ਸ਼ਰਮਾ, ਨੀਰਜ ਮਿੱਤਲ, ਮਹੇਸ਼ ਟੰਡਨ ਮੌਜੂਦ ਸਨ।





ਨਿਹਾਲ ਸਿੰਘ ਵਾਲਾ ਦੇ ਮੇਨ ਚੌਕ ਵਿੱਚ ਹਰ ਸਮੇਂ ਟ੍ਰੈਫਿਕ ਦੀ ਵੱਡੀ ਸਮੱਸਿਆ ਬਣੀ ਰਹਿੰਦੀ ਹੈ ਮੇਨ ਚੌਕ ਵਿੱਚ ਕਿਸੇ ਟਾਇਮ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ।ਲੋਕਾਂ ਨੇ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਲੋਕਾਂ ਨੂੰ ਟ੍ਰੈਫਿਕ ਤੋਂ ਰਾਹਤ ਦਿਵਾਈ ਜਾਵੇ। (ਫੋਟੋ : ਲਵਲੀ ਕੁਮਾਰ)

# ਜ਼ਿਲ੍ਹਾ ਪ੍ਰੀਸ਼ਦ/ਪੰਚਾਇਤ ਸੰਮਤੀ ਦੀਆਂ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ:ਜ਼ਿਲ੍ਹਾ ਚੋਣ ਅਫ਼ਸਰ

## 40 ਫੀਸਦੀ ਦੇ ਕਰੀਬ ਹੋਈ ਪੋਲਿੰਗ, ਵੋਟਾਂ ਦੀ ਗਿਣਤੀ 17 ਨੂੰ



ਤਰਨਤਾਰਨ, (ਪ੍ਰਿਤਪਾਲ ਸਿੰਘ)-ਜ਼ਿਲ੍ਹਾ ਤਰਨ ਤਾਰਨ ਵਿੱਚ ਅੱਜ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੀਆਂ ਵੋਟਾਂ ਪੈਣ ਦਾ ਅਮਲ ਅਮਨ-ਸ਼ਾਂਤੀ ਨਾਲ ਨੇਪਰੇ ਚੜ੍ਹ ਗਿਆ ਹੈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ ਨੇ ਚੋਣਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਅੰਦਰ ਜ਼ਿਲ੍ਹਾ ਪ੍ਰੀਸ਼ਦ ਦੇ 7 ਜ਼ੋਨਾਂ ਅਤੇ 8 ਪੰਚਾਇਤ ਸਮਿਤੀਆਂ ਦੇ 67 ਜ਼ੋਨਾਂ 'ਚ 554 ਪੋਲਿੰਗ ਬੂਥਾਂ ਉੱਪਰ ਹੋਈ ਵੋਟਿੰਗ ਦਾ ਕੰਮ ਸ਼ਾਂਤੀਪੂਰਵਕ ਸੰਪੰਨ ਹੋਇਆ।ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਜ਼ਿਲ੍ਹਾ ਵਾਸੀਆਂ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀਆਂ ਦੇ ਨੁਮਾਇੰਦਿਆਂ ਦੀ ਚੋਣ ਲਈ ਵੱਖਰੇ-ਵੱਖਰੇ ਬੈਲਟ ਪੇਪਰਾਂ ਦੀ ਵਰਤੋਂ ਕਰਦਿਆਂ ਆਪਣੀ ਵੋਟ ਦਾ ਇਸਤੇਮਾਲ ਕੀਤਾ। ਪਿੰਡਾਂ ਦੇ ਲੋਕਾਂ ਨੇ ਆਪਣੀ ਮਰਜ਼ੀ ਦੇ ਨੁਮਾਇੰਦਿਆਂ ਦੀ ਚੋਣ ਲਈ ਉਤਸ਼ਾਹ ਨਾਲ ਵੋਟਾਂ ਪਾਈਆਂ ਅਤੇ ਕਈ ਪੋਲਿੰਗ ਬੂਥਾਂ 'ਤੇ ਲੋਕਾਂ ਦੀਆਂ ਲੰਮੀਆਂ-ਲੰਮੀਆਂ ਕਤਾਰਾਂ ਵੀ ਵੇਖਣ ਨੂੰ ਮਿਲੀਆਂ। ਡਿਪਟੀ ਕਮਿਸ਼ਨਰ ਨੇ ਸ਼ਾਂਤੀ ਪੂਰਵਿਕ ਚੋਣਾਂ ਕਰਵਾਉਣ ਲਈ ਜ਼ਿਲ੍ਹੇ ਦੇ ਵੋਟਰਾਂ ਤੇ ਅਧਿਕਾਰੀਆਂ ਸਮੇਤ ਚੋਣ ਅਮਲੇ ਦੇ ਸਮੂਹ ਕਰਮਚਾਰੀਆਂ ਦਾ ਧੰਨਵਾਦ ਕੀਤਾ।ਜ਼ਿਲ੍ਹਾ ਚੋਣ ਅਫ਼ਸਰ ਰਾਹੁਲ ਨੇ ਦੱਸਿਆ ਕਿ ਸਵੇਰੇ 8 ਵਜੇ ਵੋਟਾਂ ਪੈਣ ਦਾ ਕੰਮ ਸ਼ੁਰੂ ਹੋਇਆ ਅਤੇ ਸਵੇਰੇ 10 ਵਜੇ ਤੱਕ ਜ਼ਿਲ੍ਹੇ ਵਿੱਚ 7 ਪ੍ਰਤੀਸ਼ਤ ਵੋਟ ਪੋਲ ਹੋਈ।ਇਸੇ ਤਰ੍ਹਾਂ ਦੁਪਹਿਰ 12 ਵਜੇ ਤੱਕ 17.1 ਫੀਸਦੀ ਅਤੇ ਬਾਅਦ ਦੁਪਹਿਰ 2 ਵਜੇ ਤੱਕ 27.5 ਫੀਸਦੀ ਮਤਦਾਤਾਵਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ।ਇਨ੍ਹਾਂ ਚੋਣਾਂ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਤਰਨ ਤਾਰਨ, ਪੰਚਾਇਤ ਸੰਮਤੀ ਭਿੱਖੀਵਿੰਡ, ਚੋਹਲਾ ਸਾਹਿਬ, ਖਡੂਰ ਸਾਹਿਬ, ਨਾਗੋਕੇ, ਨੌਸ਼ਹਿਰਾ ਪੰਨੂਆਂ, ਪੱਟੀ ਅਤੇ ਵਲਟੋਹਾ ਵਿੱਚ ਸ਼ਾਮ 4:00 ਵਜੇ ਤੱਕ 39.3 ਫੀਸਦੀ ਪੋਲਿੰਗ ਹੋਈ।ਸ਼ਾਮ 4 ਵਜੇ ਤੋਂ ਬਾਅਦ ਵੀ ਕੁਝ ਪੋਲਿੰਗ ਬੂਥਾਂ ਵਿੱਚ ਵੋਟਰਾਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਸਨ, ਜਿਸ ਕਰਕੇ ਕੁੱਲ 40 ਫੀਸਦੀ ਦੇ ਕਰੀਬ ਪੋਲਿੰਗ ਹੋਣ ਦੀ ਸੰਭਾਵਨਾ ਹੈ।ਉਨ੍ਹਾਂ ਦੱਸਿਆ ਕਿ ਬੈਲਟ ਬਕਸੇ ਬਲਾਕ-ਵਾਈਜ਼ ਬਣਾਏ ਗਏ ਵੱਖ-ਵੱਖ 8 ਸਟਰਾਂਗ ਰੂਮਾਂ ਵਿੱਚ ਸਖਤ ਨਿਗਰਾਨੀ ਹੇਠ ਰੱਖੇ ਜਾਣਗੇ।ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਪੰਚਾਇਤ ਸੰਮਤੀ ਤਰਨ ਤਾਰਨ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅਰਜਨ ਦੇਵ ਕਾਲਜ, ਨੂਰਦੀ ਰੋਡ, ਤਰਨ ਤਾਰਨ ਵਿਖੇ ਬਣਾਇਆ ਗਿਆ ਹੈ।

ਪੰਚਾਇਤ ਸੰਮਤੀ ਖਡੂਰ ਸਾਹਿਬ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅੰਗਦ ਦੇਵ ਕਾਲਜ, (ਖੱਬਾ ਪਾਸਾ) ਖਡੂਰ ਸਾਹਿਬ, ਪੰਚਾਇਤ ਸੰਮਤੀ ਚੋਹਲਾ ਸਾਹਿਬ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਕਾਲਜ, ਚੋਹਲਾ ਸਾਹਿਬ, ਪੰਚਾਇਤ ਸੰਮਤੀ ਨਾਗੋਕੇ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅੰਗਦ ਦੇਵ ਕਾਲਜ (ਸੱਜਾ ਪਾਸਾ), ਖਡੂਰ ਸਾਹਿਬ, ਪੰਚਾਇਤ ਸੰਮਤੀ ਪੱਟੀ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਗੋਬਿੰਦ ਸਿੰਘ ਸਰਕਾਰੀ ਹਾਈ ਸਕੂਲ (ਲੜਕੇ) ਕੈਰੋਂ, ਪੰਚਾਇਤ ਸੰਮਤੀ ਨੌਸ਼ਹਿਰਾ ਪੰਨੂਆਂ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸਕੈਂਡਰੀ ਸਕੂਲ (ਲੜਕੇ) ਸਰਹਾਲੀ ਕਲਾਂ, ਪੰਚਾਇਤ ਸੰਮਤੀ ਭਿੱਖੀਵਿੰਡ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸਰਕਾਰੀ ਬਹੁ-ਤਕਨੀਕੀ ਕਾਲਜ ਅਤੇ ਪੰਚਾਇਤ ਸੰਮਤੀ ਵਲਟੋਹਾ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਆਦਰਸ਼, ਵਲਟੋਹਾ ਵਿਖੇ ਬਣਾਇਆ ਗਿਆ ਹੈ ਅਤੇ ਇਨ੍ਹਾਂ ਥਾਵਾਂ 'ਤੇ ਹੀ 17 ਦਸੰਬਰ 2025 ਨੂੰ ਵੋਟਾਂ ਦੀ ਗਿਣਤੀ ਹੋਵੇਗੀ।

# ਰਾਊਂਡ ਗਲਾਸ ਹਾਕੀ ਅਕੈਡਮੀ ਭਾਰਤੀ ਹਾਕੀ ਲਈ ਬਣੀ ਨਵੀਂ ਉਮੀਦ: ਉਲੰਪੀਅਨ ਰਜਿੰਦਰ ਸਿੰਘ



ਜਲੰਧਰ (ਸ਼ੈਲੀ ਐਲਬਰਟ)-ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਦੀ ਹਾਕੀ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਸ਼ੁਰੂ ਹੋਈ ਰਾਊਂਡ ਗਲਾਸ ਹਾਕੀ ਅਕੈਡਮੀ, ਇਸ ਸਮੇਂ ਭਾਰਤੀ ਹਾਕੀ ਲਈ ਨਵੀਂ ਉਮੀਦ ਬਣ ਗਈ ਹੈ। ਇਸ ਸਬੰਧੀ ਵਿਚਾਰ ਭਾਰਤੀ ਹਾਕੀ ਦੇ ਸਾਬਕਾ ਕੋਚ ਅਤੇ ਰਾਊਂਡ ਗਲਾਸ ਹਾਕੀ ਅਕੈਡਮੀ ਦੇ ਟੈਕਨੀਕਲ ਲੀਡ ਉਲੰਪੀਅਨ ਰਜਿੰਦਰ ਸਿੰਘ ਸੀਨੀਅਰ ਨੇ ਵਿਸ਼ੇਸ਼ ਗੱਲਬਾਤ ਕਰਦੇ ਹੋਏ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਹਾਕੀ ਤੇ ਖਾਸ ਕਰਕੇ ਭਾਰਤੀ ਹਾਕੀ ਵਿੱਚ ਪੰਜਬ ਦਾ ਯੋਗਦਾਨ ਹੋਰ ਵਧਾਉਣ ਅਤੇ ਭਾਰਤੀ ਹਾਕੀ ਦੀ ਅੰਤਰਰਾਸ਼ਟਰੀ ਪੱਧਰ ਤੇ ਧਾਂਕ ਜਮਾਉਣ ਲਈ ਇਸ ਅਕੈਡਮੀ ਵਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਵਿੱਚ ਹੀ ਰਾਊਂਡ ਗਲਾਸ ਹਾਕੀ ਅਕੈਡਮੀ ਵਲੋਂ ਪੂਣੇ ਵਿੱਖੇ ਹੋਏ ਐੱਸ ਐੱਨ ਬੀ ਪੀ ਹਾਕੀ ਟੂਰਨਾਮੈਂਟ 2025, ਨਵੀਂ ਦਿੱਲੀ ਵਿਖੇ ਹੋਏ ਜੂਨੀਅਰ ਨਹਿਰੂ ਹਾਕੀ ਟੂਰਨਾਮੈਂਟ, ਮੋਹਾਲੀ ਵਿਖੇ ਹੋਏ ਕੇਸਾਧਾਰੀ ਹਾਕੀ ਟੂਰਨਾਮੈਂਟ 2025, ਬੀਤੇ ਦਿਨ੍ਹੀਂ ਜਲੰਧਰ ਵਿਖੇ ਹੋਏ ਉਲੰਪੀਅਨ ਮਹਿੰਦਰ ਸਿੰਘ ਮੁਨਸ਼ੀ ਹਾਕੀ ਟੂਰਨਾਮੈਂਟ ਅਤੇ ਜਲੰਧਰ ਵਿਖੇ ਸਪੰਨ ਹੋਏ 19ਵੇਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਦੇ ਖਿਤਾਬ ਜਿੱਤ ਕੇ ਇਤਿਹਾਸ ਸਿਰਜਿਆ ਹੈ। ਉਨ੍ਹਾਂ ਦੱਸਿਆ ਕਿ ਰਾਊਂਡ ਗਲਾਸ ਅਕੈਡਮੀ ਦੀਆਂ ਇਨ੍ਹਾਂ ਪ੍ਰਾਪਤੀਆਂ ਨੂੰ ਹਾਸਲ ਕਰਨ ਲਈ ਅਕੈਡਮੀ ਵਲਾਂ ਪੰਜਾਬ ਦੇ ਤਕਰੀਬਨ 20 ਹਾਕੀ ਸੈਂਟਰਾਂ ਨੂੰ ਸ਼ੁਰੂ ਕੀਤਾ ਗਿਆ ਹੈ ਜਿਥੇ ਇਨ੍ਹਾਂ ਸੈਂਟਰਾਂ ਦੇ ਖਿਡਾਰੀਆਂ ਨੂੰ ਖੇਡ ਕਿੱਟਾਂ, ਖੇਡ ਸਮਾਨ ਅਤੇ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਤੇ ਉਸ ਤੋਂ ਬਾਅਦ ਉਭਰਦੇ ਖਿਡਾਰੀਆਂ ਨੂੰ ਮੋਹਾਲੀ ਵਿਖੇ ਵਿਸ਼ਵ ਪੱਧਰ ਦੀ ਸਹੂਲਤਾਂ ਨਾਲ ਲੈਸ ਰਾਊਂਡ ਗਲਾਸ ਹਾਕੀ ਅਕੈਡਮੀ ਲਈ ਖਿਡਾਰੀਆਂ ਦੀ ਚੋਣ ਕਰਕੇ ਬੇਹਤਰੀਨ ਖਿਡਾਰੀਆਂ ਵਲੋਂ ਤਰਾਸ਼ਿਆ ਜਾਂਦਾ ਹੈ, ਜਿਸ ਦਾ ਨਤੀਜਾ ਇਹ ਹੈ ਕਿ ਇਹ ਅਕੈਡਮੀ ਪੰਜਾਬ ਦੀ ਹਾਕੀ ਵਿੱਚ ਸ਼ਾਨਦਾਰ ਯਾਗਦਾਨ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਜੂਨੀਅਰ ਵਿਸ਼ਵ ਕੱਪ ਜੋ ਕਿ ਚੇਨਈ ਵਿਖੇ ਸਮਾਪਤ ਹੋਇਆ, ਜਿਥੇ ਭਾਰਤੀ ਹਾਕੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ ਹੈ, ਉਸ ਭਾਰਤੀ ਹਾਕੀ ਵਿੱਚ ਅਕੈਡਮੀ ਦੇ ਖਿਡਾਰੀ ਗੁਰਜੋਤ ਸਿੰਘ ਨੇ ਅਹਿਮ ਭੂਮਿਕਾ ਨਿਭਾਈ ਹੈ। ਇਸ ਅਕੈਡਮੀ ਦੀ ਸਫਲਤਾ ਵਿੱਚ ਜਿਥੇ ਕੋਚਾਂ ਦਾ ਅਹਿਮ ਯੋਗਦਾਨ ਹੈ ਉਥੇ ਰਾਊਂਡ ਗਲਾਸ ਦੇ ਮੁੱਖੀ ਗੁਰਪ੍ਰੀਤ ਸਿੰਘ ਸੰਨੀ ਅਤੇ ਪ੍ਰਬੰਧਕ ਅਸ਼ਫਾਕ ਉਲਾ ਖਾਨ ਦਾ ਅਹਿਮ ਹੱਥ ਹੈ।



ਕਾਹਮਾ ਅਤੇ ਗੁਣਾਚੌਰ ਵਿਖੇ ਦੁਪਹਿਰ ਸਮੇਂ ਪੋਲਿੰਗ ਸਟੇਸ਼ਨਾਂ 'ਤੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਚੋਣਾਂ ਲਈ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਇਕੱਤਰ ਹੋਏ ਵੋਟਰ ਅਤੇ ਪਿੰਡ ਕਰੀਮਪੁਰ ਵਿੱਚ ਕੈਂਡੀਡੇਟ ਸੋਨੀਆ ਦੇਵੀ ਅਤੇ ਵੋਟਰ ਵੋਟ ਪਾ ਕੇ ਉਂਗਲੀ 'ਤੇ ਨਿਸ਼ਾਨ ਦਿਖਾਉਂਦੇ ਹੋਏ (ਫੋਟੋ ਤੇ ਵੇਰਵਾ ਕੁਲਵਿੰਦਰ ਸਿੰਘ ਦੁਰਗਾਪੁਰੀਆ ਨਵਾਂਸ਼ਹਿਰ)


# ਕਲਾਸੀਫਾਈਡ ਇਸ਼ਤਿਹਾਰ

## Change of Name

I, Junas Masih S/o Saraaj Masih R/o H.No. 249, Ward No. 2, Gobind Nagar, Batala, Tehsil Batala, Distt. Gurdaspur, Punjab-143505 have changed my name from Junas Masih to Yunus Masih. Concerned Note.

I, Dheeraj Kumar S/O Ashok Kumar, R/o House No. 1645, Street No. 03, Vishkarma Nagar, Ludhiana, Central Post Office, Ludhiana, Punjab-141008, have changed my name and shall hereafter be Known as Lucky.

I, Jagdev S/O Shri Sukhdev, R/o P.O, chuharwali, Adampur, Chuharwali, Jalandhar, Punjab-144102, have changed my name and shall hereafter be Known as Jagdev Menka.

I, hitherto known as Rinku S/o Muhamad Husain residing at Street No. 10, Near Railway Crossing, Shiv Nagar, PO. Nagra, Jalandhar, Punjab-144013 have changed my name and shall hereafter be known as Rinku Husain. I have changed only my name not my religion.

I, Raju, D/O Rasham Singh R/o Sherpur, Hoshiarpur, Punjab-146105. have changed my name and shall hereafter be Known as Ravneet Kaur.

I, hitherto known as Fulwati W/o Kamla Prasad residing at H.No. 61, Basti Sheikh, Uttam Singh Nagar, Jalandhar, Punjab-144002 have changed my name and shall hereafter be known as Majila. I have changed only my name not my religion.

I, Shiwa Sharma S/O Sunil Sharma R/O H. No. 139, Tower Enclave, Phase - 3, Wadala Chowk, Jalandhar - 144003, Punjab have changed my name from Shiwa Sharma to Shiva Sharma. All note.

I, Manajit W/o Kashmiri Lal R/o H.No. E.S-270, Gali No. 1, Abadpura, Jalandhar have changed my name from Manajit to Manjit. All Please Note.

I, Harvinder Kaur W/o Gurmeet Singh R/o VPO. Talwandi Salem, Teh. Nakodar, Distt. Jalandhar have changed my name from Harvinder Kaur to Harwinder Kaur. All Please Note.

I, Rajni Chhabra Alias Mamta Pasricha W/o Narinder Kumar R/o B-12/43, Guru Nanak Nagar, Kapurthala have changed my name from Rajni Chhabra Alias Mamta Pasricha to Mamta Pasricha. All Please Note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Change of Name

I, Inderjot Minhas Wife Of Sukhdeep Singh Bawa Resident Of 534 Model Town, Jalandhar, Punjab Have Changed My Name From Inderjot Minhas To Inderjot Bawa After Marriage. All Concerned Please Note.

## PUBLIC NOTICE

I, Balwinder Kaur W/o Rocky Singh R/o 278, Phase-2, Golden Avenue, Jalandhar inform that my husband Rocky Singh S/o Jaswant Singh, presently in USA had changed his name from Thakur Preet Pal Singh to Rocky Singh, at the time of getting citizenship of USA. Both the above names are of one and same person, who is my husband, however, he is now only known by his new name i.e. Rocky Singh.

## ਆਮ ਸੂਚਨਾ

ਮੈਂ, ਸੁਰਜੀਤ ਕੌਰ ਪਤਨੀ ਮੋਹਣ ਸਿੰਘ, ਵਾਸੀ ਪਿੰਡ ਹੇਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਸੁਰਜੀਤ ਕੌਰ ਅਤੇ ਅਜੀਤ ਕੌਰ ਦੋਵੇਂ ਨਾਂਅ ਮੇਰੇ ਹਨ। ਮੈਨੂੰ ਦੋਵਾਂ ਨਾਵਾਂ ਨਾਲ ਜਾਣਿਆ ਜਾਵੇ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਕਿਰਨ ਕੌਰ ਸਿੱਧੂ ਅਤੇ ਗੁਰਪ੍ਰੀਤ ਸਿੰਘ ਵਾਸੀ ਬਰਨਾਲਾ, ਜ਼ਿਲ੍ਹਾ ਬਰਨਾਲਾ ਨੇ ਆਪਣਾ ਨਾਮ ਬਦਲ ਕੇ ਕਿਰਨ ਕੌਰ ਰੱਖ ਲਿਆ ਹੈ।

## ਬੇਦਖਲੀ ਨੋਟਿਸ


ਅਸੀਂ ਨਰਿੰਦਰ ਸਿੰਘ ਪੁੱਤਰ ਸ਼੍ਰੀ ਸੁੱਚਾ ਸਿੰਘ ਅਤੇ ਜਗਦੀਸ਼ ਕੌਰ ਪਤਨੀ ਨਰਿੰਦਰ ਸਿੰਘ ਵਾਸੀਆਨ ਪਿੰਡ ਤੇ ਡਾਕਖਾਨਾ ਲੱਲੀਆਂ ਕਲਾਂ, ਜ਼ਿਲ੍ਹਾ ਜਲੰਧਰ, ਪੰਜਾਬ-144028 ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਵੰਨਸ਼ਦੀਪ ਕੌਰ ਉਰਫ ਵੰਨਸ਼ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜ਼ੀ ਕਰਦੀ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਵਿਜੇ ਕੁਮਾਰ ਭਗਤ ਪੁੱਤਰ ਸ਼੍ਰੀ ਕਰਮ ਚੰਦ ਅਤੇ ਸੁਨੀਤਾ ਪਤਨੀ ਵਿਜੇ ਕੁਮਾਰ ਭਗਤ ਵਾਸੀਆਨ ਮਕਾਨ ਨੰਬਰ 106, ਟਾਵਰ ਇਨਕਲੇਵ ਨੇੜੇ ਬੀ. ਐੱਸ. ਪੀ. ਦਫ਼ਤਰ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਹਿਬਾਜ਼ ਸਿੰਘ ਅਤੇ ਉਸ ਦੀ ਪਤਨੀ ਮਨੀਸ਼ਾ ਰਾਏ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਦੋਵਾਂ ਨੂੰ ਆਪਣੀ ਪੂਰੇ ਭਾਰਤ ਵਿਚ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਇਨ੍ਹਾਂ ਨਾਲ ਕੋਈ ਰਿਸ਼ਤਾ-ਨਾਤਾ ਜਾਂ ਲੈਣ-ਦੇਣ ਨਹੀਂ ਰਿਹਾ। ਜਿਹੜਾ ਕੋਈ ਵੀ ਸਕਾ-ਸੰਬੰਧੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਰਿਸ਼ਤਾ-ਨਾਤਾ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (12848)

ਮੈਂ, ਰਾਜ ਲਾਲ ਪੁੱਤਰ ਸੀਤਾ ਰਾਮ ਵਾਸੀ ਪਿੰਡ ਚਿੱਟੀ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦੀਪਕ ਕੁਮਾਰ ਅਤੇ ਉਸਦੀ ਪਤਨੀ ਮਨੀਸ਼ਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।


# ਅਮਨ-ਸ਼ਾਂਤੀ ਨਾਲ 56.2 ਫ਼ੀਸਦੀ ਹੋਈ ਪੋਲਿੰਗ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ 11 ਜ਼ੋਨਾਂ ਤੇ 4 ਬਲਾਕ ਸੰਮਤੀਆਂ ਦੇ 86 ਜ਼ੋਨਾਂ ਲਈ ਵੋਟਾਂ ਦਾ ਅਮਲ ਅਮਨ-ਸ਼ਾਂਤੀ ਨਾਲ ਸੰਪੰਨ ਹੋ ਗਿਆ।ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਨੇ ਜ਼ਿਲ੍ਹਾ ਵਾਸੀਆਂ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ ਕੁੱਲ 56.2 ਫੀਸਦੀ ਪੋਲਿੰਗ ਹੋਈ ਹੈ।ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਕੀਤੀ ਜਾਵੇਗੀ।ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਮਾਨਸਾ ਲਈ ਵੋਟਾਂ ਦੀ ਗਿਣਤੀ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ਼ ਮਾਨਸਾ, ਪੰਚਾਇਤ ਸੰਮਤੀ ਝੁਨੀਰ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੁਨੀਰ, ਪੰਚਾਇਤ ਸੰਮਤੀ ਸਰਦੂਲਗੜ੍ਹ ਲਈ ਸਰਦਾਰ ਬਲਰਾਜ ਸਿੰਘ ਭੂੰਦੜ ਸਰਕਾਰੀ ਮੈਮੋਰੀਅਲ ਕਾਲਜ਼ ਸਰਦੂਲਗੜ੍ਹ, ਪੰਚਾਇਤ ਸੰਮਤੀ ਬੁਢਲਾਡਾ ਲਈ ਕ੍ਰਿਸ਼ਨਾ ਕਾਲਜ਼ ਆਫ ਹਾਇਰ ਐਜੂਕੇਸ਼ਨ ਰੱਲੀ ਵਿਖੇ ਗਿਣਤੀ ਕੇਂਦਰ ਸਥਾਪਤ ਕੀਤੇ ਗਏ ਹਨ।



ਕਾਂਗਰਸ ਦੇ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਕੜਾਹੇ ਵਾਲਾ (ਮੋਗਾ) ਤੋਂ ਉਮੀਦਵਾਰ ਜਸਬੀਰ ਕੌਰ ਮਸਤੇਵਾਲਾ ਅਤੇ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਕੋਟ ਈਸੇ ਖਾਂ ਸ਼ਵਾਜ ਸਿੰਘ ਭੋਲਾ ਮਸਤੇਵਾਲਾ ਆਪਣੀ ਵੋਟ ਪਾਉਣ ਤੋਂ ਬਾਅਦ ਨਿਸ਼ਾਨ ਦਿਖਾਉਂਦੇ ਹੋਏ। (ਫੋਟੋ ਤੇ ਵੇਰਵਾ : ਅਰੋੜਾ, ਕੋਟ ਈਸੇ ਖਾਂ)


ਕੋਰਟ ਨੋਟਿਸ

ਜ਼ਿਲ੍ਹਾ ਮੈਰਿਜ ਅਫਸਰ, ਤਰਨ ਤਾਰਨ

V/S ਆਮ ਜਨਤਾ



ਵਿਸ਼ਾ: ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

ਬਿਨੈਕਾਰ ਦਾ ਨਾਮ- ਸੁਖਵੰਤ ਸਿੰਘ

ਪਿਤਾ/ਪਤੀ ਦਾ ਨਾਮ: ਪਿਆਰਾ ਸਿੰਘ

ਪਤਾ-385 WARD NO 8 NEAR BABA SHAH MADAR JI TEHSILPATTI/District - Tarn Taran, Punjab

ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤ ਗਏ ਹਨ:-

ਨਾਮ: ਜਗਬੀਰ ਸਿੰਘ

ਪੱਕਾ ਪਤਾ: 385 WARD NO 8 NEAR BABA SHAH MADAR JI PATTI, Tarn Taran, Punjab

ਵਿਦੇਸ਼ੀ ਪਤਾ:BARBING GERMANY/ ਬਰਬਿੰਗ ਜਰਮਨੀ

ਉਮਰ/ਜਨਮ ਮਿਤੀ:34-(07/05/1991)

ਬਿਨੈਕਾਰ ਨੇ ਕਿਹਾ ਹੈ ਕਿ ਉਸ ਦੇ ਪੁੱਤਰ ਦਾ ਭਾਰਤ ਵਿਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 10/12/2025 ਨੂੰ ਜਾਰੀ ਹੋਇਆ।

ਸਹੀ /-ਜ਼ਿਲ੍ਹਾ ਮੈਰਿਜ ਅਫ਼ਸਰ, ਤਰਨ ਤਾਰਨ।

ਨੰਬਰ: M.A/MC1/292-94 ਮਿਤੀ 10/12/25



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹੋਣਹਾਰ ਵਿਦਿਆਰਥਣਾਂ ਰਣਦੀਪ ਕੌਰ ਅਤੇ ਯਸ਼ਪ੍ਰੀਤ ਕੌਰ ਦਾ ਮਾਣ-ਸਨਮਾਨ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**- ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਅੰਧਵੀ ਚੇਤਨਾ ਪਰਖ ਪ੍ਰੀਖਿਆ ਮਹਾਨ ਦੇਸ਼ ਭਗਤ ਬੀਬੀ ਗੁਲਾਬ ਕੌਰ ਦੀ ਯਾਦ ਨੂੰ ਸਮਰਪਿਤ ਪੰਜਾਬ ਭਰ ਦੇ ਚੋਣਵੇਂ ਸਕੂਲਾਂ ਵਿੱਚ ਕਰਵਾਈ ਗਈ ਜਿਸ ਤਹਿਤ ਗਰੀਨ ਫੀਲਡਜ਼ ਪਬਲਿਕ ਸਕੂਲ ਦਿਆਲਪੁਰਾ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਪ੍ਰੀਖਿਆ ਦੇ ਵਿੱਚ ਗਰੀਨ ਫੀਲਡਜ਼ ਪਬਲਿਕ ਸਕੂਲ ਦਿਆਲਪੁਰਾ ਦੀ ਵਿਦਿਆਰਥਣ ਰਣਦੀਪ ਕੌਰ ਅਤੇ ਯਸ਼ਪ੍ਰੀਤ ਕੌਰ ਨੇ ਇਕਾਈ ਪੱਧਰ 'ਤੇ ਪੁਜ਼ੀਸ਼ਨਾਂ ਪ੍ਰਾਪਤ ਕੀਤੀਆਂ।ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਤਰਨ ਤਰਨ ਦੇ ਵੱਲੋਂ ਜ਼ੋਨ ਮੀਡੀਆ ਮੁਖੀ ਜਸਵੰਤ ਬਾਗੜੀਆਂ, ਹਰਨੇਕ ਸਿੰਘ ਭੱਲਿਆਂਵਾਲਾ ਅਤੇ ਜਸਵੰਤ ਸਿੰਘ ਪੱਧਰੀ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਉਨ੍ਹਾਂ ਦੇ ਸਕੂਲ ਪਹੁੰਚੇ ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਅੰਧ ਵਿਸ਼ਵਾਸ ਅਤੇ ਵਹਿਮ ਭਰਮ ਇੱਕ ਸਭਿਅਕ ਸਮਾਜ ਦੀ ਤਰੱਕੀ ਵਿੱਚ ਰੁਕਾਵਟ ਹਨ, ਅੱਜ ਦੇ ਵਿਗਿਆਨਕ ਯੁੱਗ ਵਿੱਚ ਅੰਧ ਵਿਸ਼ਵਾਸ, ਵਹਿਮਾਂ ਭਰਮਾਂ ਅਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਇੱਕ ਚੰਗਾ ਸਮਾਜ ਸਿਰਜਣ ਵਿੱਚ ਨੌਜਵਾਨ ਪੀੜ੍ਹੀ ਨੂੰ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਫੋਕੀਆਂ, ਭੈੜੀਆਂ ਤੇ ਖਰਚੀਲੀਆਂ ਰਸਮਾਂ ਅਤੇ ਰਿਵਾਜ ਛੱਡ ਦੇਣੇ ਚਾਹੀਦੇ ਹਨ।ਇਸ ਮੌਕੇ ਉਨ੍ਹਾਂ ਵੱਲੋਂ ਹੱਥ ਦੀ ਸਫਾਈ ਦੇ ਹੈਰਾਨੀਜਨਕ ਟਰਿਕ ਵੀ ਵਿਖਾਏ ਗਏ ਅਤੇ ਇਨ੍ਹਾਂ ਟਰਿੱਕਾਂ ਪਿੱਛੇ ਛੁਪੀ ਹੋਈ ਸੱਚਾਈ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸਰਦਾਰ ਅਮਨਦੀਪ ਸਿੰਘ ਅਤੇ ਐੱਮਡੀ ਦੇਵਰਾਜ ਸਿੰਘ ਨੇ ਤਰਕਸ਼ੀਲ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਹਰ ਗੱਲ ਨੂੰ ਤਰਕ ਦੀ ਕਸੌਟੀ ਤੇ ਪਰਖਣ ਉਪਰੰਤ ਹੀ ਮੰਨਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰਿੰਸੀਪਲ ਵਾਈਸ ਪ੍ਰਿੰਸੀਪਲ ਅਮਨਪ੍ਰੀਤ ਕੌਰ, ਮੈਡਮ ਭਾਰਤੀ ਸ਼ਰਮਾ, ਰਾਜਵਿੰਦਰ ਕੌਰ, ਗੁਰਮੀਤ ਕੌਰ, ਮਨਮੀਤ ਕੌਰ, ਅਮਰਦੀਪ ਕੌਰ, ਨਵਰੂਪ ਕੌਰ, ਮਨਜਿੰਦਰ ਕੌਰ, ਤਨਵੀਰ ਕੌਰ ਰਮਨਦੀਪ ਕੌਰ, ਰਮਨਜੋਤ ਕੌਰ, ਮਨਦੀਪ ਕੌਰ, ਕਿਰਨਦੀਪ ਕੌਰ, ਪਰਮਜੀਤ ਸਿੰਘ ਜਸ਼ਨਦੀਪ ਸਿੰਘ ਆਦਿ ਹਾਜ਼ਰ ਸਨ।



# ਹੜ੍ਹ ਪ੍ਰਭਾਵਿਤ ਕਿਸਾਨਾਂ ਨੇ ਡਿਫੈਂਸ ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਨ ਦੀ ਮੰਗ ਉਠਾਈ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪਿੰਡ ਪੱਖੋਕੇ ਟਾਹਲੀ ਸਾਹਿਬ ਵਿਖੇ ਧੁੱਸੀ ਬੰਨ੍ਹ ਵਿੱਚ ਪਏ ਵੱਡੇ ਪਾੜ ਨੂੰ ਪੂਰਨ ਲਈ ਹੜ੍ਹ ਪ੍ਰਭਾਵਿਤ ਕਿਸਾਨਾਂ ਨੇ ਮੰਗ ਉਠਾਈ ਹੈ। ਇਸ ਮੌਕੇ ਪ੍ਰਭਾਵਿਤ ਕਿਸਾਨ ਗੁਰਨਾਮ ਸਿੰਘ, ਨਸੀਬ ਸਿੰਘ, ਗੁਰਮੁਖ ਸਿੰਘ, ਰਤਨ ਸਿੰਘ, ਦਿਲਬਾਗ ਸਿੰਘ, ਹਰਪਾਲ ਸਿੰਘ, ਜਸਬੀਰ ਸਿੰਘ, ਤਰਸੇਮ ਸਿੰਘ, ਹਰਭਾਗ ਸਿੰਘ, ਮਨਪ੍ਰੀਤ ਸਿੰਘ, ਸੁਖਦੇਵ ਸਿੰਘ, ਪਿਤਾਪਾਲ ਸਿੰਘ ਆਦਿ ਨੇ ਦੱਸਿਆ ਕਿ 25 ਤੇ 26 ਅਗਸਤ ਦੀ ਦਰਮਿਆਨੀ ਰਾਤ ਰਾਵੀ ਦਰਿਆ ਦੇ ਵਧੇ ਪਾਣੀ ਦੇ ਪੱਧਰ ਕਾਰਨ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਨਾਲ ਲੱਗਦੇ ਪਿੰਡ ਪੱਖੋਕੇ ਟਾਹਲੀ ਸਾਹਿਬ ਵਿਖੇ ਡਿਫੈਂਸ ਧੁੱਸੀ ਬੰਨ੍ਹ ਟੁੱਟਣ ਕਾਰਨ ਜਿੱਥੇ ਪਿੰਡ ਪੱਖੋਕੇ ਟਾਹਲੀ ਸਾਹਿਬ ਵਿੱਚ ਛੇ ਤੋਂ ਅੱਠ ਫੁੱਟ ਤੱਕ ਪਾਣੀ ਖੜ੍ਹਾ ਹੋਣ ਕਰਕੇ ਵੱਡੀ ਤਬਾਹੀ ਮੱਚੀ ਸੀ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਕਰਤਾਰਪੁਰ ਕੋਰੀਡੋਰ ਨਾਲ ਲੱਗਦੀ ਡਿਫੈਂਸ ਧੁੱਸੀ ਵਿੱਚ ਤਿੰਨ ਥਾਵਾਂ ਤੇ ਵੱਡੇ ਪਾੜ ਪੈ ਗਏ ਸਨ ਅਤੇ ਪਿੰਡ ਪੱਖੋਕੇ ਟਾਹਲੀ ਸਾਹਿਬ ਦੇ ਕਰੀਬ 40 ਏਕੜ ਤੋਂ ਵੱਧ ਰਕਬੇ ਵਿੱਚ ਰੇਤ, ਪਲ ਅਤੇ ਗਾਰ ਖੇਤਾਂ ਵਿੱਚ ਚਾਰ ਤੋਂ ਪੰਜ ਫੁੱਟ ਤੱਕ ਚੜ੍ਹ ਗਈ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਿਨਾਂ ਵਿੱਚ ਸਮਾਜ ਸੇਵੀ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵੱਲੋਂ ਉਨ੍ਹਾਂ ਦੇ ਪਿੰਡਾਂ ਦੇ ਲੋਕਾਂ ਦੀ ਸਾਰ ਲੈਂਦਿਆਂ ਹੋਇਆਂ ਜਿੱਥੇ ਕੁਝ ਜ਼ਮੀਨਾਂ ਨੂੰ ਆਬਾਦ ਕਰਨ ਤੋਂ ਇਲਾਵਾ ਨਹਿਰੀ ਵਿਭਾਗ ਅਤੇ ਸਰਕਾਰ ਵੱਲੋਂ ਦੋ ਬੰਨ੍ਹਾਂ ਨੂੰ ਬੰਨ੍ਹ ਦਿੱਤਾ ਗਿਆ ਸੀ ਪ੍ਰੰਤੂ ਅਜੇ ਵੀ ਸਵਾ 4 ਫੁੱਟ ਤੋਂ ਵੱਧ ਲੰਬਾ ਅਤੇ 60 ਤੋਂ 70 ਫੁੱਟ ਡੂੰਘਾ ਪਾੜ ਅਜੇ ਵੀ ਡਿਫੈਂਸ ਧੁੱਸੀ ਵਿੱਚ ਪਿਆ ਹੋਇਆ ਹੈ।ਉਨ੍ਹਾਂ ਦੱਸਿਆ ਕਈ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਦੋ ਦੋ ਫੁੱਟ ਤੋਂ ਵੱਧ ਰੇਤ ਅਜੇ ਵੀ ਹੋਣ ਕਾਰਨ 20 ਏਕੜ ਤੋਂ ਵੱਧ ਜ਼ਮੀਨ ਬੰਜਰ ਪਈ ਹੋਈ। ਇਸ ਮੌਕੇ ਗੁਰਨਾਮ ਸਿੰਘ ਨੇ ਦੱਸਿਆ ਕਿ ਡਿਫੈਂਸ ਧੁੱਸੀ ਬੰਨ੍ਹ ਵਿੱਚ ਪਏ ਪਾੜ ਕਾਰਨ ਨਾਲ ਲੱਗਦੀਆਂ ਜ਼ਮੀਨਾਂ ਦੇ ਕਿਸਾਨਾਂ ਪ੍ਰਭਾਵਿਤ ਹੋਏ ਹਨ।ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਇਸ ਬੰਨ੍ਹ ਨੂੰ ਭਰਨ ਸਬੰਧੀ ਮਾਨਯੋਗ ਏਡੀਸੀ ਗੁਰਦਾਸਪੁਰ ਨੂੰ ਵੀ ਜਾਣੂ ਕਰਵਾਇਆ ਗਿਆ ਸੀ।ਇਸ ਮੌਕੇ ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਡਿਫੈਂਸ ਧੁੱਸੀ ਬੰਨ੍ਹ ਨੂੰ ਭਰਨ ਸਬੰਧੀ ਤੁਰੰਤ ਪ੍ਰਭਾਵ ਨਾਲ ਕਾਰਵਾਈ ਕੀਤੀ ਜਾਵੇ ਤਾਂ ਜੋ ਕਿਸਾਨ ਆਪਣੀਆਂ ਬੰਜਰ ਹੋਈਆਂ ਜ਼ਮੀਨਾਂ ਨੂੰ ਆਬਾਦ ਕਰ ਸਕਣ।ਇਸ ਸਬੰਧੀ ਡਰੇਨ ਵਿਭਾਗ ਦੇ ਐਕਸੀਅਨ ਦਿਲਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਬੰਨ੍ਹ ਨੂੰ ਬਣਾਉਣ ਲਈ ਟੈਂਡਰ ਹੋ ਚੁੱਕਾ ਹੈ ਅਤੇ ਜਲਦ ਹੀ ਬੰਨ੍ਹ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।



# ਜੇਐੱਮਕੇ ਪ੍ਰੀ-ਸਕੂਲ ਦਾ ਦੂਜਾ ਸਾਲਾਨਾ ਸਮਾਰੋਹ ਧੂਮਧਾਮ ਨਾਲ ਸਮਾਪਤ



**ਪਠਾਨਕੋਟ (ਦਵਿੰਦਰ ਸਿੰਘ)**- ਜੇਐੱਮਕੇ ਪ੍ਰੀ ਸਕੂਲ ਪਠਾਨਕੋਟ ਵੱਲੋਂ ਦੂਜੇ ਸਾਲਾਨਾ ਸਮਾਰੋਹ ਦਾ ਆਯੋਜਨ ਸਕੂਲ ਹੈੱਡ ਮਿਸਟ੍ਰੈੱਸ ਰਿਪਲ ਭੰਡਾਰੀ ਦੀ ਅਗਵਾਈ ਹੇਠ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਲੈਫਟੀਨੈਂਟ ਕਰਨਲ ਸੱਜਾਦ ਅਹਿਮਦ ਅਤੇ ਡੀਈਓ ਕਮਲਪ੍ਰੀਤ ਕੌਰ ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨਾਂ ਵਿੱਚ ਡਿਸਟ੍ਰਿਕਟ ਸਪੋਰਟਸ ਕੋਆਰਡੀਨੇਟਰ ਅਰੁਣ ਸ਼ਰਮਾ, ਜੇਐੱਮਕੇ ਗਰੁੱਪ ਦੇ ਚੇਅਰਮੈਨ ਅਨੁਜ ਸੂਦ, ਵਾਈਸ ਚੇਅਰਪਰਸਨ ਵੰਦਨਾ ਸੂਦ, ਅਸਿਸਟੈਂਟ ਡਾਇਰੈਕਟਰ ਚਰਨਜੀਤ ਸਿੰਘ ਅਤੇ ਜੇਐੱਮਕੇ ਇੰਟਰਨੈਸ਼ਨਲ ਸਕੂਲ ਦੀ ਪ੍ਰਿੰ. ਨੀਤੀ ਕੰਵਰ ਸ਼ਾਮਲ ਸਨ।ਸਮਾਰੋਹ ਵਿੱਚ ਸਕੂਲ ਦੇ ਬੱਚੇ ਆਪਣੇ ਮਾਪਿਆਂ ਨਾਲ ਸ਼ਾਮਲ ਹੋਏ।ਰੰਗਾਰੰਗ ਪ੍ਰੋਗਰਾਮ ਦੌਰਾਨ ਸਕੂਲ ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਵੈਲਕਮ ਸਪੀਚ, ਸਕੂਲ ਬੈਂਡ, ਸਰਸਵਤੀ ਵੰਦਨਾ, ਯੋਗਾ, ਕਰਾਟੇ, ਡੂਬੀ-ਡੂਬੀ ਡੰਮ-ਡੰਮ, ਯੂਨਿਟੀ ਇਨ ਡਾਇਵਰਸਿਟੀ, ਕਸ਼ਮੀਰੀ ਡਾਂਸ, ਮੇਡ ਇਨ ਇੰਡੀਆ, ਭੰਗੜਾ ਅਤੇ ਗਿੱਧਾ ਆਦਿ 'ਤੇ ਆਪਣੀਆਂ ਪੇਸ਼ਕਾਰੀਆਂ ਦੇ ਕੇ ਸਭ ਦਾ ਮਨ ਮੋਹ ਲਿਆ।ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਵੀ ਕਰਵਾਈਆਂ ਗਈਆਂ।ਮੁੱਖ ਮਹਿਮਾਨ ਲੈਫਟੀਨੈਂਟ ਕਰਨਲ ਸੱਜਾਦ ਅਹਿਮਦ ਅਤੇ ਡੀਈਓ ਕਮਲਪ੍ਰੀਤ ਕੌਰ ਨੇ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਦੀ ਵਾਈਸ ਚੇਅਰਪਰਸਨ ਵੰਦਨਾ ਸੂਦ ਨੇ ਕਿਹਾ ਕਿ ਜੇਐੱਮਕੇ ਪ੍ਰੀ ਸਕੂਲ ਵੱਲੋਂ ਇਹ ਦੂਜਾ ਸਾਲਾਨਾ ਸਮਾਰੋਹ ਆਯੋਜਿਤ ਕੀਤਾ ਗਿਆ ਹੈ।ਉਨ੍ਹਾਂ ਨੇ ਸਮਾਰੋਹ ਨੂੰ ਸਫ਼ਲ ਬਣਾਉਣ ਲਈ ਸਾਰੇ ਅਧਿਆਪਕਾਂ ਦੇ ਯਤਨਾਂ ਅਤੇ ਮਾਪਿਆਂ ਦੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ। ਸਮਾਰੋਹ ਦਾ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਲਈ ਯਾਦਗਾਰੀ ਅਨੁਭਵ ਰਿਹਾ।

# ਹਲਕਾ ਮਜੀਠਾ 'ਚ ਆਪ ਦੇ ਵਰਕਰਾਂ ਨੇ ਜ਼ੋਰਾਂ-ਸ਼ੋਰਾਂ ਨਾਲ ਕਰਵਾਈ ਵੋਟਿੰਗ



**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਮੌਕੇ ਕਸਬਾ ਚਵਿੰਡਾ ਦੇਵੀ ਤੋਂ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਜ਼ੋਰਾਂ-ਸ਼ੋਰਾਂ ਨਾਲ ਵੋਟਿੰਗ ਕਰਵਾ।ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਕਿਹਾ ਕਿ ਬਲਾਕ ਸੰਮਤੀ ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਮਜੀਠਾ ਹਲਕੇ ਤੋਂ ਬਹੁਤ ਵੱਡੀ ਲੀਡ ਨਾਲ ਜਿੱਤੇਗੀ।ਇਸ ਮੌਕੇ ਦੀਪਕ ਭੰਡਾਰੀ, ਸਵਰਨ ਸਿੰਘ (ਐੱਸ.ਐੱਸ.), ਵਿਕਰਮ ਭੰਡਾਰੀ, ਜਗਦੀਸ਼ ਸਿੰਘ (ਸੈਕਟਰੀ), ਸਵਰਨਜੀਤ ਸਿੰਘ, ਅਜੈਪਾਲ ਸਿੰਘ (ਏ.ਪੀ.), ਜਸਪਾਲ ਸ਼ਰਮਾ, ਹਰਪਾਲ ਸਿੰਘ, ਰਜਿੰਦਰ ਸਿੰਘ (ਲਾਟੀ), ਜਗਦੀਪ ਸ਼ਰਮਾ, ਬਲਬੀਰ ਸਿੰਘ (ਬਿੱਲਾ), ਜੰਗ ਸਿੰਘ (ਜੰਗੀ), ਉਪਕਾਰ ਸਿੰਘ (ਕਾਰੀ), ਰਣਜੀਤ ਸਿੰਘ (ਬਿੱਟਾ), ਮਾਸਟਰ ਗੰਗਾ ਸਿੰਘ, ਹਰਮੀਤ ਸਿੰਘ ਫੌਜੀ, ਹਰਨੂਰ ਸਿੰਘ, ਕਰਨਬੀਰ ਸਿੰਘ, ਹੀਰਾ ਸਿੰਘ, ਹਰਜੋਤ ਸੰਧੂ, ਹਰਪ੍ਰੀਤ ਸਿੰਘ ਆਦਿ ਵਰਕਰ ਹਾਜ਼ਰ ਸਨ।

# ਪੀਐੱਮ ਸ੍ਰੀ ਸਕੂਲ 'ਚ ਜਵਾਹਰ ਨਵੋਦਿਆ ਵਿਦਿਆਲਾ 'ਚ ਦਾਖਲੇ ਲਈ ਛੇਵੀਂ ਦੀ ਪ੍ਰੀਖਿਆ ਸਫ਼ਲਤਾਪੂਰਵਕ ਸੰਪੰਨ

**ਪਠਾਨਕੋਟ (ਦਵਿੰਦਰ ਸਿੰਘ)**- ਪੀਐੱਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਛੇਵੀਂ ਜਮਾਤ ਵਿੱਚ ਦਾਖ਼ਲੇ ਲਈ ਪ੍ਰੀਖਿਆ 13 ਸੈਂਟਰਾਂ ਵਿੱਚ ਸਫ਼ਲਤਾਪੂਰਵਕ ਸੰਪੰਨ ਹੋਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀਐੱਮ ਸ੍ਰੀ ਜਵਾਹਰ ਨਵੋਦਿਆ ਵਿਦਿਆਲਾ ਦੇ ਪ੍ਰਿੰ. ਡਾ. ਸੰਦੀਪ ਕੁਮਾਰ ਨੇ ਦੱਸਿਆ ਕਿ ਡਾ. ਪੱਲਵੀ ਡਿਪਟੀ ਕਮਿਸ਼ਨਰ ਪਠਾਨਕੋਟ ਦੀ ਅਗਵਾਈ ਹੇਠ ਅਤੇ ਸਿੱਖਿਆ ਵਿਭਾਗ ਪਠਾਨਕੋਟ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ ਅਲੱਗ-ਅਲੱਗ 13 ਸੈਂਟਰਾਂ ਵਿੱਚ ਆਯੋਜਿਤ ਕੀਤੀ ਗਈ ਪ੍ਰੀਖਿਆ ਲਈ 2554 ਵਿਦਿਆਰਥੀਆਂ ਵਿੱਚੋਂ 2049 ਵਿਦਿਆਰਥੀ ਹਾਜ਼ਰ ਹੋਏ, ਜਦਕਿ 505 ਵਿਦਿਆਰਥੀ ਗੈਰ-ਹਾਜ਼ਰ ਰਹੇ।ਉਨ੍ਹਾਂ ਦੱਸਿਆ ਕਿ 1253 ਮੁੰਡਿਆਂ ਅਤੇ 1301 ਕੁੜੀਆਂ ਨੇ ਛੇਵੀਂ ਜਮਾਤ ਵਿੱਚ ਦਾਖ਼ਲੇ ਲਈ ਪ੍ਰਵੇਸ਼ ਪ੍ਰੀਖਿਆ ਵਿੱਚ ਰਜਿਸਟ੍ਰੇਸ਼ਨ ਕਰਵਾਈ ਸੀ ਜਿਨ੍ਹਾਂ ਵਿੱਚੋਂ 977 ਮੁੰਡੇ ਅਤੇ 1072 ਕੁੜੀਆਂ ਨੇ ਇਸ ਪ੍ਰਵੇਸ਼ ਪ੍ਰੀਖਿਆ ਵਿੱਚ ਭਾਗ ਲਿਆ ਹੈ।ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਅਤੇ ਐਲੀਮੈਂਟਰੀ ਕਮਲਦੀਪ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਅਮਨਦੀਪ ਕੁਮਾਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀ. ਜੀ. ਸਿੰਘ ਸਮੇਤ ਵੱਖ- ਵੱਖ ਅਧਿਕਾਰੀਆਂ ਵੱਲੋਂ ਵੱਖ-ਵੱਖ ਸੈਂਟਰਾਂ ਦਾ ਦੌਰਾ ਕੀਤਾ ਗਿਆ ਅਤੇ ਪ੍ਰੀਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਜ਼ਿਲ੍ਹਾ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੇ ਪ੍ਰੀਖਿਆ ਕੇਂਦਰਾਂ ਵਿੱਚ ਪ੍ਰਬੰਧ ਬਹੁਤ ਹੀ ਬਿਹਤਰੀਨ ਸਨ।ਸਟਾਫ਼ ਬਹੁਤ ਹੀ ਤਨਦੇਹੀ ਨਾਲ ਡਿਊਟੀ ਨਿਭਾ ਰਿਹਾ ਸੀ।ਇਸ ਮੌਕੇ ਸੁਪ੍ਰਿੰਟੈਂਡੈਂਟ ਮੁਨੀਸ਼, ਕੇਵਲ ਕੁਮਾਰ, ਸਾਗਰ ਮਲ, ਰਵਿੰਦਰ ਸਿੰਘ, ਸ਼ਕਤੀ ਸਿੰਘ, ਮੁਕੇਸ਼ ਸਿੰਘ, ਪਵਨ ਕੁਮਾਰ, ਵਰਿੰਦਰ ਸਿੰਘ, ਮਦਨ ਲਾਲ, ਲਲਿਤ ਸ਼ਰਮਾ, ਅਜੇ ਕੁਮਾਰ, ਸੱਤਪਾਲ, ਸਰਤਾਜ ਪੰਨੂੰ, ਅਮਿਤ ਗੁਪਤਾ, ਸੰਜੀਵ ਮਨੀ ਅਤੇ ਬਲਕਾਰ ਅੱਤਰੀ ਆਦਿ ਹਾਜ਼ਰ ਸਨ।



# ਲਾਇਬ੍ਰੇਰੀ ਰੋਡ ਤੋਂ ਹਨੂੰਮਾਨ ਚੌਕ ਤੱਕ ਸੜਕ ਵਿਚਕਾਰ ਫੁੱਟਪਾਥ ਤੇ ਡਿਵਾਈਡਰ ਬਣਾਉਣ ਦੀ ਮੰਗ ਨੇ ਫੜਿਆ ਜ਼ੋਰ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਸ਼ਹਿਰ ਦੀ ਸਭ ਤੋਂ ਵੱਧ ਟਰੈਫਿਕ ਜਾਮ ਵਾਲੀ ਸੜਕ ਲਾਇਬ੍ਰੇਰੀ ਰੋਡ ਤੇ ਪਿਛਲੇ ਸਮੇਂ ਚਿੱਟੀ ਤੇ ਫਿਰ ਪੀਲੀ ਪੱਟੀ ਲਗਾਉਣ ਦੇ ਬਾਵਜੂਦ ਟਰੈਫਿਕ ਜਾਮ ਦੀ ਸਮੱਸਿਆ ਵਿਚ ਕੋਈ ਫਰਕ ਨਹੀਂ ਪੈ ਰਿਹਾ, ਉਲਟਾ ਲੋਕ ਸੜਕ ਦੇ ਇਕ ਪਾਸੇ ਬਣੀਆਂ ਦੋ ਪੀਲੀਆਂ ਪੱਟੀਆਂ ਨੂੰ ਕਾਰ ਪਾਰਕਿੰਗ ਵਾਲੀ ਜਗ੍ਹਾ ਸਮਝ ਕੇ ਲੋਕਾਂ ਦੀਆਂ ਦੁਕਾਨਾਂ ਅੱਗੇ ਬੇਖੌਫ ਆਪਣੀਆਂ ਕਾਰਾਂ ਆਦਿ ਖੜੀਆਂ ਕਰਕੇ ਬਾਜ਼ਾਰਾਂ ਅੰਦਰ ਸ਼ਾਪਿੰਗ ਕਰਨ ਚਲੇ ਜਾਂਦੇ ਹਨ ਜਿਸ ਨਾਲ ਦੁਕਾਨਦਾਰ ਵੀ ਪ੍ਰੇਸ਼ਾਨ ਹੋ ਰਹੇ ਹਨ ਅਤੇ ਟਰੈਫਿਕ ਜਾਮ ਵਿੱਚ ਵੀ ਕੋਈ ਕਮੀ ਨਹੀਂ ਆ ਰਹੀ। ਲੋੜ ਹੈ ਇਸ ਲਾਇਬ੍ਰੇਰੀ ਰੋਡ ਦੇ ਦੋਵੇਂ ਪਾਸੇ ਫੁੱਟਪਾਥ ਅਤੇ ਸੜਕ ਵਿੱਚਕਾਰ ਡਿਵਾਈਡਰ ਬਣਾਇਆ ਜਾਵੇ। ਜ਼ਿਕਰਯੋਗ ਹੈ ਕਿ ਲਾਈਬ੍ਰੇਰੀ ਚੌਕ ਤੋਂ ਹਨੂਮਾਨ ਚੌਕ ਤੱਕ ਜ਼ਿਆਦਾਤਰ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਅੱਗੇ ਰੇਹੜੀਆਂ ਲਗਵਾਈਆਂ ਹੋਈਆਂ ਹਨ ਜਿਸ ਪਾਸੋਂ ਦਿਹਾੜੀ ਦੇ ਹਿਸਾਬ ਨਾਲ ਮੋਟੇ ਪੈਸੇ ਵਸੂਲਦੇ ਹਨ ਜਦਕਿ ਖੁਦ ਇਹ ਦੁਕਾਨਦਾਰ ਪਿਛਲੇ ਪਾਸੇ ਆਪਣਾ ਕਾਰੋਬਾਰ ਕਰਦੇ ਰਹਿੰਦੇ ਹਨ। ਇਨ੍ਹਾਂ ਰੇਹੜੀਆਂ ਵਿੱਚ ਜ਼ਿਆਦਾਤਰ ਖਾਣ ਪੀਣ ਵਾਲੀਆਂ ਚੀਜ਼ਾਂ ਜਿਨ੍ਹਾਂ ਵਿੱਚ ਚਾਂਪਾਂ, ਨਿਊਡਲਜ਼, ਗੋਲ ਗੱਪੇ, ਬਰਗਰ ਤੋਂ ਇਲਾਵਾ ਡੋਸਾ, ਸਬਜ਼ੀ, ਫਰੂਟ ਆਦਿ ਦੀਆਂ ਰੇਹੜੀਆਂ ਹਨ। ਇਨ੍ਹਾਂ ਰੇਹੜੀਆਂ ਕਾਰਨ ਸੜਕ 'ਤੇ ਟਰੈਫਿਕ ਦਾ ਵੱਡਾ ਜਾਮ ਲੱਗ ਜਾਂਦਾ ਹੈ ਅਤੇ ਕਈ ਵਾਰ ਸਕੂਟਰ ਸਵਾਰ, ਕਾਰਾਂ ਵਾਲੇ ਇਨ੍ਹਾਂ ਰੇਹੜੀਆਂ ਅੱਗੇ ਆਪਣੇ ਵਾਹਨ ਖੜੇ ਕਰਕੇ ਫਾਸਟ ਫੂਡ ਖਾਣ ਲੱਗ ਜਾਂਦੇ ਹਨ। ਜੇਕਰ ਹਨੂੰਮਾਨ ਚੌਕ ਤੋਂ ਲਾਈਬ੍ਰੇਰੀ ਚੌਕ ਤੱਕ ਸੜਕ ਦੇ ਦੋਵੇਂ ਪਾਸੇ ਫੁੱਟਪਾਥ ਤੇ ਸੜਕ ਵਿਚਕਾਰ ਡਿਵਾਈਡਰ ਬਣਾ ਦਿੱਤਾ ਜਾਵੇ ਤਾਂ ਇੱਥੇ ਨਾ ਤਾਂ ਕੋਈ ਰੇਹੜੀ ਵਾਲਾ ਖੜਾ ਹੋ ਸਕੇਗਾ ਅਤੇ ਨਾ ਹੀ ਕਾਰ ਵਾਲਾ ਆਪਣੀ ਕਾਰ ਖੜੀ ਕਰਕੇ ਬਾਜ਼ਾਰ ਵਿਚ ਸ਼ਾਪਿੰਗ ਕਰਨ ਜਾਵੇਗਾ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਪੁਲਸ ਵਿਭਾਗ ਨੂੰ ਦੋ-ਚਾਰ ਦਿਨ ਲਗਾਤਾਰ ਇਸ ਸੜਕ 'ਤੇ ਗਸ਼ਤ ਕਰਨੀ ਪਵੇਗੀ। ਕਾਰ ਪਾਰਕ ਕਰਨ ਵਾਲੇ ਲੋਕਾਂ ਨੂੰ ਆਪਣੀਆਂ ਕਾਰਾਂ ਨਹਿਰੂ ਪਾਰਕ ਵਿੱਚ ਖੜੀਆਂ ਕਰਨੀਆਂ ਚਾਹੀਦੀਆਂ ਹਨ। ਹਨੂੰਮਾਨ ਚੌਕ ਤੋਂ ਜਹਾਜ਼ ਚੌਕ ਤੇ ਪੰਚਾਇਤ ਭਵਨ ਤੱਕ ਸੜਕ ਵਿਚਕਾਰ ਡਿਵਾਈਡਰ ਬਣਨ ਨਾਲ ਟਰੈਫ਼ਿਕ ਜਾਮ ਦੀ ਕੋਈ ਸਮੱਸਿਆ ਨਹੀਂ ਹੈ ਅਤੇ ਨਾ ਹੀ ਕੋਈ ਵਿਅਕਤੀ ਇਥੇ ਗਲਤ ਪਾਰਕਿੰਗ ਕਰਦਾ ਹੈ ਜਦਕਿ ਇਸ ਸੜਕ 'ਤੇ ਵੀ ਦੋ ਬੈਂਕ ਅਤੇ ਕਾਫ਼ੀ ਵੱਡੀਆਂ ਵੱਡੀਆਂ ਮਠਿਆਈਆਂ ਦੀਆ ਦੁਕਾਨਾਂ ਹਨ ਜਿਥੇ ਰੋਜ਼ਾਨਾ ਕਾਫ਼ੀ ਲੋਕਾਂ ਦੀ ਆਵਾਜਾਈ ਬਣਦੀ ਰਹਿੰਦੀ ਹੈ। ਹਨੂੰਮਾਨ ਚੌਕ ਤੋਂ ਤਿੱਬੜੀ ਅੰਡਰ ਬ੍ਰਿਜ ਤੱਕ ਪਹਿਲਾਂ ਤੋਂ ਬਣੇ ਡਿਵਾਈਡਰ ਕਾਰਨ ਕੋਈ ਵੀ ਕਾਰ ਪਾਰਕਿੰਗ ਦਾ ਮਸਲਾ ਨਹੀਂ ਜਦੋਂ ਕਿ ਹਨੂੰਮਾਨ ਚੌਕ ਤੋਂ ਲਾਇਬ੍ਰੇਰੀ ਚੌਂਕ ਤੱਕ ਡਿਵਾਈਡਰ ਨਾ ਹੋਣ ਕਾਰਨ ਟਰੈਫਿਕ ਜਾਮ ਦਾ ਮਾਮਲਾ ਬਣਿਆ ਰਹਿੰਦਾ ਹੈ। ਜੇਕਰ ਲੋਕਾਂ ਨੂੰ ਪਤਾ ਹੋਵੇ ਕਿ ਇੱਥੇ ਕਾਰ ਪਾਰਕਿੰਗ ਨਹੀਂ ਕਰ ਸਕਦੇ ਅਤੇ ਕੁਝ ਹੱਦ ਤੱਕ ਪੁਲਸ ਦੇ ਸਮਝਾਉਣ ਨਾਲ ਲੋਕ ਸਮਝ ਜਾਣਗੇ ਨਹੀਂ ਤਾਂ ਗਲਤ ਢੰਗ ਨਾਲ ਪਾਰਕ ਕੀਤੇ ਵਾਹਨਾਂ ਦੇ ਚਲਾਨ ਕੱਟੇ ਜਾਣ ਜਾਂ ਫ਼ਿਰ ਉਨ੍ਹਾਂ ਵਾਹਨਾਂ ਨੂੰ ਬਾਉਂਡ ਕਰਨੇ ਚਾਹੀਦੇ ਹਨ।



# ਮਾਤਾ ਸਵਿੱਤਰੀ ਬਾਈ ਫੂਲੇ ਐਜੂਕੇਸ਼ਨ ਸੰਸਥਾ ਨੇ ਲੋੜਵੰਦ ਪਰਿਵਾਰ ਦੀ ਔਖੇ ਵੇਲੇ ਬਾਂਹ ਫੜੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਮਾਤਾ ਸਵਿੱਤਰੀ ਬਾਈ ਫੂਲੇ ਐਜੂਕੇਸ਼ਨ ਸੋਸ਼ਲ ਵੈੱਲਫੇਅਰ ਸੋਸਾਇਟੀ ਪਠਾਨਕੋਟ ਦੀ ਟੀਮ ਪ੍ਰਧਾਨ ਰਾਣੋ ਦੇਵੀ ਦੀ ਅਗਵਾਈ ਵਿੱਚ ਹਲਕਾ ਦੀਨਾਨਗਰ ਦੇ ਪਿੰਡ ਕਲੀਚਪੁਰ ਵਿਖੇ ਪਹੁੰਚੀ ਅਤੇ ਇੱਕ ਬਹੁਤ ਹੀ ਲੋੜਵੰਦ ਪਰਿਵਾਰ ਦੀ ਸਹਾਇਤਾ ਕੀਤੀ।ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਦੇ ਦੱਸਿਆ ਕਿ ਸ੍ਰੀਮਤੀ ਕਾਂਤਾ ਦੇਵੀ ਪਤਨੀ ਸ਼ੰਭੂਨਾਥ ਪਿੰਡ ਕਲੀਚਪੁਰ ਜੋ ਆਰਥਿਕ ਤੌਰ 'ਤੇ ਕਮਜ਼ੋਰ ਸਨ, ਵੱਲੋਂ ਸੰਸਥਾ ਤੋਂ ਸਹਾਇਤਾ ਦੀ ਮੰਗ ਕੀਤੀ ਗਈ ਸੀ।ਉਸ ਤੋਂ ਬਾਅਦ ਇਸ ਪਰਿਵਾਰ ਨੂੰ ਕੰਬਲ, ਬੈਡਸ਼ੀਟ, ਸਿਰਹਾਣੇ, ਚਾਦਰਾਂ, ਰਜਾਈਆਂ ਤੇ ਦੋ ਮਹੀਨਿਆਂ ਦੇ ਰਾਸ਼ਨ ਲਈ ਰਾਸ਼ੀ ਜੋਗਿੰਦਰ ਪਾਲ ਬਹਿਰਾਮਪੁਰ ਵੱਲੋਂ ਦਿੱਤੀ ਗਈ।ਆਦਰਸ਼ ਸੋਸ਼ਲ ਵੈੱਲਫੇਅਰ ਸੋਸਾਇਟੀ ਗੁਰਦਾਸਪੁਰ ਦੇ ਪ੍ਰਧਾਨ ਸਤਨਾਮ ਸਿੰਘ ਨੇ ਸੋਸਾਇਟੀ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਆਪਣੀ ਨੇਕ ਕਮਾਈ ਵਿੱਚੋਂ ਰਾਸ਼ਨ ਭੇਟ ਕੀਤਾ।ਉਨ੍ਹਾਂ ਵੱਲੋਂ ਲੋਕਾਂ ਨੂੰ ਸੋਸਾਇਟੀ ਨਾਲ ਜੁੜਨ ਦੀ ਅਪੀਲ ਵੀ ਕੀਤੀ ਗਈ।ਇਸ ਮੌਕੇ ਜੋਗਿੰਦਰ ਪਾਲ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸੋਸਾਇਟੀ ਮੈਂਬਰ ਦਰਸ਼ਨ ਲਾਲ ਚੇਅਰਮੈਨ, ਲਵਪ੍ਰੀਤ ਕੌਰ, ਸਤਨਾਮ ਸਿੰਘ ਪ੍ਰਧਾਨ ਆਦਰਸ਼ ਬਿਰਧ ਆਸ਼ਰਮ ਝਾਖੋਲਾਹੜੀ, ਸਰਦਾਰੀ ਲਾਲ, ਪਰਮਜੀਤ ਠਾਕੁਰਪੁਰ, ਸੁਰੇਸ਼ ਕੁਮਾਰ, ਸ਼ੁਭਮ ਕੁਮਾਰ ਕਲੀਚਪੁਰ ਹਾਜ਼ਰ ਸਨ।



# ਆਯੂਸ਼ਮਾਨ ਅਰੋਗਿਆ ਕੇਂਦਰ ਉੱਚਾ ਧਕਾਲਾ ਨਾਲ ਜੁੜੇ ਗਿਆਰਾਂ ਪਿੰਡਾਂ ਦੇ ਲੋਕ ਬੇਹੱਦ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**- ਬਲਾਕ ਦੋਰਾਂਗਲਾ 'ਚ ਪੈਂਦੇ ਆਯੂਸ਼ਮਾਨ ਅਰੋਗਿਆ ਕੇਂਦਰ ਉੱਚਾ ਧਕਾਲਾ ਵਿਖੇ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਟੀਕਾਕਰਨ ਕਰਵਾਉਣ ਸਮੇਂ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਂਦੇ ਸਮੇਂ ਮਿਆਣੀ ਸੂਏ ਤੋਂ ਖੱਬੇ ਪਾਸੇ ਕਰੀਬ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਉੱਚਾ ਧਕਾਲਾ ਵਿਖੇ ਆਯੂਸ਼ਮਾਨ ਅਰੋਗਿਆ ਕੇਂਦਰ ਨਾਲ ਜੁੜੇ ਪਿੰਡਾਂ ਦੇ ਲੋਕਾਂ ਨੂੰ ਆਪਣੇ ਬੱਚਿਆਂ ਅਤੇ ਔਰਤਾਂ ਨੂੰ ਟੀਕਾਕਰਨ ਕਰਵਾਉਣ ਸਮੇਂ ਕਾਫੀ ਮੁਸ਼ਕਲ ਪੇਸ਼ ਆਉਂਦੀ ਹੈ ਕਿਉਂ ਜੋ ਇਸ ਕੇਂਦਰ 'ਤੇ ਜਾਣ ਲਈ ਇਲਾਕੇ ਦੇ ਕਈ ਪਿੰਡਾਂ ਤੋਂ ਲੋਕਾਂ ਨੂੰ ਕੋਈ ਸਾਧਨ ਵਗੈਰਾ ਨਹੀਂ ਮਿਲਦਾ। ਇਸ ਸਬੰਧੀ ਪਿੰਡ ਡਾਲਾ ਦੀ ਇਕ ਔਰਤ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਬੱਚੇ ਨੂੰ ਟੀਕਾਕਰਨ ਕਰਨ ਸਬੰਧੀ ਪਿੰਡ ਤੋਂ ਦੂਰ ਕਰੀਬ 5 ਕਿਲੋਮੀਟਰ ਦੂਰ ਉਚਾ ਧਕਾਲਾ ਜਾਣਾ ਪੈਂਦਾ ਹੈ ਜਿਸ ਨਾਲ ਲਗਭਗ 11 ਪਿੰਡ ਜੁੜੇ ਹੋਏ ਹਨ। ਉਨ੍ਹਾਂ ਦੱਸਿਆ ਕਿ ਉੱਚਾ ਧਕਾਲਾ ਆਯੂਸਮਾਨ ਆਰੋਗਿਆ ਕੇਂਦਰ ਵਿਚ ਰੋਜ਼ਾਨਾ ਕੋਈ ਵੀ ਟੀਕਾ ਲਗਾਉਣ ਵਾਲੀ ਏ.ਐਨ.ਐਮ. ਨਹੀਂ ਮਿਲਦੀ ਜਿਸ ਕਾਰਨ ਉਨ੍ਹਾਂ ਨੂੰ ਕਾਫੀ ਖੱਜਲ ਖੁਆਰ ਹੋਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਮਹੀਨੇ ਵਿੱਚ ਕੁਝ ਦਿਨ ਹੀ ਇੱਕ ਮੈਡਮ ਆਉਂਦੀ ਹੈ ਜੋ ਬੱਚਿਆਂ ਨੂੰ ਟੀਕਾ ਲਗਾਉਂਦੀ ਹੈ। ਇਸ ਨਾਲ ਟੀਕੇ ਵਾਲੇ ਦਿਨ ਕਾਫੀ ਭੀੜ ਭੜੱਕਾ ਸੈਂਟਰ ਵਿਚ ਹੋ ਜਾਂਦਾ ਹੈ। ਲੋਕਾਂ ਨੇ ਦੱਸਿਆ ਕਿ ਪਹਿਲਾਂ ਸਾਡੇ ਪਿੰਡਾਂ ਵਿਚ ਹੀ ਏ.ਐੱਨ.ਐੱਮ. ਆ ਕੇ ਟੀਕੇ ਲਗਵਾਉਂਦੀਆਂ ਸਨ ਪਰ ਹੁਣ ਉਨ੍ਹਾਂ ਨੂੰ ਉਚਾ ਧਕਾਲਾ ਜਾਣਾ ਪੈਂਦਾ ਹੈ ਜਿਥੇ ਕੋਈ ਵੀ ਬੱਸ ਵਗੈਰਾ ਨਹੀਂ ਜਾਂਦੀ। ਇਸ ਕੇਂਦਰ ਦੇ ਬਾਹਰਲੇ ਪਾਸੇ ਕਾਫ਼ੀ ਜੜੀ ਬੂਟੀ ਉਗੀ ਪਈ ਹੈ ਜਿਸ ਕਾਰਨ ਕੋਈ ਵੀ ਜ਼ਹਿਰੀਲਾ ਕੀੜਾ ਮਕੌੜਾ ਆਯੂਸ਼ਮਾਨ ਅਰੋਗਿਆ ਕੇਂਦਰ ਦੇ ਅੰਦਰ ਆ ਸਕਦਾ ਹੈ। ਜਦੋਂ ਇਸ ਮਾਮਲੇ ਸਬੰਧੀ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਭਾਵਨਾ ਸ਼ਰਮਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਲਾਕਾ ਵਾਸੀਆਂ ਨੂੰ ਆ ਰਹੀ ਇਸ ਮੁਸ਼ਕਿਲ ਸਬੰਧੀ ਉਨ੍ਹਾਂ ਨੂੰ ਜ਼ਿਆਦਾ ਜਾਣਕਾਰੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਉੱਚਾ ਧਕਾਲਾ ਡਿਸਪੈਂਸਰੀ ਵਿਚ ਪਿਛਲੇ ਕੁਝ ਸਮੇਂ ਤੋਂ ਟੀਕਾ ਲਗਾਉਣ ਵਾਲੀ ਕਰਮਚਾਰੀ ਦੀ ਅਸਾਮੀ ਖਾਲੀ ਹੈ ਜਿਸ ਕਾਰਨ ਪਿੰਡ ਪਨਿਆੜ ਤੋਂ ਟੀਕੇ ਲਗਾਉਣ ਵਾਲੀ ਕਰਮਚਾਰੀ ਇਸ ਡਿਸਪੈਂਸਰੀ ਵਿਚ ਟੀਕੇ ਲਗਾਉਣ ਆਉਂਦੀ ਹੈ ਕਿਉਂ ਜੋ ਉਸ ਪਾਸ ਇਸ ਦਾ ਵਾਧੂ ਚਾਰਜ ਹੈ। ਉਨ੍ਹਾਂ ਦੱਸਿਆ ਕਿ ਉਹ ਫਿਰ ਵੀ ਲੋਕਾਂ ਦੀ ਮੁਸ਼ਕਿਲ ਨੂੰ ਮੁੱਖ ਰੱਖਦੇ ਹੋਏ ਜਲਦੀ ਹੀ ਕੋਈ ਉਚਿਤ ਪ੍ਰਬੰਧ ਕਰਨਗੇ ਤਾਂ ਜੋ ਇਸ ਡਿਸਪੈਂਸਰੀ ਨਾਲ ਜੁੜੇ 11 ਪਿੰਡਾਂ ਵਾਸੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਹੋਰ ਜਾਣਕਾਰੀ ਸਾਂਝੀ ਕਰਦਿਆਂ ਡਾ. ਭਾਵਨਾ ਨੇ ਦੱਸਿਆ ਕਿ ਉਨ੍ਹਾਂ ਦੇ ਵਿਭਾਗ ਵਲੋਂ ਇਸ ਹਫ਼ਤੇ ਸਪੈਸ਼ਲ ਟੀਕਾਕਰਨ ਲਈ ਸਪੈਸ਼ਲ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਨਾਲ ਉਕਤ ਪਿੰਡਾਂ ਵਿਚ ਵੀ ਵਿਭਾਗ ਦੀ ਟੀਮ ਵਲੋਂ ਜਾ ਕੇ ਪਿੰਡ ਦੇ ਬੱਚਿਆਂ ਨੂੰ ਵੀ ਟੀਕੇ ਲਗਾਏ ਜਾਣਗੇ।



# ਪੈਨਸ਼ਨਰਾਂ ਨੂੰ 19 ਦੇ ਸਾਲਾਨਾ ਪ੍ਰੋਗਰਾਮ 'ਚ ਹੁੰਮ-ਹੁਮਾ ਕੇ ਪੁੱਜਣ ਦਾ ਸੱਦਾ

**ਦੀਨਾਨਗਰ, ਧਾਰੀਵਾਲ (ਬਲਵਿੰਦਰ ਸਿੰਘ ਬਿੱਲਾ, ਮਨਦੀਪ ਵਿੱਕੀ)**- ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਗੁਰਦਾਸਪੁਰ ਦੀ ਜ਼ਿਲ੍ਹਾ ਪੱਧਰੀ ਇਕੱਤਰਤਾ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਹਾਲ ਗੁਰਦਾਸਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਜਵੰਦ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਅਵਿਨਾਸ਼ ਸਿੰਘ, ਪ੍ਰਕਾਸ਼ ਚੰਦ, ਸੁਰੇਸ਼ ਸ਼ਰਮਾ, ਮੱਖਣ ਕੁਹਾੜ, ਪਿਆਰਾ ਸਿੰਘ ਡਡਵਾਂ, ਵਿਨੋਦ ਸ਼ਰਮਾ, ਜੋਗਿੰਦਰ ਪਾਲ ਕਲੀਜਪੁਰ, ਜਗਦੀਪ ਸਿੰਘ, ਰਘਬੀਰ ਸਿੰਘ ਚਾਹਲ, ਰਮੇਸ਼ ਚੰਦਰ, ਗੁਰਦੀਪ ਸਿੰਘ, ਨਰਿੰਦਰ ਸਿੰਘ ਕਾਹਲੋਂ, ਸੇਵਾ ਸਿੰਘ, ਪ੍ਰਿੰ. ਕੁਲਵੰਤ ਸਿੰਘ, ਸੋਹਣ ਸਿੰਘ ਅਤੇ ਪਰਵਿੰਦਰ ਕੁਮਾਰ ਹਾਜ਼ਰ ਸਨ।ਇਸ ਇਕੱਤਰਤਾ ਦੌਰਾਨ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਲਾਉਣ ਹਿੱਤ ਵਿਸਥਾਰ ਸਹਿਤ ਵਿਚਾਰ-ਚਰਚਾ ਹੋਈ ਅਤੇ ਸਭ ਨੂੰ ਡਿਊਟੀਆਂ ਸੌਂਪ ਦਿੱਤੀਆਂ ਗਈਆਂ ਅਤੇ ਹੋਰ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਤਿਆਰੀ ਇਕੱਤਰਤਾ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ ਜਿਸ ਵਿੱਚ ਆਪਣੇ ਜੀਵਨ ਦੇ 80 ਸਾਲ ਪੂਰੇ ਕਰ ਚੁਕੇ ਸਾਥੀਆਂ ਨੂੰ ਯੂਨਿਟ ਅਨੁਸਾਰ ਆਦਰ ਸਹਿਤ ਬਿਠਾਉਣ, ਯੂਨਿਟ ਅਨੁਸਾਰ ਸਨਮਾਨਿਤ ਕਰਕੇ ਤਸਵੀਰ ਕਰਨ ਅਤੇ ਖਾਣੇ ਦਾ ਵੱਖਰਾ ਪ੍ਰਬੰਧ ਕਰਨ ਦੇ ਫੈਸਲੇ ਲਏ ਗਏ। ਅਖੀਰ ਵਿੱਚ ਜ਼ਿਲ੍ਹਾ ਪ੍ਰਧਾਨ ਜਵੰਦ ਸਿੰਘ ਵੱਲੋਂ ਜ਼ਿਲ੍ਹਾ ਭਰ ਦੇ ਪੈਨਸ਼ਨਰਾਂ ਨੂੰ 19 ਦਸੰਬਰ ਦਿਨ ਸ਼ੁੱਕਰਵਾਰ ਨੂੰ ਚੰਦਨ ਪੈਲੇਸ ਗੁਰਦਾਸਪੁਰ ਵਿਖੇ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਗਿਆ ਅਤੇ ਹਾਜ਼ਰ ਮੈਂਬਰਾਂ ਦਾ ਧਨਵਾਦ ਕੀਤਾ ਗਿਆ।




# ਅਧਿਆਪਕ ਜੋੜੇ ਦੀ ਐਕਸੀਡੈਂਟ 'ਚ ਹੋਈ ਮੌਤ ਪ੍ਰਸ਼ਾਸਨ ਦੀ ਅਣਗਹਿਲੀ ਦਾ ਨਤੀਜਾ : ਜੀ ਟੀ ਯੂ

**ਜਲੰਧਰ (ਰਾਜੇਸ਼ ਥਾਪਾ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਮਨੋਹਰ ਲਾਲ ਸ਼ਰਮਾ ਅਤੇ ਸਹਾਇਕ ਪ੍ਰੈੱਸ ਸਕੱਤਰ ਗਣੇਸ਼ ਭਗਤ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੋਗਾ ਵਿਖੇ ਇਲੈਕਸ਼ਨ ਡਿਊਟੀ ਨਿਭਾਉਣ ਜਾ ਰਹੇ ਅਧਿਆਪਕ ਜੋੜੇ ਜਸਕਰਨ ਸਿੰਘ ਭੁੱਲਰ ਅਤੇ ਉਨ੍ਹਾਂ ਦੀ ਪਤਨੀ ਦੀ ਐਕਸੀਡੈਂਟ ਵਿੱਚ ਮੌਤ ਹੋਣ 'ਤੇ ਪੂਰੇ ਅਧਿਆਪਕ ਵਰਗ ਵਿੱਚ ਸ਼ੋਕ ਦੀ ਲਹਿਰ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਇਸ 'ਤੇ ਡੂੰਘਾ ਦੁੱਖ ਪ੍ਰਗਟ ਕਰਦੀ ਹੈ ਅਤੇ ਇਸ ਐਕਸੀਡੈਂਟ ਨੂੰ ਜ਼ਿਲਾ ਪ੍ਰਸ਼ਾਸਨ ਮੋਗਾ ਦੀ ਅਣਗਹਿਲੀ ਮੰਨਦੀ ਹੈ! ਗੌਰਤਲਬ ਹੈ ਕਿ ਜੀਟੀਯੂ ਪੰਜਾਬ ਸਮੇਤ ਪੰਜਾਬ ਦੀਆਂ ਵੱਖ-ਵੱਖ ਅਧਿਆਪਕ ਜਥੇਬੰਦੀਆਂ ਵੱਲੋਂ ਮੁੱਖ ਚੋਣ ਕਮਿਸ਼ਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਾਰ-ਵਾਰ ਬੇਨਤੀ ਕੀਤੀ ਗਈ ਸੀ ਕਿ ਧੁੰਦ ਦਾ ਸਮਾਂ ਚੱਲ ਰਿਹਾ ਹੈ ਅਧਿਆਪਕਾਂ ਖਾਸ ਕਰਕੇ ਲੇਡੀਜ਼ ਅਧਿਆਪਕਾਂ ਦੀ ਡਿਊਟੀ ਬਲਾਕਾਂ ਵਿੱਚ ਹੀ ਲਗਾਈ ਜਾਵੇ ਪਰ ਪ੍ਰਸ਼ਾਸਨ ਨੇ ਇਸ ਨੂੰ ਟਿੱਚ ਜਾਣਦਿਆਂ ਅਧਿਆਪਕਾਂ ਨੂੰ ਖੱਜਲ ਕਰਨ ਲਈ ਇਨ੍ਹਾਂ ਦੀ ਡਿਊਟੀ ਦੂਰ ਦੁਰਾਡੇ ਬਲਾਕਾਂ ਵਿੱਚ ਲਗਾਈ ਗਈ ਜਦੋਂ ਕਿ ਬੂਥਾਂ ਦੇ ਉਪਰ ਲੇਡੀਜ਼ ਅਧਿਆਪਕਾਂ ਦੇ ਠਹਿਰਣ ਦਾ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ। ਮਜਬੂਰਨ ਉਨ੍ਹਾਂ ਨੂੰ ਆਪਣੇ ਘਰਾਂ ਨੂੰ ਵਾਪਸ ਆਉਣਾ ਪਿਆ। ਇਸੇ ਤਹਿਤ ਹੀ ਜਸਕਰਨ ਸਿੰਘ ਆਪਣੀ ਪਤਨੀ ਕਮਲਜੀਤ ਕੌਰ ਨੂੰ ਇਲੈਕਸ਼ਨ ਡਿਊਟੀ ਤੇ ਸਵੇਰੇ ਛੱਡਣ ਜਾ ਰਹੇ ਸਨ ਜਿਸ ਕਾਰਨ ਇਹ ਘਟਨਾ ਵਾਪਰੀ। ਜੀਟੀਯੂ ਪੰਜਾਬ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਅਧਿਆਪਕ ਜੋੜੇ ਦਾ ਸਸਕਾਰ ਸਰਕਾਰੀ ਸਨਮਾਨਾਂ ਨਾਲ ਕੀਤਾ ਜਾਵੇ ਤੇ ਇਸ ਜੋੜੇ ਨੂੰ ਸ਼ਹੀਦ ਮੰਨਦੇ ਹੋਏ ਪਰਿਵਾਰ ਨੂੰ 1-1 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇ।ਪਤੀ-ਪਤਨੀ ਦੇ ਤੁਰ ਜਾਣ ਨਾਲ ਛੋਟੇ ਬੱਚਿਆਂ ਦੀ ਪੜ੍ਹਾਈ ਬਿਲਕੁਲ ਫਰੀ ਕੀਤੀ ਜਾਵੇ ਅਤੇ ਉਨ੍ਹਾਂ ਦੀਆਂ ਨੌਕਰੀਆਂ ਰਾਖਵੀਆਂ ਰੱਖੀਆਂ ਜਾਣ ਤਾਂ ਜੋ ਸਮਾਂ ਪੈਣ 'ਤੇ ਉਹ ਇਹ ਨੌਕਰੀਆਂ ਪ੍ਰਾਪਤ ਕਰ ਸਕਣ।

# ਬਟਾਲਾ ਕੋਆਪਰੇਟਿਵ ਸ਼ੂਗਰ ਮਿੱਲ ਦੇ ਨਵੇਂ ਪਲਾਂਟ 'ਤੇ ਪਿੜਾਈ ਦਾ ਕੰਮ ਸ਼ੁਰੂ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਬਟਾਲਾ ਕੋਆਪਰੇਟਿਵ ਸ਼ੂਗਰ ਮਿਲਜ਼ ਲਿਮਿਟਡ ਬਟਾਲਾ ਨੇ 3500 ਟੀ. ਸੀ. ਡੀ. ਸਮਰੱਥਾ ਵਾਲੇ ਨਵੇਂ ਸ਼ੂਗਰ ਪਲਾਂਟ 'ਤੇ ਕਰੱਸ਼ਿੰਗ ਦਾ ਕੰਮ ਤੇਜ਼ੀ ਨਾਲ ਸ਼ੁਰੂ ਹੋ ਗਿਆ ਹੈ।ਇਹ ਨਵਾਂ ਅਤੇ ਉਚ ਸਮਰੱਥਾ ਵਾਲਾ ਬਿਨਾਂ ਸਲਫ਼ਰ ਦੀ ਡਬਲ ਰਿਫਾਇੰਡ ਚੀਨੀ ਤਿਆਰ ਕਰਨ ਵਾਲਾ ਪਲਾਂਟ ਇਲਾਕੇ ਦੇ ਗੰਨਾ ਉਗਾਉਣ ਵਾਲੇ ਕਿਸਾਨਾਂ ਲਈ ਇੱਕ ਮਹੱਤਵਪੂਰਨ ਸੁਵਿਧਾ ਹੈ।ਮਿੱਲ ਦੇ ਜਨਰਲ ਮੈਨੇਜਰ ਕਿਰਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਮਿੱਲ ਦੀ ਘੱਟ ਸਮਰੱਥਾ ਕਾਰਨ ਕਿਸਾਨਾਂ ਨੂੰ ਆਪਣਾ ਗੰਨਾ 60-70 ਕਿਲੋਮੀਟਰ ਦੂਰ ਹੋਰ ਮਿੱਲਾਂ 'ਚ ਲਿਜਾਣਾ ਪੈਂਦਾ ਸੀ, ਜਿਸ ਨਾਲ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਉਨ੍ਹਾਂ ਅੱਗੇ ਦੱਸਿਆ ਕਿ ਹੁਣ ਨਵੇਂ ਪਲਾਂਟ ਦੇ ਚਾਲੂ ਹੋਣ ਨਾਲ ਕਿਸਾਨਾਂ ਨੂੰ ਦੂਰ ਨਹੀਂ ਜਾਣਾ ਪਵੇਗਾ। ਉਚ ਸਮਰੱਥਾ ਕਾਰਨ ਉਨ੍ਹਾਂ ਨੂੰ ਆਸਾਨ ਪਹੁੰਚ, ਸਮੇਂ ਸਿਰ ਗੰਨੇ ਦੀ ਅਨਲੋਡਿੰਗ ਅਤੇ ਤੁਰੰਤ ਕਰੱਸ਼ਿੰਗ ਦੀ ਸੁਵਿਧਾ ਮਿਲੇਗੀ।ਸਥਾਨਕ ਕਿਸਾਨਾਂ ਨੇ ਮਿੱਲ ਦੀ ਸੁਧਰੀ ਕਾਰਗੁਜ਼ਾਰੀ 'ਤੇ ਸੰਤੁਸ਼ਟੀ ਜ਼ਾਹਰ ਕੀਤੀ ਹੈ ਅਤੇ ਦੱਸਿਆ ਹੈ ਕਿ ਮਿੱਲ ਯਾਰਡ 'ਚ ਪਹੁੰਚਣ ਤੋਂ ਬਾਅਦ ਉਨ੍ਹਾਂ ਦੀਆਂ ਟਰਾਲੀਆਂ ਛੇ ਤੋਂ ਸੱਤ ਘੰਟਿਆਂ ਦੇ ਅੰਦਰ ਉਤਾਰ ਦਿੱਤੀਆਂ ਜਾ ਰਹੀਆਂ ਹਨ, ਜੋ ਪਹਿਲਾਂ ਨਾਲੋਂ ਬਹੁਤ ਵਧੀਆ ਸੁਵਿਧਾ ਹੈ।ਇਸ ਤੋਂ ਇਲਾਵਾ ਨਵੇਂ ਪਲਾਂਟ ਵਿੱਚ 14 ਮੈਗਾਵਾਟ ਕੋ-ਜਨਰੇਸ਼ਨ ਪਾਵਰ ਪਲਾਂਟ ਲਗਾਇਆ ਗਿਆ ਹੈ, ਜਿਸ ਵਿੱਚੋਂ 8.45 ਮੈਗਾਵਾਟ ਬਿਜਲੀ ਵਡਾਲਾ ਗ੍ਰੰਥੀਆਂ ਪਾਵਰ ਗ੍ਰਿਡ ਨੂੰ ਪਾਵਰ ਪਰਚੇਜ਼ ਅਗਰੀਮੈਂਟ ਤਹਿਤ ਭੇਜੀ ਜਾਵੇਗੀ।ਇਹ ਵਾਧੂ ਆਮਦਨ ਕੇਵਲ ਗੰਨੇ ਦੀ ਅਦਾਇਗੀ ਸਮੇਂ ਸਿਰ ਕਰਨ ਲਈ ਵਰਤੀ ਜਾਵੇਗੀ, ਜਿਸ ਨਾਲ ਕਿਸਾਨਾਂ ਨੂੰ ਸਮੇਂ- ਸਿਰ ਭੁਗਤਾਨ ਪ੍ਰਾਪਤ ਹੋਵੇਗਾ।ਮਿੱਲ ਦੇ ਜਨਰਲ ਮੈਨੇਜਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਮਿੱਲ 'ਤੇ ਸਾਫ਼-ਸੁਥਰਾ ਅਤੇ ਰੋਗ-ਰਹਿਤ ਗੰਨਾ ਲੈ ਕੇ ਆਉਣ ਤਾਂ ਜੋ ਮਿੱਲ ਵਧੀਆ ਰਿਕਵਰੀ ਪ੍ਰਾਪਤ ਕਰ ਸਕੇ, ਜ਼ਿਆਦਾ ਚੀਨੀ ਤਿਆਰ ਕਰ ਸਕੇ ਅਤੇ ਕਿਸਾਨਾਂ ਨੂੰ ਸਹੀ ਸਮੇਂ ਭੁਗਤਾਨ ਦੇ ਸਕੇ।ਉਨ੍ਹਾਂ ਦੱਸਿਆ ਕਿ ਸਾਲ 2025-26 ਸੀਜ਼ਨ ਲਈ ਗੰਨੇ ਦੀ ਅਦਾਇਗੀ ਸ਼ੁਰੂ ਕੀਤੀ ਜਾ ਚੁੱਕੀ ਹੈ।



# ਅੰਮ੍ਰਿਤਸਰ 'ਚ ਲੱਗੀ ਕੌਮੀ ਲੋਕ ਅਦਾਲਤ ਦੌਰਾਨ 30,298 ਕੇਸਾਂ ਦਾ ਨਿਪਟਾਰਾ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**- ਮਾਣਯੋਗ ਜੱਜ ਸ਼੍ਰੀ ਅਸ਼ਵਨੀ ਕੁਮਾਰ ਮਿਸ਼ਰਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਕਮ-ਕਾਰਜਕਾਰੀ ਚੇਅਰਪਰਸਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ ਦੇ ਮਾਰਗਦਰਸ਼ਨ ਹੇਠ ਲਗਾਈ ਗਈ ਕੌਮੀ ਲੋਕ ਅਦਾਲਤ ਨੂੰ ਵੱਖ-ਵੱਖ ਅਦਾਲਤਾਂ ਵਿੱਚ ਭਰਪੂਰ ਸਹਿਯੋਗ ਪ੍ਰਾਪਤ ਹੋਇਆ।ਦੱਸਣਯੋਗ ਹੈ ਕਿ ਲੋਕ ਅਦਾਲਤਾਂ ਨੇ ਵਿਵਾਦਾਂ ਦੇ ਛੇਤੀ ਨਿਪਟਾਰੇ ਅਤੇ ਕੇਸਾਂ ਦੇ ਤੁਰੰਤ ਹੱਲ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸ ਨਾਲ ਲੰਬਿਤ ਕੇਸਾਂ ਵਿੱਚ ਕਮੀ ਆਈ ਹੈ ਅਤੇ ਨਿਆਂ ਤੱਕ ਪਹੁੰਚ ਛੇਤੀ ਬਣੀ ਹੈ।ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ ਦੌਰਾਨ ਕੁੱਲ 33,181 ਕੇਸ ਸੁਣਵਾਈ ਲਈ ਲਏ ਗਏ, ਜਿਨ੍ਹਾਂ ਵਿੱਚੋਂ 30,298 ਕੇਸ ਨਿਪਟਾਏ ਗਏ।ਨਿਪਟਾਏ ਗਏ ਕੇਸਾਂ ਦੀ ਕੁੱਲ ਰਕਮ 59,09,14,425 ਰੁਪਏ ਰਹੀ, ਜੋ ਕਿ ਵਿਵਾਦ ਨਿਪਟਾਰੇ ਅਤੇ ਵਿੱਤੀ ਵਸੂਲੀ ਲਈ ਲੋਕ ਅਦਾਲਤਾਂ ਦੀ ਪ੍ਰਭਾਵਸ਼ੀਲਤਾ ਨੂੰ ਦਰਸਾਉਂਦੀ ਹੈ।ਇਸ ਮੌਕੇ ਕੁੱਲ 26 ਬੈਂਚਾਂ ਦਾ ਗਠਨ ਕੀਤਾ ਗਿਆ, ਜਿਨ੍ਹਾਂ ਵਿੱਚੋਂ 20 ਬੈਂਚ ਅੰਮ੍ਰਿਤਸਰ ਹੈੱਡਕੁਆਰਟਰ ਵਿੱਚ ਅਤੇ 3-3 ਬੈਂਚ ਤਹਿਸੀਲ ਅਜਨਾਲਾ ਅਤੇ ਬਾਬਾ ਬਕਾਲਾ ਸਾਹਿਬ ਵਿੱਚ ਸਥਾਪਿਤ ਕੀਤੇ ਗਏ।ਕੌਮੀ ਲੋਕ ਅਦਾਲਤ ਸ੍ਰੀਮਤੀ ਜਤਿੰਦਰ ਕੌਰ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਅਗਵਾਈ ਹੇਠ ਲਗਾਈ ਗਈ , ਜਿਸ ਵਿੱਚ ਸ਼੍ਰੀ ਅਮਰਦੀਪ ਸਿੰਘ ਬੈਂਸ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਸਰਗਰਮ ਯਤਨ ਕੀਤੇ ਗਏ।ਸ਼੍ਰੀ ਅਮਰਜੀਤ ਸਿੰਘ, ਸਿਵਲ ਜੱਜ (ਜੂਨੀਅਰ ਡਵੀਜ਼ਨ)-ਕਮ-ਜੇ.ਐੱਮ.ਆਈ.ਸੀ., ਅੰਮ੍ਰਿਤਸਰ ਦੀ ਅਦਾਲਤ ਵਿੱਚ ਸਿਵਲ ਵਸੂਲੀ ਦਾ ਕੇਸ ਅਲਾਹਾਬਾਦ ਬੈਂਕ ਬਨਾਮ ਐੱਮ/ਐੱਸ ਪਾਲ ਟੇਲਰਜ਼, ਜੋ ਕਿ 2018 ਤੋਂ ਲੰਬਿਤ ਸੀ ਅਤੇ ਸਾਲ 2025-26 ਦੀ ਐਕਸ਼ਨ ਪਲਾਨ ਸ਼੍ਰੇਣੀ ਵਿੱਚ ਸ਼ਾਮਲ ਸੀ, ਨੂੰ ਵੀ ਤਰੀਕੇ ਨਾਲ ਨਿਪਟਾਇਆ ਗਿਆ।ਬੈਂਕ ਵੱਲੋਂ 6,05,561.40 ਰੁਪਏ ਦੀ ਵਸੂਲੀ ਦਾ ਦਾਅਵਾ ਕੀਤਾ ਗਿਆ ਸੀ, ਪਰ ਅਦਾਲਤ ਦੀ ਦਖਲਅੰਦਾਜ਼ੀ ਨਾਲ ਇਹ ਮਾਮਲਾ 4,23,000 ਰੁਪਏ ਵਿੱਚ ਨਿਪਟ ਗਿਆ।ਇਕ ਵੱਡੀ ਰਕਮ ਮੌਕੇ 'ਤੇ ਅਦਾ ਕੀਤੀ ਗਈ ਅਤੇ ਬਾਕੀ ਰਕਮ ਕਿਸ਼ਤਾਂ ਵਿੱਚ ਅਦਾ ਕਰਨ 'ਤੇ ਸਹਿਮਤੀ ਹੋਈ।



# ਐਲਡੇਕੋ ਵਿਵਿਆਨਾ ਵੱਲੋਂ ਲੁਧਿਆਣਾ 'ਚ ਸੈਂਪਲ ਵਿਲਾ ਦਾ ਉਦਘਾਟਨ

**ਲੁਧਿਆਣਾ**- ਉੱਤਰੀ ਭਾਰਤ ਦੇ ਮੋਹਰੀ ਲਗਜ਼ਰੀ ਰੀਅਲ ਅਸਟੇਟ ਲੀਡਰ ਨੇ ਆਪਣੇ ਪ੍ਰੀਮੀਅਮ ਰਿਹਾਇਸ਼ੀ ਪ੍ਰੋਜੈਕਟ, ਐਲਡੇਕੋ ਵਿਵਿਆਨਾ ਸਿਲੈਕਟ ਜੋ ਕਿ ਪੱਖੋਵਾਲ ਰੋਡ ਲੁਧਿਆਣਾ ਤੇ ਸਥਿਤ ਹੈ, ਦਾ ਉਦਘਾਟਨ ਕੀਤਾ।ਸੁੰਦਰਤਾ ਅਤੇ ਸਮਕਾਲੀ ਜੀਵਨ ਸ਼ੈਲੀ ਦਾ ਸੰਪੂਰਨ ਮਿਸ਼ਰਣ ਇਸ ਪ੍ਰੋਜੈਕਟ ਨੂੰ ਵੱਡੀ ਗਿਣਤੀ ਵਿੱਚ ਗਾਹਕਾਂ, ਚੈਨਲ ਭਾਈਵਾਲਾਂ ਨੇ ਪ੍ਰਦਰਸ਼ਿਤ ਕੀਤਾ। ਇਸ ਸਮਾਗਮ ਵਿੱਚ ਅਤਿ-ਆਧੁਨਿਕ ਵਿਲਾ ਦੀਆਂ ਵਿਸ਼ੇਸ਼ਤਾਵਾਂ ਦੀ ਵਿਸਤ੍ਰਿਤ ਵਿਆਖਿਆ ਅਤੇ ਬੱਚਿਆਂ ਲਈ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਗਿਆ ਇੱਕ ਆਕਰਸ਼ਕ ਪ੍ਰੋਗਰਾਮ ਸ਼ਾਮਲ ਸੀ।100 ਤੋਂ ਵੱਧ ਪਰਿਵਾਰਾਂ ਨੇ ਇਸ ਗਾਹਕ ਮੁਲਾਕਾਤ ਵਿੱਚ ਸ਼ਿਰਕਤ ਕੀਤੀ। ਵਿਵਿਆਨਾ ਕਲੱਬ ਆਧੁਨਿਕ ਸਹੂਲਤਾਂ ਅਤੇ ਅਨੁਕੂਲਿਤ ਅਨੁਭਵਾਂ ਦੇ ਨਾਲ ਮਹਾਨਗਰ ਜੀਵਨ ਦੀਆਂ ਸਾਰੀਆਂ ਸਹੂਲਤਾਂ ਦੀ ਪੇਸ਼ਕਸ਼ ਕਰਦਾ ਹੈ।ਕਲੱਬ ਵਿੱਚ ਇੱਕ ਡਬਲ-ਉਚਾਈ ਵਾਲਾ ਮਲਟੀਪਰਪਜ਼ ਹਾਲ, ਸਵੀਮਿੰਗ ਪੂਲ, ਯੋਗਾ/ਐਰੋਬਿਕਸ ਰੂਮ, ਟੇਬਲ ਟੈਨਿਸ, ਕਾਰਡ ਰੂਮ, ਜਿੰਮ, ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਸ਼ਹੀਦ ਭਗਤ ਸਿੰਘ ਨਗਰ, ਮਾਡਲ ਟਾਊਨ ਅਤੇ ਸਰਾਭਾ ਨਗਰ ਵਰਗੇ ਮਹੱਤਵਪੂਰਨ ਖੇਤਰ ਪੱਖੋਵਾਲ ਰੋਡ 'ਤੇ ਸਥਿਤ ਹਨ।ਇਹ ਪ੍ਰੋਜੈਕਟ ਵੇਵ ਮਾਲ, ਪੈਵੇਲੀਅਨ ਮਾਲ ਅਤੇ ਗ੍ਰੈਂਡ ਵਾਕ ਵਰਗੇ ਖਰੀਦਦਾਰੀ ਸਥਾਨਾਂ ਦੇ ਨੇੜੇ ਵੀ ਹੈ।ਰੇਲਵੇ ਸਟੇਸ਼ਨ ਸਿਰਫ 16.5 ਕਿਲੋਮੀਟਰ ਦੂਰ ਹੈ।ਸੀਐੱਮਸੀ ਹਸਪਤਾਲ, ਡੀਐੱਮਸੀ ਹਸਪਤਾਲ ਅਤੇ ਓਰੀਸਨ ਸੁਪਰ ਸਪੈਸ਼ਲਿਟੀ ਹਸਪਤਾਲ ਸਮੇਤ ਕਈ ਹੋਰ ਪ੍ਰਸਿੱਧ ਹਸਪਤਾਲ ਨੇੜੇ ਹਨ। ਬੀਸੀਐੱਮ ਆਰੀਆ ਸਕੂਲ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਰਗੇ ਵੱਕਾਰੀ ਸਕੂਲ ਅਤੇ ਯੂਨੀਵਰਸਿਟੀ ਵੀ ਨੇੜੇ ਹੈ। ਉਨ੍ਹਾਂ ਦੱਸਿਆ ਕਿ ਵਿਲਾ 155 ਵਰਗ ਗਜ਼ ਤੋਂ ਸ਼ੁਰੂ ਹੁੰਦੇ ਹਨ, ਜਿਸਦੀ ਕੀਮਤ 1.53 ਕਰੋੜ ਹੈ, ਅਤੇ 310 ਵਰਗ ਗਜ਼ ਦੇ ਪਲਾਟਾਂ ਦੀ ਕੀਮਤ 1.58 ਕਰੋੜ ਹੈ।ਇਸ ਤੋਂ ਇਲਾਵਾ ਪੂਰੀ ਤਰ੍ਹਾਂ ਸਜਾਏ ਗਏ ਬਿਲਡਰ ਫਲੈਟ 2,344 ਵਰਗ ਗਜ਼ ਤੋਂ ਸ਼ੁਰੂ ਹੁੰਦੇ ਹਨ, ਜਿਸਦੀ ਕੀਮਤ 1.36 ਕਰੋੜ ਹੈ।ਐਲਡੇਕੋ ਗਰੁੱਪ 40 ਸਾਲਾਂ ਤੋਂ ਵੱਧ ਸਮੇਂ ਤੋਂ ਰੀਅਲ ਅਸਟੇਟ ਵਿਕਾਸ ਵਿੱਚ ਸਭ ਤੋਂ ਅੱਗੇ ਰਿਹਾ ਹੈ।ਅਸੀਂ ਗੁਣਵੱਤਾ ਅਤੇ ਗਾਹਕਾਂ ਦੀ ਸੰਤੁਸ਼ਟੀ ਲਈ ਵਚਨਬੱਧ ਹਾਂ।




# ਰਵਿੰਦਰਾ ਇੰਟਰਨੈਸ਼ਨਲ ਪਬਲਿਕ ਸਕੂਲ ਪੰਜਵੜ 'ਚ ਕਰਵਾਇਆ ਸਾਲਾਨਾ ਇਨਾਮ ਵੰਡ ਸਮਾਗਮ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਇਲਾਕੇ ਦੇ ਪ੍ਰਮੁੱਖ ਵਿਦਿਅਕ ਸੰਸਥਾ ਰਵਿੰਦਰਾ ਇੰਟਰਨੈਸ਼ਨਲ ਸਕੂਲ ਪੰਜਵੜ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਬੜੀ ਧੂਮਧਾਮ ਨਾਲ ਕਰਵਾਇਆ ਗਿਆ ਜਿਸ ਦੇ ਸ਼ੁਰੂਆਤ ਸਮੇਂ ਅਰਦਾਸ ਬਾਬਾ ਬੁੱਢਾ ਸਾਹਿਬ ਜੀ ਦੇ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਕੀਤੀ।ਉਪਰੰਤ ਪ੍ਰੋਗਰਾਮ ਦੇ ਆਰੰਭ ਸਮੇਂ ਸ਼ਮ੍ਹਾ ਰੌਸ਼ਨ ਸਕੂਲ ਸੀਨੀਅਰ ਮੈਨੇਜਮੈਂਟ ਸਾਬਕਾ ਚੇਅਰਮੈਨ ਗੁਰਬਖਸ਼ ਸਿੰਘ ਬੁਰਜ, ਸਾਬਕਾ ਚੇਅਰਮੈਨ ਲਖਬੀਰ ਸਿੰਘ ਬੁਰਜ, ਡਾਇਰੈਕਟਰ ਮਹਾਂਬੀਰ ਸਿੰਘ, ਡਾਇਰੈਕਟਰ ਕਰਨਬੀਰ ਸਿੰਘ ਬੁਰਜ ਨੇ ਕੀਤੀ ਜਦੋਂਕਿ ਸਕੂਲ ਦੀ ਸਾਲਾਨਾ ਰਿਪੋਰਟ ਪ੍ਰਿੰ. ਦਵਿੰਦਰ ਕੌਰ ਨੇ ਪੜ੍ਹਦਿਆਂ ਸਕੂਲ ਦੀਆਂ ਖੇਡਾਂ ਅਤੇ ਪੜ੍ਹਾਈ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ।ਛੋਟੇ-ਛੋਟੇ ਬੱਚਿਆਂ ਨੇ ਦਿਲਖਿੱਚਵੇਂ ਅੰਦਾਜ਼ ਵਿੱਚ ਵੱਖ-ਵੱਖ ਰਾਜਾਂ ਦਾ ਕਲਚਰਲ ਡਾਂਸ ਕਰਕੇ ਲੋਕਾਂ ਦਾ ਮਨੋਰੰਜਨ ਕੀਤਾ ।ਨਸ਼ਿਆਂ ਤੋਂ ਬਚਣ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਜਾਗਰੂਕ ਕਰਨ ਸਬੰਧੀ ਅਤੇ ਹੋਰ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ।ਇਸ ਸਮੇਂ ਪ੍ਰੋਗਰਾਮ ਵਿੱਚ ਹਿੱਸਾ ਲੈਣ ਅਤੇ ਪੜ੍ਹਾਈ ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਸਾਬਕਾ ਚੇਅਰਮੈਨ ਗੁਰਬਖਸ਼ ਸਿੰਘ ਬੁਰਜ, ਸਾਬਕਾ ਚੇਅਰਮੈਨ ਲਖਬੀਰ ਸਿੰਘ ਬੁਰਜ, ਡਾਇਰੈਕਟਰ ਕਰਨਬੀਰ ਸਿੰਘ ਬੁਰਜ, ਡਾਇਰੈਕਟਰ ਮਹਾਂਬੀਰ ਸਿੰਘ ਬੁਰਜ ਅਤੇ ਪ੍ਰਿੰ. ਦਵਿੰਦਰ ਕੌਰ ਅਤੇ ਬਲਬੀਰ ਸਿੰਘ ਲਾਡੀ ਨੇ ਦਿੰਦਿਆਂ ਬੱਚਿਆਂ ਨੂੰ ਪੜ੍ਹਾਈ ਅਤੇ ਖੇਡਾਂ ਵੱਲ ਧਿਆਨ ਦੇਣ ਦੀ ਅਪੀਲ ਕੀਤੀ।ਇਸ ਸਮੇਂ ਪ੍ਰਿੰ. ਖਾਲਸਾ ਕਾਲਜ ਸੁਰਿੰਦਰ ਕੌਰ, ਪ੍ਰਿੰ. ਸੁਖਬੀਰ ਕੌਰ, ਗੁਰਜਿੰਦਰ ਸਿੰਘ ਸੰਧੂ, ਸਾਬਕਾ ਜੇਈ ਬਲਵਿੰਦਰ ਕੁਮਾਰ, ਹਰਪ੍ਰੀਤ ਸਿੰਘ ਮੀਤੂ, ਨਿਸ਼ਾਨ ਸਿੰਘ ਪੰਜਵੜ, ਜਸਵੰਤ ਸਿੰਘ, ਸੰਤੋਖ ਸਿੰਘ, ਸੁਖਬੀਰ ਸਿੰਘ, ਜਸਬੀਰ ਸਿੰਘ, ਥਾਣੇਦਾਰ ਸ਼ਿੰਗਾਰਾ ਸਿੰਘ , ਸਾਬਕਾ ਸਰਪੰਚ ਨਰਿੰਦਰ ਪੱਪਾ, ਹਰਭਜਨ ਸਿੰਘ, ਰਣਜੀਤ ਰਾਣਾ, ਲੱਕੀ ਟੈਂਟ ਹਾਊਸ ਤੋਂ ਇਲਾਵਾ ਇਲਾਕੇ ਦੀਆਂ ਪ੍ਰਮੁੱਖ ਹਸਤੀਆਂ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।




# ਦੋਆਬਾ ਕਾਲਜ ਖਰੜ ਵਿਖੇ ਕਰਵਾਈ ਆਈ ਬੀ ਐੱਮ ਦੀ ਇੰਟਰਨਸ਼ਿਪ ਡਰਾਈਵ



**ਮੋਹਾਲੀ (ਗੁਰਜੀਤ ਬਿੱਲਾ)**- ਆਈ ਬੀ ਐੱਮ (ਇੰਟਰਨੈਸ਼ਨਲ ਬਿਜ਼ਨਸ ਮਸ਼ੀਨਜ਼ ਕਾਰਪੋਰੇਸ਼ਨ) ਵੱਲੋਂ ਦੋਆਬਾ ਗਰੁੱਪ ਆਫ ਕਾਲਜਜ਼, ਖਰੜ ਵਿੱਚ ਇੰਟਰਨਸ਼ਿਪ ਭਰਤੀ ਡਰਾਈਵ ਆਯੋਜਿਤ ਕੀਤੀ ਗਈ। ਇਹ ਡਰਾਈਵ ਬੀ.ਟੈਕ (ਸੀ ਐੱਸ ਈ), ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਅਤੇ ਬੀ ਸੀ ਏ ਵਿਦਿਆਰਥੀਆਂ ਲਈ ਕਰਵਾਈ ਗਈ। ਖਰੜ ਅਤੇ ਨਵਾਂਸ਼ਹਿਰ ਕੈਂਪਸਾਂ ਤੋਂ 300 ਤੋਂ ਵੱਧ ਵਿਦਿਆਰਥੀਆਂ ਨੇ ਇਸ ਡਰਾਈਵ ਵਿੱਚ ਭਾਗ ਲਿਆ। ਆਈਬੀਐੱਮ ਟੀਮ ਦੇ ਨਮਨ ਸੈਣੀ ਅਤੇ ਰਜਨੀ ਸੋਨੀ ਨੇ ਵਿਦਿਆਰਥੀਆਂ ਨੂੰ ਇੰਟਰਨਸ਼ਿਪ ਮੌਕਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਚੋਣ ਪ੍ਰਕਿਰਿਆ ਚਲਾਈ। ਦੋਆਬਾ ਗਰੁੱਪ ਆਫ ਕਾਲਜਜ਼ ਦੇ ਡਾਇਰੈਕਟਰ ਡਾ. ਮੀਨੂ ਜੈਤਲੀ, ਡਾ. ਸੰਦੀਪ ਸ਼ਰਮਾ, ਡਾ. ਰਾਜੇਸ਼ਵਰ ਸਿੰਘ ਅਤੇ ਡਾ. ਹਰਪ੍ਰੀਤ ਰਾਇ ਨੇ ਆਈਬੀਐੱਮ ਦੀ ਇਸ ਪਹਲ ਦੀ ਪ੍ਰਸ਼ੰਸਾ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਸਹਿਯੋਗ ਜਾਰੀ ਰੱਖਣ ਦੀ ਅਪੀਲ ਕੀਤੀ।ਸਮਾਪਤੀ ਮੌਕੇ ਮਨਜੀਤ ਸਿੰਘ, ਐੱਸ ਐੱਸ ਸੰਘਾ ਤੇ ਡਾ. ਬਾਠ ਵੱਲੋਂ ਆਈ ਬੀ ਐੱਮ ਟੀਮ ਨੂੰ ਸਨਮਾਨਤ ਕੀਤਾ ਗਿਆ।

ਨਵਾਂ ਜ਼ਮਾਨਾ
ਸੋਮਵਾਰ, 15 ਦਸੰਬਰ 2025

# ਮਨੂੰ ਸਿਮਰਤੀ ਦੇ ਆਧਾਰ 'ਤੇ ਫਤਵਾ!

ਯੂ ਪੀ ਦੇ ਬਹਿਰਾਈਚ ਵਿੱਚ ਰਾਮ ਗੋਪਾਲ ਮਿਸ਼ਰਾ ਦੀ ਹੱਤਿਆ ਦੇ ਮਾਮਲੇ ਵਿੱਚ ਜ਼ਿਲ੍ਹਾ ਤੇ ਸੈਸ਼ਨ ਜੱਜ ਪਵਨ ਕੁਮਾਰ ਸ਼ਰਮਾ ਨੇ ਮੁੱਖ ਮੁਲਜ਼ਮ ਮੁਹੰਮਦ ਸਰਫਰਾਜ਼ ਅਹਿਮਦ ਉਰਫ ਰਿੰਕੂ ਨੂੰ ਮੌਤ ਦੀ ਸਜ਼ਾ ਤੇ ਹੋਰਨਾਂ 9 ਮੁਲਜ਼ਮਾਂ ਨੂੰ ਤਾ-ਉਮਰ ਕੈਦ ਦੀ ਸਜ਼ਾ ਸੁਣਾਉਣ ਦੇ ਨਾਲ-ਨਾਲ ਇੱਕ-ਇੱਕ ਲੱਖ ਰੁਪਏ ਦਾ ਜੁਰਮਾਨਾ ਸੁਣਾਇਆ ਹੈ। ਫੈਸਲੇ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਰਾਮ ਗੋਪਾਲ 'ਤੇ ਅੱਤਿਆਚਾਰ ਕੀਤਾ ਗਿਆ, ਉਸ ਦੇ ਨਹੁੰ ਉਖਾੜੇ ਗਏ ਤੇ ਪੈਰ ਸਾੜੇ ਗਏ। (ਪੁਲਸ ਨੇ ਅਜਿਹੇ ਅੱਤਿਆਚਾਰ ਨੂੰ ਅਫਵਾਹ ਦੱਸਿਆ ਸੀ ਤੇ ਪੋਸਟਮਾਰਟਮ ਰਿਪੋਰਟ 'ਚ ਵੀ ਮੌਤ ਦੀ ਵਜ੍ਹਾ ਗੋਲੀ ਲੱਗਣੀ ਹੀ ਦੱਸਿਆ ਗਿਆ ਸੀ।) 13 ਅਕਤੂਬਰ 2024 ਨੂੰ ਮਹਾਰਾਜਗੰਜ ਵਿੱਚ ਦੁਰਗਾ ਦੀ ਮੂਰਤੀ ਦੇ ਵਿਸਰਜਨ ਜਲੂਸ ਵਿੱਚ ਡੀ ਜੇ ਵਜਾਉਣ 'ਤੇ ਵਿਵਾਦ ਹੋਇਆ ਸੀ। ਰਾਮ ਗੋਪਾਲ ਦੁਕਾਨਦਾਰ ਅਬਦੁੱਲ ਹਮੀਦ ਦੀ ਛੱਤ 'ਤੇ ਚੜ੍ਹ ਕੇ ਉੱਥੇ ਲੱਗੇ ਹਰੇ ਝੰਡੇ ਉਤਾਰਨ ਲੱਗਾ। ਇਸੇ ਦੌਰਾਨ ਗੋਲੀ ਚੱਲੀ ਤੇ ਰਾਮ ਗੋਪਾਲ ਦੀ ਮੌਤ ਹੋ ਗਈ। ਫਿਰ ਵੱਡੇ ਪੈਮਾਨੇ 'ਤੇ ਹਿੰਸਾ ਹੋਈ।

ਫਾਜ਼ਲ ਜੱਜ ਨੇ ਆਪਣੇ 142 ਸਫਿਆਂ ਦੇ ਫੈਸਲੇ ਵਿੱਚ ਨਾ ਸਿਰਫ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ ਦਾ ਜ਼ਿਕਰ ਕੀਤਾ ਹੈ, ਸਗੋਂ ਪ੍ਰਾਚੀਨ ਭਾਰਤੀ ਗ੍ਰੰਥ 'ਮਨੂੰ ਸਿਮਰਤੀ' ਤੇ 'ਰਾਜ ਧਰਮ' ਦੀ ਧਾਰਨਾ ਦੇ ਵੀ ਹਵਾਲੇ ਦਿੱਤੇ ਹਨ। ਉਸ ਨੇ ਕਿਹਾ ਕਿ ਮਨੂੰ ਸਿਮਰਤੀ ਮੁਤਾਬਕ ਪਰਜਾ ਵੱਲੋਂ ਰਾਜ ਧਰਮ ਦੀ ਪਾਲਣਾ ਕੀਤੀ ਜਾਵੇ। ਇਸ ਨਜ਼ਰੀਏ ਨਾਲ ਦੰਡ ਵਿਧਾਨ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਸੀ। ਦੰਡ ਦੇ ਭੈਅ ਨਾਲ ਸਮਾਜ ਦੇ ਵਿਅਕਤੀ ਆਪਣੇ ਧਰਮ ਤੇ ਕਰਮ ਤੋਂ ਥਿੜਕਣ ਤੋਂ ਬਚਦੇ ਹਨ। ਦੰਡ ਹੀ ਪਰਜਾ ਦੀ ਜਾਨ-ਮਾਲ ਦੀ ਰਾਖੀ ਕਰਦਾ ਹੈ। ਇਸ ਲਈ ਅਪਰਾਧੀ ਨੂੰ ਸਜ਼ਾ ਦੇਣਾ ਹੁਕਮਰਾਨ ਦਾ ਪਰਮ ਧਰਮ ਮੰਨਿਆ ਗਿਆ ਸੀ। ਇਸ ਤੋਂ ਅੱਗੇ ਜਾ ਕੇ ਉਸ ਨੇ ਫੈਸਲੇ ਵਿੱਚ ਲਿਖਿਆ ਹੈ ਕਿ ਵਿਧੀ ਰਾਹੀਂ ਸਥਾਪਤ ਸਿਧਾਂਤਾਂ ਨੂੰ ਤੋੜਨ ਵਾਲਿਆਂ ਨੂੰ ਉਚਿੱਤ ਦੰਡ ਦਿੱਤਾ ਜਾਣਾ ਨਿਆਂ ਦੇ ਹਿੱਤ ਤੇ ਸਮਾਜ ਦੇ ਹਿੱਤ 'ਚ ਉਚਿਤ ਹੁੰਦਾ ਹੈ। ਇਹ ਅਦਾਲਤ ਦੀ ਜ਼ਿੰਮੇਵਾਰੀ ਹੈ ਕਿ ਸਜ਼ਾ ਦਿੰਦੇ ਸਮੇਂ ਨਿਆਂ ਲਈ ਆਮ ਲੋਕਾਂ ਅਤੇ ਸਮਾਜ ਦੀ ਆਵਾਜ਼ ਤੇ ਪੀੜਾ ਨੂੰ ਮਹਿਸੂਸ ਕਰਦੇ ਹੋਏ ਸਮਾਜ ਦੇ ਨਿਯਮਾਂ ਨੂੰ ਤੋੜਨ ਵਾਲਿਆਂ ਨੂੰ ਕਠੋਰ ਦੰਡ ਦਿੱਤਾ ਜਾਵੇ, ਜਿਸ ਨਾਲ ਨਿਆਂ ਦੇ ਉਦੇਸ਼ ਦੀ ਪੂਰਤੀ ਹੋ ਸਕੇ।

ਸੰਵਿਧਾਨ ਦੀਆਂ ਕਈ ਮੱਦਾਂ ਮਨੂੰ ਸਿਮਰਤੀ ਦੀ ਜਾਤੀਵਾਦੀ, ਇਸਤਰੀ-ਵਿਰੋਧੀ ਤੇ ਨਾਬਰਾਬਰੀ ਵਾਲੀ ਵਿਵਸਥਾ ਦੇ ਸਿੱਧੇ ਵਿਰੋਧ ਵਿੱਚ ਬਣਾਈਆਂ ਗਈਆਂ ਹਨ। ਸੰਵਿਧਾਨ ਦਾ ਆਰਟੀਕਲ 14 ਕਾਨੂੰਨ ਅੱਗੇ ਸਭ ਦੀ ਬਰਾਬਰੀ ਦੀ ਗੱਲ ਕਰਦਾ ਹੈ, ਜਦਕਿ ਮਨੂੰ ਸਿਮਰਤੀ ਵਿੱਚ ਵੱਖ-ਵੱਖ ਜਾਤਾਂ ਲਈ ਵੱਖ-ਵੱਖ ਦੰਡ ਸਨ। ਮਿਸਾਲ ਦੇ ਤੌਰ 'ਤੇ ਬ੍ਰਾਹਮਣ ਨੂੰ ਘੱਟ ਸਜ਼ਾ, ਸ਼ੂਦਰ ਨੂੰ ਕਠੋਰ ਸਜ਼ਾ। ਆਰਟੀਕਲ 15 ਧਰਮ, ਜਾਤ, ਲਿੰਗ ਤੇ ਜਨਮ ਸਥਾਨ ਦੇ ਆਧਾਰ 'ਤੇ ਭੇਦਭਾਵ ਨੂੰ ਖਤਮ ਕਰਦਾ ਹੈ, ਪਰ ਮਨੂੰ ਸਿਮਰਤੀ ਵਿੱਚ ਸ਼ੂਦਰਾਂ ਤੇ ਮਹਿਲਾਵਾਂ ਨਾਲ ਭਾਰੀ ਭੇਦਭਾਵ ਸੀ। ਆਰਟੀਕਲ 17 ਨਾਲ ਛੂਤਛਾਤ ਦਾ ਅੰਤ ਕੀਤਾ ਗਿਆ, ਜਦਕਿ ਮਨੂੰ ਸਿਮਰਤੀ ਵਿੱਚ ਛੂਤਛਾਤ ਨੂੰ ਜਾਇਜ਼ ਠਹਿਰਾਇਆ ਗਿਆ ਸੀ। ਆਰਟੀਕਲ 21 ਜੀਵਨ ਤੇ ਨਿੱਜੀ ਆਜ਼ਾਦੀ ਦਾ ਅਧਿਕਾਰ ਦਿੰਦਾ ਹੈ, ਜਦਕਿ ਮਨੂੰ ਸਿਮਰਤੀ ਵਿੱਚ ਸ਼ੂਦਰਾਂ ਤੇ ਮਹਿਲਾਵਾਂ ਨੂੰ ਸਿੱਖਿਆ, ਸੰਪਤੀ ਤੇ ਆਜ਼ਾਦੀ ਤੋਂ ਮਹਿਰੂਮ ਰੱਖਿਆ ਗਿਆ ਸੀ। ਆਰਟੀਕਲ 25-28 ਵਿੱਚ ਧਰਮ ਦੀ ਆਜ਼ਾਦੀ ਦਾ ਅਧਿਕਾਰ ਹੈ, ਜਦਕਿ ਮਨੂੰ ਸਿਮਰਤੀ ਵਿੱਚ ਧਰਮ ਨੂੰ ਜਾਤੀ ਵਿਵਸਥਾ ਨਾਲ ਜੋੜਿਆ ਗਿਆ ਸੀ। ਸੰਵਿਧਾਨ ਸਭਾ ਵਿੱਚ ਡਾ. ਭੀਮ ਰਾਓ ਅੰਬੇਡਕਰ ਨੇ 1949 ਵਿੱਚ ਆਪਣੇ ਆਖਰੀ ਭਾਸ਼ਣ 'ਚ ਕਿਹਾ ਸੀ, "ਅਸੀਂ ਸੰਵਿਧਾਨ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਚਾਹੁੰਦੇ, ਜਿਹੜੀ ਮਨੂੰ ਸਿਮਰਤੀ ਵਰਗੀ ਹੋਵੇ।" ਡਾ. ਅੰਬੇਡਕਰ ਨੇ ਤਾਂ 25 ਦਸੰਬਰ 1927 ਨੂੰ ਮਨੂੰ ਸਿਮਰਤੀ ਦੀਆਂ ਕਾਪੀਆਂ ਜਨਤਕ ਤੌਰ 'ਤੇ ਸਾੜ ਕੇ ਕਿਹਾ ਸੀ, "ਮਨੂੰ ਸਿਮਰਤੀ ਨੂੰ ਸਾੜਨਾ ਜ਼ਿੰਦਗੀ ਦਾ ਸਭ ਤੋਂ ਵੱਡਾ ਕਾਰਜ ਸੀ।"

ਸਰਫਰਾਜ਼ ਫਾਂਸੀ ਦੀ ਸਜ਼ਾ ਨੂੰ ਇਲਾਹਾਬਾਦ ਹਾਈ ਕੋਰਟ ਵਿੱਚ ਚੈਲੰਜ ਕਰ ਸਕਦਾ ਹੈ, ਪਰ ਹੇਠਲੀ ਅਦਾਲਤ ਨੇ ਆਪਣੇ ਫੈਸਲੇ ਵਿੱਚ ਮਨੂੰ ਸਿਮਰਤੀ ਦੇ ਜਿਸ ਹਿਸਾਬ ਨਾਲ ਹਵਾਲੇ ਦਿੱਤੇ ਹਨ, ਉਹ ਕੰਬਾਉਣ ਵਾਲੇ ਹਨ। ਜੱਜ ਨੇ ਸੰਵਿਧਾਨ ਦੇ ਹਿਸਾਬ ਨਾਲ ਫੈਸਲੇ ਦੇਣੇ ਹੁੰਦੇ ਹਨ, ਜਿਸ ਨੇ ਕਿ ਮਨੂੰ ਸਿਮਰਤੀ ਨੂੰ ਇੱਕ-ਵਾਢਿਓਂ ਰੱਦ ਕੀਤਾ ਹੋਇਆ ਹੈ। ਇਸ ਫੈਸਲੇ ਤੋਂ ਬਾਅਦ ਹਾਈ ਕੋਰਟ ਜਾਂ ਸੁਪਰੀਮ ਕੋਰਟ ਵੱਲੋਂ ਕਿਸੇ ਕਿਸਮ ਦਾ ਨੋਟਿਸ ਲੈਣ ਦੀ ਗੱਲ ਅਜੇ ਸਾਹਮਣੇ ਨਹੀਂ ਆਈ, ਪਰ ਉਨ੍ਹਾਂ ਦਾ ਫੌਰੀ ਨੋਟਿਸ ਲੈਣਾ ਬਣਦਾ ਹੈ, ਨਹੀਂ ਤਾਂ ਇੱਕ ਖਾਸ ਸੋਚ ਦੇ ਧਾਰਨੀ ਜੱਜ ਤਾਂ ਫੈਸਲੇ ਸੰਵਿਧਾਨ ਦੀ ਥਾਂ ਮਨੂੰ ਸਿਮਰਤੀ ਦੇ ਹਿਸਾਬ ਨਾਲ ਹੀ ਸੁਣਾਉਣ ਲੱਗ ਪੈਣਗੇ। ਫਿਰ ਮਨੂੰ ਸਿਮਰਤੀ ਨੂੰ ਮੁੜ ਲਾਗੂ ਕਰਨ ਲਈ ਉਤਾਵਲੀਆਂ ਤਾਕਤਾਂ ਨੂੰ ਸੰਵਿਧਾਨ ਬਦਲਣ ਦੀ ਵੀ ਲੋੜ ਨਹੀਂ ਪੈਣੀ।

## ਫਖਰੇ-ਕੌਮ ਦੀ ਵਾਪਸੀ ?

ਲਿਆ ਸਬਕ ਨਾ ਬੀਤੇ ਦੇ 'ਕਾਰਿਆਂ' ਤੋਂ,
ਐਪਰ 'ਚੰਦ' ਇਕ ਨਵਾਂ ਚੜ੍ਹਾਇ ਦਿੱਤਾ।
ਬਾਦਲਸ਼ਾਹੀ ਨੇ ਵਰਤ ਕੇ ਤਖਤ ਸਾਹਿਬ,
ਅੱਖੀਂ ਘੱਟਾ ਇਉਂ ਲੋਕਾਂ ਦੇ ਪਾਇ ਦਿੱਤਾ।
ਸਿੰਘ ਸਾਹਬ ਮਨਮਰਜ਼ੀ ਦੇ ਥਾਪ ਕੇ ਜੀ,
ਤਹਿਸ਼ੁਦਾ ਫਿਰ ਨਾਟਕ ਖਿਡਾਇ ਦਿੱਤਾ।
ਮਿੱਥੇ 'ਟੀਚੇ' ਵੱਲ ਤੋਲ 'ਗੜਗੱਜ' ਤਾਈਂ,
ਦੂਜਾ 'ਸਿੰਘ ਗੁਰਬਚਨ' ਬਣਾਇ ਦਿੱਤਾ।
ਪਤਾ 'ਮਾਲਕ' ਨੂੰ ਲੱਗੇਗਾ ਲੋਕ-ਰੋਹ ਦਾ,
ਜਨਤਾ ਵਿੱਚ ਜਦ ਗਿਆ ਦੁੜ੍ਹਾਇ ਦਿੱਤਾ।
'ਫਖਰੇ-ਕੌਮ' ਦੀ ਵਾਪਸੀ 'ਕੰਮ' ਅਗਲਾ,
ਜਿਉਂ ਵਲਟੋਹੇ ਲਈ ਰਾਹ ਖੁਲ੍ਹਾਇ ਦਿੱਤਾ!

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਤੇਜ਼ੀ ਨਾਲ ਡਿਗਦੀ ਜਾ ਰਹੀ ਚੋਣ ਕਮਿਸ਼ਨ ਦੀ ਸਾਖ਼

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਸੰਨ 1950 ਵਿਚ ਜਦੋਂ ਭਾਰਤੀ ਚੋਣ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ ਤਾਂ ਇਸ ਨੂੰ ਇਕ ਮੈਂਬਰੀ ਕਮਿਸ਼ਨ ਬਣਾਇਆ ਗਿਆ ਸੀ। ਉਪਰੰਤ 'ਦਿ ਇਲੈਕਸ਼ਨ ਕਮਿਸ਼ਨਰ ਅਮੈਂਡਮੈਂਟ ਐਕਟ 1989' ਅਧੀਨ ਇਕ ਵੱਡੀ ਸੋਧ ਕਰਦਿਆਂ ਹੋਇਆਂ ਚੋਣ ਕਮਿਸ਼ਨ ਨੂੰ ਇਕ ਮੈਂਬਰੀ ਕਮਿਸ਼ਨ ਦੀ ਥਾਂ ਬਹੁ-ਮੈਂਬਰੀ ਕਮਿਸ਼ਨ ਬਣਾਉਂਦਿਆਂ ਹੋਇਆਂ ਇਸ ਵਿਚ ਇਕ ਮੁੱਖ ਚੋਣ ਕਮਿਸ਼ਨਰ ਅਤੇ ਦੋ ਚੋਣ ਕਮਿਸ਼ਨਰਾਂ ਦੇ ਅਹੁਦੇ ਬਣਾ ਦਿੱਤੇ ਗਏ ਸਨ ਤੇ 16 ਅਕਤੂਬਰ 1989 ਨੂੰ ਇਸ ਨਵੀਂ ਵਿਵਸਥਾ ਅਨੁਸਾਰ ਨਿਯੁਕਤੀਆਂ ਵੀ ਕਰ ਦਿੱਤੀਆਂ ਗਈਆਂ ਸਨ, ਪਰ ਕੁਝ ਕਾਰਨਾਂ ਕਰਕੇ 1 ਜਨਵਰੀ,1990 ਨੂੰ ਮੁੜ ਇਕ ਮੈਂਬਰੀ ਕਮਿਸ਼ਨ ਵਾਲੀ ਵਿਵਸਥਾ ਬਹਾਲ ਕਰ ਦਿੱਤੀ ਗਈ ਸੀ। ਫਿਰ ਤਿੰਨ ਕੁ ਸਾਲ ਬਾਅਦ 1 ਅਕਤੂਬਰ,1993 ਨੂੰ ਚੋਣ ਕਮਿਸ਼ਨ ਨੂੰ ਮੁੜ ਤਿੰਨ ਮੈਂਬਰੀ ਕਮਿਸ਼ਨ ਦਾ ਰੂਪ ਪ੍ਰਦਾਨ ਕਰ ਦਿੱਤਾ ਗਿਆ ਸੀ। ਨਵੀਂ ਵਿਵਸਥਾ ਅਨੁਸਾਰ ਚੱਲ ਰਹੇ ਪ੍ਰਬੰਧਨ ਮੁੱਖ ਚੋਣ ਕਮਿਸ਼ਨਰ ਦਾ ਅਹੁਦਾ ਜ਼ਰੂਰ ਵੱਡਾ ਹੈ, ਪਰ ਕੋਈ ਵੀ ਫ਼ੈਸਲਾ ਲੈਣ ਲਈ ਮੁੱਖ ਚੋਣ ਕਮਿਸਨਰ ਅਤੇ ਦੋ ਚੋਣ ਕਮਿਸਨਰਾਂ ਦੀ ਰਾਇ ਵਿਚ ਬਹੁਸੰਮਤੀ ਹੋਣੀ ਜ਼ਰੂਰੀ ਰੱਖੀ ਗਈ ਹੈ। ਵਰਤਮਾਨ ਸਮੇਂ ਵਿਚ ਗਿਆਨੇਸ਼ ਕੁਮਾਰ ਮੁੱਖ ਚੋਣ ਕਮਿਸ਼ਨਰ ਅਤੇ ਡਾ. ਸੁਖਬੀਰ ਸਿੰਘ ਸੰਧੂ ਤੇ ਡਾ.ਵਿਵੇਕ ਜੋਸ਼ੀ ਬਤੌਰ ਚੋਣ ਕਮਿਸ਼ਨਰ ਸੇਵਾ ਨਿਭਾਅ ਰਹੇ ਹਨ।

ਭਾਰਤੀ ਚੋਣ ਕਮਿਸ਼ਨ ਅਤੇ ਮੁੱਖ ਚੋਣ ਕਮਿਸ਼ਨਰ ਜਿੰਨੇ ਸਵਾਲਾਂ ਅਤੇ ਜਿੰਨੀਆਂ ਸ਼ੰਕਾਵਾਂ ਦੇ ਘੇਰੇ ਵਿਚ ਅੱਜ ਹਨ, ਓਨਾ ਅਤੀਤ ਵਿਚ ਕਦੇ ਵੀ ਨਹੀਂ ਰਹੇ ਹਨ। ਸੱਤਾਧਾਰੀ ਧਿਰ ਚੋਣ ਕਮਿਸ਼ਨ ਦੇ ਬਚਾਅ ਵਿਚ ਪੂਰੀ ਤਰ੍ਹਾਂ ਕਿਰਿਆਸ਼ੀਲ ਨਜ਼ਰ ਆਉਂਦੀ ਹੈ ਤੇ ਚੋਣ ਕਮਿਸ਼ਨ ਆਪਣੀ ਕਾਰਜਪ੍ਰਣਾਲੀ ਪ੍ਰਤੀ ਉਠਾਏ ਜਾ ਰਹੇ ਸਵਾਲਾਂ ਦੇ ਸੰਤੁਸ਼ਟੀਜਨਕ ਜਵਾਬ ਦੇਣ ਵਿਚ ਲਗਾਤਾਰ ਨਾਕਾਮ ਸਾਬਿਤ ਹੋ ਰਿਹਾ ਹੈ, ਜਿਸ ਕਰਕੇ ਦੇਸ਼ ਦੇ ਵਿਦਿਆਰਥੀਆਂ,ਵੋਟਰਾਂ ਅਤੇ ਬੁੱਧੀਜੀਵੀਆਂ ਦੇ ਇਕ ਵੱਡੇ ਵਰਗ ਅੰਦਰ ਚੋਣ ਕਮਿਸ਼ਨ ਅਤੇ ਚੋਣ ਕਮਿਸ਼ਨਰ ਦੀ ਕਾਰਜਸ਼ੈਲੀ ਪ੍ਰਤੀ ਅਸੰਤੋਸ਼ ਫ਼ੈਲ ਰਿਹਾ ਹੈ, ਜੋ ਕਿ ਚਿੰਤਾਜਨਕ ਹੈ। ਸੱਤਾਧਾਰੀ ਸਿਆਸੀ ਦਲ ਬੜੀ ਹੀ ਆਸਾਨੀ ਨਾਲ ਵਿਰੋਧੀ ਧਿਰਾਂ 'ਤੇ ਚੋਣ ਕਮਿਸ਼ਨ ਨੂੰ ਬੇਕਾਰ ਹੀ ਬਦਨਾਮ ਕਰਨ ਦਾ ਢੰਡੋਰਾ ਪਿੱਟ ਸਕਦਾ ਹੈ, ਪਰ ਚਾਹੀਦਾ ਤਾਂ ਇਹ ਹੈ ਕਿ ਆਪਣੀ ਸਾਖ ਅਤੇ ਸੱਚਾਈ ਸਾਬਿਤ ਕਰਨ ਲਈ ਚੋਣ ਕਮਿਸ਼ਨ ਸੰਤੁਸ਼ਟੀਜਨਕ ਦਲੀਲਾਂ ਅਤੇ ਸਬੂਤਾਂ ਸਹਿਤ ਜਨਤਾ ਦੀ ਕਚਹਿਰੀ 'ਚ ਪੇਸ਼ ਹੋਵੇ ਅਤੇ ਵਿਰੋਧੀ ਦਲਾਂ ਦੇ ਦਾਅਵਿਆਂ ਤੇ ਸ਼ਿਕਾਇਤਾਂ ਦਾ ਨਿਪਟਾਰਾ ਕਰੇ, ਨਾ ਕਿ ਅਸੰਤੋਖਜਨਕ ਅਤੇ ਅੱਧੇ-ਅਧੂਰੇ ਜਵਾਬ ਦੇ ਕੇ ਪੱਲਾ ਝਾੜੇ ਅਤੇ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਨੂੰ ਖੋਰਾ ਲਾਵੇ। ਇਹ ਸੱਚ ਹੈ ਕਿ 'ਵੋਟ ਚੋਰੀ' ਅਤੇ 'ਚੋਣ ਜ਼ਾਬਤੇ ਦੀ ਉਲੰਘਣਾ' ਸਬੰਧੀ ਸੋਸ਼ਲ ਮੀਡੀਆ 'ਤੇ ਮੌਜੂਦ ਸਬੂਤਾਂ ਅਤੇ ਬਿਆਨਾਂ ਦਾ ਭਾਰਤੀ ਚੋਣ ਕਮਿਸ਼ਨ ਆਪ ਨੋਟਿਸ ਲਏ ਅਤੇ ਬੜੇ ਹੀ ਸਪੱਸ਼ਟ ਅਤੇ ਨਿਰੱਪਖ ਢੰਗ ਨਾਲ ਸਾਰੇ ਹੀ ਇਲਜ਼ਾਮਾਂ ਦੀ ਜਾਂਚ ਕਰੇ ਅਤੇ ਪ੍ਰਮਾਣਾਂ ਸਮੇਤ ਆਪਣੀ ਸੱਚਾਈ ਸਾਬਿਤ ਕਰਦਿਆਂ ਹੋਇਆਂ ਆਪਣੇ ਦਾਮਨ 'ਤੇ ਲਗਾਤਾਰ ਲੱਗ ਰਹੇ ਇਲਜ਼ਾਮਾਂ ਦੇ ਦਾਗ਼ਾਂ ਨੂੰ ਦੂਰ ਕਰੇ।

'ਐੱਸ ਆਈ ਆਰ' ਭਾਵ 'ਸਪੈਸ਼ਲ ਇਨਟੈਨਸਿਵ ਰਿਵੀਜ਼ਨ' ਨੂੰ ਹੁਣ ਲਗਪਗ ਹਰੇਕ ਸਿਆਸੀ ਦਲ ਸਵੀਕਾਰ ਕਰ ਹੀ ਚੁੱਕਾ ਹੈ ਤੇ ਇਸ ਰਿਵੀਜ਼ਨ ਦੇ ਹੱਕ ਵਿਚ ਵੀ ਹੈ, ਪਰ ਚੋਣ ਕਮਿਸ਼ਨ ਵੱਲੋਂ ਕੁਝ ਵਿਸ਼ੇਸ਼ ਰਾਜਾਂ ਵਿਚ 'ਐੱਸ.ਆਈ.ਆਰ.' ਕਰਵਾਏ ਜਾਣ ਦੀ 'ਕਾਹਲੀ' ਜਾਂ 'ਜਲਦਬਾਜ਼ੀ' ਕਈ ਤਰ੍ਹਾਂ ਦੇ ਸ਼ੰਕਿਆਂ ਨੂੰ ਜਨਮ ਦੇ ਰਹੀ ਹੈ। ਬਿਹਾਰ ਤੋਂ ਬਾਅਦ ਪੱਛਮੀ ਬੰਗਾਲ ਜਿਹੇ ਵੱਡੇ ਰਾਜ ਵਿਚ ਤਿੰਨ ਕੁ ਮਹੀਨਿਆਂ ਦੇ ਸਮੇਂ ਅੰਦਰ ਹੀ ਇਹ ਰਿਵੀਜ਼ਨ ਕੀਤੇ ਜਾਣ ਕਰਕੇ ਸੰਬੰਧਤ ਬੀ ਐੱਲ ਓ ਬੜੇ ਹੀ ਤਣਾਅ ਅਤੇ ਦਬਾਅ ਮਹਿਸੂਸ ਕਰ ਰਹੇ ਹਨ ਤੇ ਬੰਗਾਲ ਸਮੇਤ ਕੁਝ ਹੋਰ ਰਾਜਾਂ ਤੋਂ ਸੰਬੰਧਿਤ ਬੀ ਐੱਲ ਓ ਵੱਲੋਂ ਮਾਨਸਿਕ ਤਣਾਅ ਦੇ ਚਲਦਿਆਂ ਖ਼ੁਦਕੁਸ਼ੀ ਤੱਕ ਕਰ ਲੈਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਪਰ ਅਜਿਹੀਆਂ ਦੁੱਖਦਾਇਕ ਅਤੇ ਗੰਭੀਰ ਘਟਨਾਵਾਂ ਦੇ ਬਾਵਜੂਦ ਸਮਾਂ ਅਵਧੀ ਵਧਾਉਣ ਅਤੇ ਤਣਾਅ ਘੱਟ ਕਰਨ ਦੀ ਥਾਂ ਚੋਣ ਕਮਿਸ਼ਨ 'ਟੱਸ ਤੋਂ ਮੱਸ' ਨਹੀਂ ਹੋ ਰਿਹਾ। ਕਮਿਸ਼ਨ ਦੀ ਇਹ 'ਹਠਧਰਮੀ' ਕਈ ਸ਼ੰਕੇ ਪੈਦਾ ਕਰਦੀ ਹੈ। ਮਹਾਰਾਸ਼ਟਰ ਅਤੇ ਬਿਹਾਰ ਆਦਿ ਰਾਜ, ਜਿੱਥੇ ਇਹ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ, ਵਿਖੇ ਕਈ ਹੈਰਾਨੀਜਨਕ ਮਾਮਲਿਆਂ ਦਾ ਖ਼ੁਲਾਸਾ ਸੰਸਦ ਵਿਚ ਵਿਰੋਧੀ ਧਿਰ ਦੇ ਪ੍ਰਮੁੱਖ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕੀਤਾ ਸੀ, ਜਿਸ ਵਿਚ 'ਇੱਕੋ ਹੀ ਪਤੇ 'ਤੇ ਇਕ ਹਜ਼ਾਰ ਤੋਂ ਵੱਧ ਵੋਟਰਾਂ ਦੀ ਰਿਹਾਇਸ਼ ਵਿਖਾਈ ਗਈ ਸੀ' ਤੇ ਅਨੇਕਾਂ ਵੋਟਰਾਂ ਦਾ ਮਕਾਨ ਨੰਬਰ 'ਸਿਫ਼ਰ' ਭਾਵ 'ਜ਼ੀਰੋ' ਪ੍ਰਦਰਸ਼ਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ ਭਾਜਪਾ ਦੇ ਵਿਰੋਧੀ ਦਲਾਂ ਨਾਲ ਸੰਬੰਧਿਤ ਅਨੇਕਾਂ ਜੀਵਤ ਵੋਟਰਾਂ ਨੂੰ 'ਮ੍ਰਿਤਕ' ਅਤੇ ਭਾਜਪਾ ਦੇ ਅਨੇਕਾਂ ਮ੍ਰਿਤਕ ਵੋਟਰਾਂ ਨੂੰ 'ਜੀਵਤ' ਦਰਸਾਇਆ ਗਿਆ ਸੀ। ਇਕ ਵਿਦੇਸ਼ੀ ਮਾਡਲ ਕੁੜੀ ਦੀ ਹਰਿਆਣਾ ਸਮੇਤ 22 ਥਾਵਾਂ 'ਤੇ ਬਣੀ ਵੋਟ ਦਾ ਜ਼ਿਕਰ ਰਾਹੁਲ ਗਾਂਧੀ ਨੇ ਕੀਤਾ ਸੀ, ਪਰ ਚੋਣ ਕਮਿਸ਼ਨ ਅਜੇ ਤੱਕ ਵੀ ਸੰਤੁਸ਼ਟੀਜਨਕ ਜਵਾਬ ਦੇ ਕੇ ਇਨ੍ਹਾਂ ਇਲਜ਼ਾਮਾਂ ਨੂੰ ਖ਼ਾਰਿਜ ਨਹੀਂ ਕਰ ਪਾਇਆ।

ਇਥੇ ਹੀ ਬਸ ਨਹੀਂ, ਚੋਣ ਜ਼ਾਬਤੇ ਦੇ ਦੌਰਾਨ ਬਿਹਾਰ ਦੀਆਂ ਇਕ ਕਰੋੜ ਤੋਂ ਵੱਧ ਮਹਿਲਾਵਾਂ ਦੇ ਬੈਂਕ ਖ਼ਾਤਿਆਂ ਵਿਚ ਦਸ ਹਜ਼ਾਰ ਰੁਪਏ ਬਤੌਰ 'ਚੋਣ ਗਿਫ਼ਟ' ਟਰਾਂਸਫ਼ਰ ਕਰ ਦਿੱਤੇ ਗਏ, ਪਰ ਵਰਤਮਾਨ ਚੋਣ ਕਮਿਸ਼ਨਰ, ਸਾਬਕਾ ਚੋਣ ਕਮਿਸ਼ਨਰ ਟੀ ਐਨ ਸੇਸ਼ਨ ਵਾਂਗ ਆਪਣੇ 'ਤਿੱਖੇ ਦੰਦ' ਨਾ ਵਿਖਾਅ ਪਾਇਆ। ਬਿਹਾਰ ਵਿਚ ਪਹਿਲੇ ਗੇੜ ਦੀਆਂ ਵੋਟਾਂ ਪੈਣ ਤੋਂ ਬਾਅਦ ਚੋਣ ਕਮਿਸ਼ਨ ਸੂਬੇ ਦੇ ਕੁੱਲ ਵੋਟਰਾਂ ਦੀ ਸੰਖਿਆ 7 ਕਰੋੜ 42 ਲੱਖ ਦੱਸਦਾ ਹੈ ਤੇ ਦੂਜੇ ਦੀ ਗੇੜ ਦੀ ਵੋਟਿੰਗ ਪਿੱਛੋਂ ਅਚਾਨਕ ਹੀ ਵੋਟਰਾਂ ਦੀ ਸੰਖਿਆ 3 ਲੱਖ ਦੇ ਕਰੀਬ ਵਧਾ ਕੇ 7 ਕਰੋੜ 45 ਲੱਖ ਕਰ ਦਿੰਦਾ ਹੈ ਤੇ ਚੋਣ ਪ੍ਰਕਿਰਿਆ ਦੇ ਦੌਰਾਨ ਹੀ ਤਿੰਨ ਲੱਖ ਵੋਟਰਾਂ ਦੇ ਵਧਣ ਬਾਰੇ ਕੋਈ ਵੀ ਤੱਥਪੂਰਨ ਅਤੇ ਸੰਤੁਸ਼ਟੀਜਨਕ ਜਵਾਬ ਚੋਣ ਕਮਿਸ਼ਨ ਦੀ ਤਰਫ਼ੋਂ ਨਹੀਂ ਆਉਂਦਾ। ਭਾਜਪਾ ਦੀ ਇਕ ਸੰਸਦ ਮੈਂਬਰ ਵੱਲੋਂ ਦੋ ਥਾਵਾਂ 'ਤੇ ਵੋਟ ਪਾਏ ਜਾਣ ਦਾ ਸ਼ੱਕ ਪੈਦਾ ਕਰਦੀ ਉਸਦੀ ਸੱਜੇ ਅਤੇ ਖੱਬੇ ਭਾਵ ਦੋਵਾਂ ਹੱਥਾਂ 'ਤੇ ਲੱਗੀ 'ਸਿਆਹੀ' ਦੀ ਜਾਂਚ ਸੰਬੰਧੀ ਵੀ ਚੋਣ ਕਮਿਸ਼ਨ ਨੇ ਕੋਈ ਕਦਮ ਨਹੀਂ ਚੁੱਕਿਆ। ਬਿਹਾਰ ਵਿਚ ਐੱਸ.ਆਈ.ਆਰ. ਤੋਂ ਪਹਿਲਾਂ ਬਿਹਾਰ ਦੀਆਂ ਹੱਦਾਂ ਅੰਦਰ 'ਘੁਸਪੈਠੀਏ-ਘੁਸਪੈਠੀਏ' ਚੀਕਦੀ ਭਾਜਪਾ ਨੂੰ ਚੋਣ ਕਮਿਸ਼ਨ ਇਕ ਵੀ ਘੁਸਪੈਠੀਆ ਲੱਭ ਕੇ ਨਾ ਦੇ ਸਕਿਆ ਤੇ ਹੁਣ ਇਸ ਕਮਿਸ਼ਨ ਨੇ ਪੱਛਮੀ ਬੰਗਾਲ ਵਿਚ ਐੱਸ ਆਈ ਆਰ ਕਰਵਾਉਣ ਦੇ ਨਾਲ ਨਾਲ ਭਾਜਪਾ ਦੀ ਸੁਰ 'ਚ ਸੁਰ ਰਲਾਉਂਦਿਆਂ ਹੋਇਆਂ ਇਕ ਵਾਰ ਮੁੜ 'ਘੁਸਪੈਠੀਆਂ' ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਇਲਾਵਾ ਮੁੱਖ ਚੋਣ ਕਮਿਸ਼ਨਰ ਨਿਯੁਕਤ ਕਰਨ ਦੀ ਪ੍ਰਕਿਰਿਆ ਵਿੱਚੋਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਬਾਹਰ ਕਰਨਾ ਅਤੇ ਮੁੱਖ ਚੋਣ ਕਮਿਸ਼ਨਰ ਨੂੰ ਦੇਸ਼ ਦੇ ਕਾਨੂੰਨ ਤੋਂ ਵੀ ਉਪਰ ਜਾ ਕੇ ਹਰ ਤਰ੍ਹਾਂ ਦੀ 'ਮੁਕੱਦਮੇਬਾਜ਼ੀ' ਜਾਂ 'ਗ੍ਰਿਫ਼ਤਾਰੀ' ਤੋਂ ਰਾਹਤ ਪ੍ਰਦਾਨ ਕਰਨਾ ਵੀ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਕਰਦਾ ਹੈ। ਕਈ ਚੋਣ ਕਮਿਸ਼ਨਰਾਂ ਦਾ ਸੇਵਾਮੁਕਤ ਹੋ ਜਾਣ ਤੋਂ ਤੁਰੰਤ ਮਗਰੋਂ ਕਿਸੇ ਰਾਜ ਦਾ ਰਾਜਪਾਲ ਜਾਂ ਕਿਸੇ ਵੱਡੇ ਅਤੇ ਮਹੱਤਵਪੂਰਨ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਹੋ ਜਾਣਾ ਵੀ ਚੋਣ ਕਮਿਸ਼ਨ ਦੀ ਜਵਾਬਦੇਹੀ ਅਤੇ ਭਰੋਸੇਯੋਗਤਾ 'ਤੇ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਦਾ ਹੈ।

ਚੋਣ ਕਮਿਸ਼ਨ ਨੇ ਆਪਣੇ 'ਤੇ ਲੱਗੇ ਇਲਜ਼ਾਮਾਂ ਜਾਂ ਪ੍ਰਗਟਾਏ ਜਾ ਰਹੇ ਸ਼ੰਕਿਆਂ ਸੰਬੰਧੀ ਤਸੱਲੀਬਖ਼ਸ਼ ਜਵਾਬ ਦੇ ਕੇ ਸਵਾਲ-ਕਰਤਾਵਾਂ ਨੂੰ ਸੰਤੁਸ਼ਟ ਕਰਨ 'ਚ ਅਜੇ ਤੱਕ ਸਫ਼ਲਤਾ ਹਾਸਿਲ ਨਹੀਂ ਕੀਤੀ। ਵਿਰੋਧੀ ਧਿਰ ਦਾ ਸਪੱਸ਼ਟ ਇਲਜ਼ਾਮ ਅਤੇ ਵਾਜਿਬ ਪ੍ਰਸ਼ਨ ਹੈ ਕਿ ਚੋਣ ਕਮਿਸ਼ਨ ਸਰਕਾਰ ਦੇ ਦਬਾਅ ਹੇਠ ਆ ਕੇ ਘੱਟ ਸਮੇਂ ਅੰਦਰ ਹੀ ਐੱਸ ਆਈ ਆਰ ਕਰਵਾਉਣ ਲਈ ਬਜ਼ਿੱਦ ਕਿਉਂ ਹੈ? ਕੀ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ 16 ਦਿਨਾਂ ਦੀ 1300 ਕਿਲੋਮੀਟਰ ਦੀ 'ਵੋਟ ਅਧਿਕਾਰ ਯਾਤਰਾ' ਅਤੇ 'ਵੋਟ ਚੋਰੀ' ਦੇ ਨਿਰੰਤਰ ਲੱਗ ਰਹੇ ਇਲਜ਼ਾਮ ਐਵੇਂ ਈ ਸਨ? 'ਘੱਟ ਸਮੇਂ 'ਚ ਵੱਧ ਕੰਮ' ਦੇ ਬਹਾਨੇ ਭਾਰਤੀ ਚੋਣ ਕਮਿਸ਼ਨ ਬੀ ਐੱਲ ਓ 'ਤੇ ਦਬਾਅ ਇਸ ਕਦਰ ਵਧਾਅ ਰਿਹਾ ਹੈ ਕਿ ਵਿਚਾਰਿਆਂ ਨੂੰ ਖ਼ੁਦਕੁਸ਼ੀ ਜਿਹੇ ਕਾਇਰਾਨਾ ਕਦਮ ਚੁੱਕਣੇ ਪੈ ਰਹੇ ਹਨ। ਕੇਂਦਰੀ ਚੋਣ ਕਮਿਸ਼ਨ ਵੱਲੋਂ ਰਾਹੁਲ ਗਾਂਧੀ ਵੱਲੋਂ ਮੰਗੀ ਗਈ ਕੁਝ ਕੁ ਸ਼ੱਕੀ ਪੋਲਿੰਗ ਸਟੇਸ਼ਨਾਂ ਦੀ ਸੀ ਸੀ ਟੀ ਵੀ ਫੁਟੇਜ਼ ਨੂੰ ਬੇਤੁਕੇ ਜਿਹੇ ਤਰਕ ਦੇ ਕੇ ਦੇਣ ਤੋਂ ਸਾਫ਼ ਇਨਕਾਰ ਕਰਨਾ ਅਤੇ ਡਿਜੀਟਲੀ ਖੋਜਣਯੋਗ ਵੋਟਰ ਸੂਚੀਆਂ ਪ੍ਰਦਾਨ ਕਰਨ ਦੀ ਥਾਂ ਥੱਬਿਆਂ ਦੇ ਥੱਬੇ ਪ੍ਰਿੰਟਿਡ ਸੂਚੀਆਂ ਪ੍ਰਦਾਨ ਕਰ ਦੇਣਾ ਆਦਿ ਜਿਹੇ ਹਲਕੇ ਪੱਧਰ ਦੇ ਕਦਮ ਭਾਰਤੀ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਨੂੰ ਦਾਗ਼ਦਾਰ ਕਰਦੇ ਹਨ। ਚੋਣ ਕਮਿਸ਼ਨ ਖ਼ੁਦ ਇਹ ਐਫ਼ੀਡੈਵਿਟ ਦੇਣ ਦੀ ਥਾਂ ਕਿ 'ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਸਾਫ਼,ਸਪੱਸ਼ਟ ਅਤੇ ਬੇਦਾਗ਼' ਹੈ ਦੀ ਥਾਂ ਸ਼ਿਕਾਇਤਕਰਤਾਵਾਂ ਤੋਂ ਹੀ ਐਫ਼ੀਡੈਵਿਟ ਮੰਗਦਾ ਹੈ ਕਿ ਉਹ ਲਿਖ਼ ਕੇ ਦੇਣ ਕਿ ਉਨ੍ਹਾ ਦੁਆਰਾ ਲਗਾਏ ਜਾ ਰਹੇ ਦੋਸ਼ ਵਾਜਿਬ ਹਨ। ਕਿੰਨੀ ਹਾਸੋਹੀਣੀ ਗੱਲ ਹੈ ਕਿ ਜਿਸ ਸੰਵਿਧਾਨਕ ਸੰਸਥਾ ਕੋਲ ਸੰਬੰਧਤ ਅੰਕੜੇ, ਦਸਤਾਵੇਜ਼ ਅਤੇ ਸੀ ਸੀ ਟੀ ਵੀ ਫੁਟੇਜ ਸਮੇਤ ਸਾਰਾ ਸਮਾਨ ਮੌਜੂਦ ਹੈ,ਉਹ ਲੱਗ ਰਹੇ ਦੋਸ਼ਾਂ ਦੀ ਰੌਸ਼ਨੀ ਵਿਚ ਆਪਣੇ ਰਿਕਾਰਡ ਦੀ ਜਾਂਚ ਕਰਨ ਅਤੇ ਜਾਂਚ ਤੋਂ ਬਾਅਦ ਤੱਥ ਪੇਸ਼ ਕਰਨ ਦੀ ਥਾਂ ਸ਼ਿਕਾਇਤਕਰਤਾਵਾਂ ਨੂੰ ਹੀ ਦੋਸ਼ ਸਾਬਿਤ ਕਰਨ ਦੀਆਂ ਸਲਾਹਾਂ ਦੇ ਰਿਹਾ ਹੈ। ਇਹ ਤਾਂ ਬਿਲਕੁਲ ਓਵੇਂ ਹੀ ਹੈ, ਜਿਵੇਂ ਕੋਈ ਥਾਣੇਦਾਰ ਆਪਣੇ ਕੋਲ ਚੋਰੀ ਦੀ ਰਿਪੋਰਟ ਲਿਖਵਾਉਣ ਆਏ ਪੀੜਤ ਸ਼ਖ਼ਸ ਨੂੰ ਆਖੇ ਕਿ ਉਹ ਪੀੜਤ ਦੀ ਰਿਪੋਰਟ ਬਾਅਦ ਵਿਚ ਲਿਖੇਗਾ ਤੇ ਜਾਂਚ ਕਰੇਗਾ, ਪਹਿਲਾਂ ਪੀੜਤ ਸ਼ਖ਼ਸ ਖ਼ੁਦ ਇਹ ਐਫ਼ੀਡੈਵਿਟ ਦੇਵੇ ਕਿ ਉਸ ਵੱਲੋਂ ਲਿਖਾਈ ਜਾ ਰਹੀ ਰਿਪੋਰਟ ਸੱਚੀ ਹੈ ਤੇ ਚੋਰੀ ਸੱਚਮੁੱਚ ਹੋਈ ਹੈ। ਸੰਜੀਦਾ ਅਤੇ ਸੰਗੀਨ ਇਲਜ਼ਾਮਾਂ ਦੇ ਅਜਿਹੇ ਬੇਤੁਕੇ ਤਰਕਾਂ ਅਤੇ ਗ਼ੈਰ-ਤਸੱਲੀਬਖ਼ਸ਼ ਜਵਾਬਾਂ ਦੇ ਕਾਰਨ ਭਾਰਤੀ ਚੋਣ ਕਮਿਸ਼ਨ ਆਪਣੀ ਸਾਖ਼ ਅਤੇ ਭਰੋਸੇਯੋਗਤਾ ਦੋਵੇਂ ਗੁਆ ਰਿਹਾ ਹੈ।

# ਸੰਪਰਕ : 97816-46008

# ਏ ਕੇ-47 ਦਾ ਪਿਤਾਮਾ ਮਿਖਾਇਲ ਕਲਾਸ਼ਨੀਕੋਵ

ਸੰਦੀਪ ਨਈਅਰ

A K-47 ਦਾ ਨਾਂਅ ਸੁਣਦਿਆਂ ਹੀ ਸਾਡੇ ਦਿਮਾਗ ਵਿਚ ਇਕ ਹੀ ਖਿਆਲ ਆਉਂਦਾ ਹੈ ਆਟੋਮੈਟਿਕ ਰਾਈਫਲ, ਪਰ ਬਹੁਤ ਘੱਟ ਲੋਕ ਜਾਣਦੇ ਹੋਣਗੇ ਇਸ ਰਾਈਫਲ ਨੂੰ ਡਿਜ਼ਾਇਨ ਕਰਨ ਵਾਲਾ ਸ਼ਖ਼ਸ ਮਿਖਾਇਲ ਕਲਾਸ਼ਨੀਕੋਵ ਸੀ। ਰਾਈਫਲ ਦਾ ਪੂਰਾ ਨਾਂਅ ਅਵਟੋਮੈਟ ਕਲਾਸ਼ਨੀਕੋਵ-47 ਹੈ। ਮਿਖਾਇਲ ਕਲਾਸ਼ਨੀਕੋਵ ਦਾ ਜਨਮ ਕੁਰਿਆ ਨਾਂਅ ਦੇ ਪਿੰਡ ਵਿਚ ਇਕ ਕਿਸਾਨੀ ਪਰਵਾਰ ਵਿਚ 1919 ਵਿਚ ਹੁੰਦਾ ਹੈ। ਹਾਲਾਂਕਿ ਕਲਾਸ਼ਨੀਕੋਵ ਜ਼ਿਆਦਾ ਪੜ੍ਹਿਆ-ਲਿਖਿਆ ਨਹੀਂ, ਪਰ ਉਹ ਖੁਦ ਹੀ ਆਪਣਾ ਮਾਸਟਰ ਸੀ। ਬਚਪਨ ਵਿਚ ਹੀ ਹਰ ਕਿਸਮ ਦੀ ਮਸ਼ੀਨਰੀ ਉਸ ਨੂੰ ਆਕਰਸ਼ਿਤ ਕਰਦੀ ਸੀ। ਥੋੜ੍ਹੀ ਦੇਰ ਪੜ੍ਹਨੇ ਤੋਂ ਬਾਅਦ ਉਸ ਨੇ ਟਰੈਕਟਰ ਸਟੇਸ਼ਨ 'ਤੇ ਨੌਕਰੀ ਸ਼ੁਰੂ ਕੀਤੀ, ਪਰ ਉਸ ਦੀ ਮਸ਼ੀਨਰੀ ਨੂੰ ਸਮਝਣ ਵਿਚ ਨਿਪੁੰਨਤਾ ਨੂੰ ਦੇਖਦੇ ਹੋਏ ਉਸ ਨੂੰ ਹਥਿਆਰਾਂ ਦੀ ਫੈਕਟਰੀ ਵਿਚ ਭੇਜ ਦਿੱਤਾ ਗਿਆ।

ਕਲਾਸ਼ਨੀਕੋਵ ਦੇ ਤਕਨੀਕੀ ਮੁਹਾਰਤ ਹੋਣ ਕਰਕੇ ਉਸ ਨੂੰ ਰੈੱਡ ਆਰਮੀ ਵਿਚ ਬਤੌਰ ਟੈਂਕ ਮਕੈਨਿਕ ਭੇਜਿਆ ਜਾਂਦਾ ਹੈ। ਕਲਾਸ਼ਨੀਕੋਵ ਨੂੰ ਜਲਦੀ ਹੀ ਟੈਂਕ ਕਮਾਂਡਰ ਬਣਾਇਆ ਜਾਂਦਾ ਹੈ। ਕਲਾਸ਼ਨੀਕੋਵ ਦੀ ਜ਼ਿੰਦਗੀ ਇਕ ਵੱਡਾ ਮੋੜ ਕੱਟਦੀ ਹੈ, ਜਦੋਂ ਦੂਜਾ ਵਿਸ਼ਵ ਯੁੱਧ ਸ਼ੁਰੂ ਹੁੰਦਾ ਹੈ ਤੇ ਕਲਾਸ਼ਨੀਕੋਵ ਨੂੰ ਫਰੰਟ 'ਤੇ ਭੇਜਿਆ ਜਾਂਦਾ ਹੈ। ਰੂਸ ਦੀ ਦੁਸ਼ਮਣ ਫੌਜ ਜਰਮਨੀ ਕੋਲ ਅਸਲਾ ਤਕਨੀਕ ਪੱਖੋਂ ਕਾਫੀ ਵਧੀਆ ਸੀ, ਖਾਸ ਕਰਕੇ ਜਰਮਨਾਂ ਦੀਆਂ ਆਟੋਮੈਟਿਕ ਰਾਈਫਲਾਂ ਸਾਹਮਣੇ ਰੂਸੀ ਫੌਜੀਆਂ ਕੋਲ ਰਾਈਫਲਾਂ ਪੁਰਾਣੀ ਤਕਨੀਕ ਦੀਆਂ ਸਨ। ਰੂਸੀ ਰਾਈਫਲਾਂ ਫਾਇਰ ਕਰਦੇ ਸਮੇਂ ਵਿਚ ਹੀ ਜਾਮ ਹੋ ਜਾਂਦੀਆਂ ਸਨ। ਇਹਨਾਂ ਰਾਈਫਲਾਂ ਦੀ ਇਕ ਹੋਰ ਕਮੀ ਸੀ ਕਿ ਜੇ ਇਹਨਾਂ ਵਿਚ ਥੋੜ੍ਹਾ ਜਿਹਾ ਪਾਣੀ ਵੀ ਪੈ ਜਾਂਦਾ ਤਾਂ ਵੀ ਜਾਮ ਹੋ ਜਾਂਦੀਆਂ ਸਨ। ਕਲਾਸ਼ਨੀਕੋਵ ਦੇ ਨਾਲ ਦੇ ਸਾਥੀ ਇਸ ਸੰਬੰਧੀ ਆਮ ਸ਼ਿਕਾਇਤ ਕਰਦੇ ਸਨ। ਇਸੇ ਸਮੇ ਦੌਰਾਨ ਕਲਾਸ਼ਨੀਕੋਵ ਲੜਾਈ ਵਿਚ ਜ਼ਖਮੀ ਹੋ ਜਾਂਦਾ ਤੇ ਮਿਲਟਰੀ ਹਸਪਤਾਲ ਭੇਜ ਦਿੱਤਾ ਜਾਂਦਾ ਹੈ। ਹਸਪਤਾਲ ਵਿਚ ਕਲਾਸ਼ਨੀਕੋਵ ਦੇ ਨਾਲ ਦੇ ਬੈੱਡ 'ਤੇ ਪਿਆ ਸਾਥੀ ਸ਼ਿਕਾਇਤ ਕਰਦਾ ਕਿ ਆਪਣੀ ਫੌਜ ਕੋਲ ਕੋਈ ਵਧੀਆ ਆਟੋਮੈਟਿਕ ਰਾਈਫਲ ਕਿਉਂ ਨਹੀਂ, ਜਦ ਕਿ ਜਰਮਨਾਂ ਕੋਲ ਇਕ ਤੋਂ ਵੱਧ ਇਕ ਰਾਈਫਲਾਂ ਹਨ। ਕਲਾਸ਼ਨੀਕੋਵ ਉਸੇ ਦਿਨ ਸੋਵੀਅਤ ਆਰਮੀ ਲਈ ਆਟੋਮੈਟਿਕ ਰਾਈਫਲ ਡਿਜ਼ਾਈਨ ਕਰਨ ਦਾ ਫੈਸਲਾ ਲੈਂਦਾ ਹੈ। ਹਸਪਤਾਲ ਵਿਚ ਰਹਿੰਦੀਆਂ ਹੀ ਉਹ ਸਬ-ਮਸ਼ੀਨਗੰਨ ਡਿਜ਼ਾਈਨ ਕਰਦਾ ਹੈ, ਉਸ ਦੇ ਡਿਜ਼ਾਈਨ ਨੂੰ ਅਥਾਰਿਟੀ ਵੱਲੋਂ ਮਾਨਤਾ ਨਹੀਂ ਮਿਲਦੀ। ਪਰ ਇਸ ਗੱਲ ਦਾ ਫਾਇਦਾ ਇਹ ਹੋਇਆ ਕਿ ਕਲਾਸ਼ਨੀਕੋਵ ਅਥਾਰਿਟੀ ਦੀ ਨਿਗਾਹ ਵਿਚ ਆ ਜਾਂਦਾ ਹੈ ਤੇ ਹਸਪਤਾਲ ਡਿਸਚਾਰਜ ਹੁੰਦੇ ਹੀ ਉਸ ਨੂੰ ਰਾਈਫਲ ਡਿਜ਼ਾਈਨ ਕਰਨ ਲਈ ਅਸਲਾ ਬਣਾਉਣ ਵਾਲੇ ਪਲਾਂਟ ਵਿਚ ਭੇਜ ਦਿੱਤਾ ਜਾਂਦਾ ਹੈ। ਇਥੇ ਰਹਿੰਦੀਆਂ ਹੀ 1944 'ਚ ਕਲਾਸ਼ਨੀਕੋਵ ਗੈਸ ਅਪਰੇਟਡ ਕਾਰਬਾਈਨ ਡਿਜ਼ਾਈਨ ਕਰਦਾ ਹੈ, ਜਿਸ ਦੀ ਨਵੇਂ ਕਿਸਮ ਦੇ ਕਾਟਰੇਜ ਲਈ ਜ਼ਰੂਰਤ ਸੀ। ਥੋੜ੍ਹੀ ਦੇਰ ਬਾਅਦ 1946 'ਚ ਕਲਾਸ਼ਨੀਕੋਵ 'ਮਿਖਤਮ' ਨਾਂਅ



ਦੀ ਇਕ ਹੋਰ ਰਾਈਫਲ ਡਿਜ਼ਾਇਨ ਕਰਦਾ, ਜਿਸ ਨੂੰ ਰਾਈਫਲ ਦੇ ਕੰਪੀਟੀਸ਼ਨ ਲਈ ਭੇਜਿਆ ਜਾਂਦਾ। ਹਾਲਾਂਕਿ ਇਹ ਰਾਈਫਲ ਕੰਪੀਟੀਸ਼ਨ ਵਿਚ ਜਿੱਤ ਨਹੀਂ ਪਾਉਂਦੀ, ਪਰ ਕਲਾਸ਼ਨੀਕੋਵ ਹੱਥੋਂ ਡਿਜ਼ਾਇਨ ਹੋਣ ਵਾਲੀ ਨਵੀਂ ਰਾਈਫਲ ਦਾ ਰਾਹ ਪੱਧਰਾ ਹੋ ਜਾਂਦਾ ਹੈ। ਅਗਲੇ ਸਾਲ 1947 ਵਿਚ ਮਿਖਤਮ ਰਾਈਫਲ ਦੀਆ ਖਾਮੀਆਂ ਨੂੰ ਸੁਧਾਰ ਕਰਦਿਆਂ ਨਵੀ ਅਸਾਲਟ ਰਾਈਫਲ A .K .47 ਨੂੰ ਲਾਂਚ ਕੀਤਾ ਜਾਂਦਾ। ਇਸ ਰਾਈਫਲ ਦੀਆਂ ਬੇਮਿਸਾਲ ਖ਼ੂਬੀਆਂ ਦੇਖਦੇ ਹੋਈ ਸੋਵੀਅਤ ਆਰਮੀ ਵੱਲੋਂ ਇਸ ਨੂੰ ਮਾਨਤਾ ਮਿਲ ਜਾਂਦੀ ਹੈ। ਰਾਈਫਲ ਬਹੁਤ ਹਲਕੀ ਸੀ, ਇਸ ਨੂੰ ਚਲਾਉਣ ਲਈ ਬਹੁਤੀ ਟਰੇਨਿੰਗ ਦੀ ਵੀ ਜ਼ਰੂਰਤ ਨਹੀਂ, ਇਸ ਲਈ ਸੋਵੀਅਤ ਆਰਮੀ ਵਿਚ ਜਲਦੀ ਹੀ ਚਰਚਾ ਵਿਚ ਆ ਜਾਂਦੀ ਹੈ। 1949 ਵਿਚ ਰਾਈਫਲ ਦਾ ਉਤਪਾਦਨ ਵੱਡੀ ਪੱਧਰ 'ਤੇ ਸ਼ੁਰੂ ਹੋ ਜਾਂਦਾ ਹੈ ਤੇ ਸੋਵੀਅਤ ਯੂਨੀਅਨ ਤੋਂ ਇਲਾਵਾ ਇਸ ਦੇ ਦੋਸਤ ਦੇਸ਼ ਵੱਲੋਂ ਵੀ ਇਸ ਨੂੰ ਅਪਣਾ ਲਿਆ ਜਾਂਦਾ ਹੈ।

ਇਹ ਸਮਾਂ ਸੀ ਜਦੋਂ ਦੁਨੀਆ ਭਰ ਵਿਚ ਇਨਕਲਾਬੀ ਲਹਿਰਾਂ ਚੱਲ ਰਹੀਆਂ ਸਨ। ਕਮਿਊਨਿਸਟ ਗੁਰੀਲਿਆਂ ਦਾ ਸਭ ਤੋਂ ਮਨਭਾਉਂਦਾ ਹਥਿਆਰ A.K.47 ਰਾਈਫਲ ਸੀ। ਚਾਹੇ ਵੀਅਤਨਾਮ ਦਾ ਮੁਕਤੀ ਘੋਲ ਹੋਵੇ ਜਾਂ ਲਤੀਨੀ ਅਮਰੀਕਾ ਦਾ ਹਥਿਆਰਬੰਦ ਘੋਲ ਹੋਵੇ, ਹਰ ਜਗ੍ਹਾ ਇਸ ਰਾਈਫਲ ਨੇ ਗੁਰੀਲਿਆਂ ਦਾ ਸਾਥ ਦਿਤਾ।

ਕਲਾਸ਼ਨੀਕੋਵ ਨੂੰ 1964 ਵਿਚ ਉਸ ਦੀਆਂ ਸੇਵਾਵਾਂ ਲਈ ਦੇਸ਼ ਦੇ ਸਭ ਤੋਂ ਮਹੱਤਵਪੂਰਨ ਸਨਮਾਨ 'ਲੈਨਿਨ ਪ੍ਰਾਈਜ਼' ਨਾਲ ਸਨਮਾਨਿਤ ਕੀਤਾ ਜਾਂਦਾ। ਇਸ ਰਾਈਫਲ ਦੇ ਨਾਂਅ 'ਤੇ 2014 ਵਿਚ ਇਜ਼ਹੇਵਸ ਸ਼ਹਿਰ ਵਿਚ ਇਕ ਮਿਊਜ਼ੀਅਮ ਵੀ ਖੋਲ੍ਹਿਆ ਜਾਂਦਾ ਹੈ। ਇਸ ਮਹਾਨਾਇਕ ਦੀ 94 ਸਾਲ ਦੀ ਉਮਰ ਵਿਚ 13 ਦਸੰਬਰ ਵਿਚ ਮੌਤ ਹੋ ਜਾਂਦੀ ਹੈ। ਰੂਸ ਦੇ ਲੋਕ ਆਪਣੇ ਨਾਇਕ ਕਲਾਸ਼ਨੀਕੋਵ ਨੂੰ ਬੜੇ ਪਿਆਰ ਨਾਲ ਯਾਦ ਕਰਦੇ ਹਨ। ਇਕੱਲੇ ਰੂਸ ਦੇ ਹੀ ਨਹੀਂ, ਦੁਨੀਆ ਭਰ ਦੇ ਬਾਗੀ ਕਲਾਸ਼ਨੀਕੋਵ ਨੂੰ ਯਾਦ ਕਰਨਗੇ।

# ਸੰਪਰਕ : 98783-15755

# ਪ੍ਰਦੂਸ਼ਣ ਰੁੱਤਾਂ ਨੂੰ ਨਿਗਲ ਰਿਹੈ



ਵਿਜੈ ਗਰਗ

ਸਦੀਆਂ ਤੋਂ ਭਾਰਤ ਵਿੱਚ ਛੇ ਰੁੱਤਾਂ ਦਾ ਆਪਣਾ ਕ੍ਰਮ ਰਿਹਾ ਹੈ। ਹਰ ਰੁੱਤ ਆਪਣੀ ਵਿਲੱਖਣ ਸੁੰਦਰਤਾ, ਮੌਸਮ ਅਤੇ ਜੀਵਨ ਸ਼ੈਲੀ ਲੈ ਕੇ ਆਉਂਦੀ ਹੈ, ਪਰ ਅੱਜ ਵਧਦੇ ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਕਾਰਨ ਇਹ ਕੁਦਰਤੀ ਕ੍ਰਮ ਵਿਘਨ ਪਾ ਰਿਹਾ ਹੈ। ਅਜਿਹਾ ਲੱਗਦਾ ਹੈ ਜਿਵੇਂ ਪ੍ਰਦੂਸ਼ਣ ਦਾ ਰਾਖਸ਼ ਹੌਲੀ-ਹੌਲੀ ਸਾਡੀਆਂ ਪਿਆਰੀਆਂ ਰੁੱਤਾਂ ਨੂੰ ਨਿਗਲ ਰਿਹਾ ਹੈ। ਮੌਸਮੀ ਪਰਿਵਰਤਨ ਦਾ ਵਿਗੜਦਾ ਸੁਭਾਅ ਹੁਣ, ਖਾਸ ਕਰਕੇ ਉੱਤਰੀ ਭਾਰਤ ਵਿੱਚ ਛੇ ਦੀ ਬਜਾਏ ਸਿਰਫ਼ ਤਿੰਨ ਮੁੱਖ ਮੌਸਮਾਂ ਦਾ ਅਨੁਭਵ ਹੁੰਦਾ ਹੈ: ਸਰਦੀ, ਗਰਮੀ ਅਤੇ ਮਾਨਸੂਨ। ਉਹ ਵੀ ਆਪਣੇ ਨਿਰਧਾਰਤ ਸਮੇਂ 'ਤੇ ਨਹੀਂ ਆਉਂਦੇ। ਸਰਦੀਆਂ ਅਤੇ ਸਰਦੀਆਂ ਦਾ ਅਲੋਪ ਹੋਣਾ: ਪਹਿਲਾਂ, ਇੱਕ ਹਲਕੀ ਸਰਦੀ (ਹੇਮੰਤ) ਅਕਤੂਬਰ ਦੇ ਅੰਤ ਵਿੱਚ ਸ਼ੁਰੂ ਹੋ ਜਾਂਦੀ ਸੀ, ਜੋ ਦਸੰਬਰ ਅਤੇ ਜਨਵਰੀ ਵਿੱਚ ਇੱਕ ਸਖ਼ਤ ਸਰਦੀ (ਸ਼ਿਸ਼ੀਰ) ਵਿੱਚ ਬਦਲ ਜਾਂਦੀ ਸੀ। ਹੁਣ ਗਲੋਬਲ ਵਾਰਮਿੰਗ ਦੇ ਕਾਰਨ ਮਾਨਸੂਨ ਵਧ ਰਿਹਾ ਹੈ। ਮੌਨਸੂਨ ਦੀ ਬਾਰਿਸ਼ ਅਕਤੂਬਰ ਅਤੇ ਨਵੰਬਰ ਵਿੱਚ ਜਾਰੀ ਰਹਿੰਦੀ ਹੈ ਅਤੇ ਤਾਪਮਾਨ ਅਚਾਨਕ ਡਿੱਗ ਜਾਂਦਾ ਹੈ, ਜਿਸ ਨਾਲ ਸਰਦੀਆਂ ਦੇ ਮੌਸਮ ਦੀ ਸੁਹਾਵਣੀ ਭਾਵਨਾ ਲਗਭਗ ਖਤਮ ਹੋ ਜਾਂਦੀ ਹੈ। ਠੰਢ ਦਾ ਸਮਾਂ ਵੀ ਛੋਟਾ ਹੋ ਗਿਆ ਹੈ। ਅਲੋਪ ਹੋ ਰਹੀ ਬਸੰਤ ਦੀ ਹਵਾ: ਬਸੰਤ (ਮਾਰਚ-ਅਪ੍ਰੈਲ) ਨੂੰ ਇੱਕ ਸੁਹਾਵਣਾ ਮੌਸਮ ਮੰਨਿਆ ਜਾਂਦਾ ਸੀ। ਹਾਲਾਂਕਿ, ਪਿਛਲੇ ਕੁਝ ਸਾਲਾਂ ਤੋਂ ਮਾਰਚ-ਅਪ੍ਰੈਲ ਦੇ ਸ਼ੁਰੂ ਵਿੱਚ ਹੀ ਗਰਮੀ ਦੀਆਂ ਲਹਿਰਾਂ ਸ਼ੁਰੂ ਹੋ ਗਈਆਂ ਹਨ। ਨਤੀਜੇ ਵਜੋਂ ਬਸੰਤ ਦੀ ਹਵਾ ਹੁਣ ਮਹਿਸੂਸ ਨਹੀਂ ਹੁੰਦੀ ਅਤੇ ਸਾਡੇ ਕੋਲ ਗਰਮੀਆਂ ਦੀ ਗਰਮੀ ਰਹਿ ਜਾਂਦੀ ਹੈ। ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਨੇ ਮਾਨਸੂਨ ਦੇ ਪੈਟਰਨ ਨੂੰ ਬਦਲ ਦਿੱਤਾ ਹੈ। ਬਹੁਤ ਜ਼ਿਆਦਾ ਬਾਰਿਸ਼ ਕੁਝ ਖੇਤਰਾਂ ਵਿੱਚ ਹੜ੍ਹਾਂ ਦਾ ਕਾਰਨ ਬਣਦੀ ਹੈ, ਜਦੋਂ ਕਿ ਘੱਟ ਬਾਰਿਸ਼ ਕੁਝ ਖੇਤਰਾਂ ਵਿੱਚ ਸੋਕੇ ਦਾ ਕਾਰਨ ਬਣਦੀ ਹੈ, ਜਿਸ ਨਾਲ ਖੇਤੀਬਾੜੀ ਕੈਲੰਡਰ ਪੂਰੀ ਤਰ੍ਹਾਂ ਵਿਘਨ ਪੈਂਦਾ ਹੈ। ਪ੍ਰਦੂਸ਼ਣ ਅਤੇ ਗਲੋਬਲ ਵਾਰਮਿੰਗ ਦਾ ਸਿੱਧਾ ਪ੍ਰਭਾਵ ਇਸ ਬਦਲਾਅ ਦਾ ਮੁੱਖ ਕਾਰਨ ਮਾਨਵ-ਜਨਕ ਪ੍ਰਦੂਸ਼ਣ ਅਤੇ ਨਤੀਜੇ ਵਜੋਂ ਗਲੋਬਲ ਵਾਰਮਿੰਗ ਹੈ।

ਸਰਦੀਆਂ ਦੌਰਾਨ ਸ਼ਹਿਰਾਂ ਨੂੰ ਘੇਰਨ ਵਾਲਾ ਜ਼ਹਿਰੀਲਾ ਧੂੰਆਂ ਸੂਰਜ ਦੀ ਰੌਸ਼ਨੀ ਨੂੰ ਧਰਤੀ ਤੱਕ ਪਹੁੰਚਣ ਤੋਂ ਰੋਕਦਾ ਹੈ। ਇਹ ਰਾਤ ਦੇ ਤਾਪਮਾਨ ਨੂੰ ਘਟਾਉਂਦਾ ਹੈ, ਪਰ ਦਿਨ ਵੇਲੇ ਠੰਢਕ ਦੀ ਕੁਦਰਤੀ ਭਾਵਨਾ ਨੂੰ ਰੋਕਦਾ ਹੈ, ਜਿਸ ਨਾਲ ਸਰਦੀਆਂ ਦਾ ਆਨੰਦ ਨਹੀਂ ਮਾਣਿਆ ਜਾ ਸਕਦਾ। ਜੈਵਿਕ ਬਾਲਣ ਸਾੜਨ ਨਾਲ ਕਾਰਬਨ ਡਾਈਆਕਸਾਈਡ ਅਤੇ ਹੋਰ ਗ੍ਰੀਨ ਹਾਊਸ ਗੈਸਾਂ ਦੇ ਪੱਧਰ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਇਹ ਗੈਸਾਂ ਧਰਤੀ ਦੇ ਆਲੇ-ਦੁਆਲੇ ਇੱਕ ਪਰਤ ਬਣਾਉਂਦੀਆਂ ਹਨ, ਜੋ ਗਰਮੀ ਨੂੰ ਬਾਹਰ ਨਿਕਲਣ ਤੋਂ ਰੋਕਦੀਆਂ ਹਨ, ਜਿਸ ਕਾਰਨ ਔਸਤ ਗਲੋਬਲ ਤਾਪਮਾਨ ਵਧਦਾ ਹੈ। ਇਹ ਵਧਿਆ ਹੋਇਆ ਤਾਪਮਾਨ ਮੌਸਮਾਂ ਦੇ ਸਮੇਂ ਅਤੇ ਤੀਬਰਤਾ ਵਿੱਚ ਵਿਘਨ ਪਾ ਰਿਹਾ ਹੈ। ਹਵਾ ਪ੍ਰਦੂਸ਼ਣ ਸਟ੍ਰੈਟੋਸਫੀਅਰ ਵਿੱਚ ਓਜ਼ੋਨ ਪਰਤ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ, ਜਿਸ ਨਾਲ ਧਰਤੀ ਉੱਤੇ ਜੀਵਨ ਲਈ ਖ਼ਤਰਾ ਵਧਦਾ ਹੈ ਅਤੇ ਮੌਸਮੀ ਸੰਤੁਲਨ ਵਿਗੜਦਾ ਹੈ। ਸਿਹਤ ਅਤੇ ਖੇਤੀਬਾੜੀ 'ਤੇ ਗੰਭੀਰ ਨਤੀਜੇ ਰੁੱਤਾਂ ਦੇ ਇਸ ਵਿਘਨ ਦਾ ਸਾਡੇ ਜੀਵਨ ਤੇ ਸਿੱਧਾ ਪ੍ਰਭਾਵ ਪੈ ਰਿਹਾ ਹੈ।

**ਸਿਹਤ ਸੰਕਟ:** ਤਾਪਮਾਨ ਵਿੱਚ ਅਚਾਨਕ ਉਤਰਾਅ-ਚੜ੍ਹਾਅ, ਧੂੰਆਂ ਅਤੇ ਦੂਸ਼ਿਤ ਪਾਣੀ ਸਾਹ ਦੀਆਂ ਬਿਮਾਰੀਆਂ (ਦਮਾ), ਐਲਰਜੀ, ਦਿਲ ਦੀਆਂ ਬਿਮਾਰੀਆਂ ਅਤੇ ਡੇਂਗੂ ਅਤੇ ਮਲੇਰੀਆ ਵਰਗੀਆਂ ਛੂਤ ਦੀਆਂ ਬਿਮਾਰੀਆਂ ਨੂੰ ਵਧਾ ਰਹੇ ਹਨ। ਅਨਿਯਮਿਤ ਬਾਰਿਸ਼ ਅਤੇ ਵਧਦਾ ਤਾਪਮਾਨ ਫਸਲੀ ਚੱਕਰ ਨੂੰ ਵਿਗਾੜ ਰਿਹਾ ਹੈ। ਚੌਲ, ਕਣਕ ਅਤੇ ਕਪਾਹ ਵਰਗੀਆਂ ਮਹੱਤਵਪੂਰਨ ਫਸਲਾਂ ਪ੍ਰਭਾਵਤ ਹੋ ਰਹੀਆਂ ਹਨ, ਜਿਸ ਨਾਲ ਭੋਜਨ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ।

**ਗੜਬੜ ਵਾਲਾ ਮੌਸਮ ਚੱਕਰ:** ਪ੍ਰਦੂਸ਼ਣ, ਖਾਸ ਕਰਕੇ ਹਵਾ ਵਿੱਚ ਵਧ ਰਹੇ ਕਣਾਂ ਅਤੇ ਗ੍ਰੀਨ ਹਾਊਸ ਗੈਸਾਂ, ਤਾਪਮਾਨ ਨੂੰ ਲਗਾਤਾਰ ਵਧਾ ਰਹੀਆਂ ਹਨ। ਇਸ ਦਾ ਸਿੱਧਾ ਅਸਰ ਮੌਸਮ ਚੱਕਰ 'ਤੇ ਪਿਆ ਹੈ। ਗਰਮੀਆਂ ਲੰਮੀਆਂ ਅਤੇ ਤੇਜ਼ ਹੋ ਗਈਆਂ ਹਨ, ਜਦੋਂ ਕਿ ਸਰਦੀਆਂ ਛੋਟੀਆਂ ਅਤੇ ਅਨਿਯਮਿਤ ਹੋ ਗਈਆਂ ਹਨ। ਬਾਰਿਸ਼ ਜ਼ਿਆਦਾ ਵਾਰ ਹੁੰਦੀ ਗਈ ਹੈ ਕਦੇ ਘੱਟ ਵਾਰ ਹੁੰਦੀ ਗਈ ਹੈ, ਅਤੇ ਕਦੇ ਅਚਨਚੇਤੀ। ਹੁਣ ਮੌਸਮ ਪ੍ਰਦੂਸ਼ਣ ਦੇ ਪੱਧਰਾਂ ਅਨੁਸਾਰ ਬਦਲ ਰਹੇ ਹਨ, ਕੈਲੰਡਰ ਅਨੁਸਾਰ ਨਹੀਂ।ਸਵੇਰ ਅਤੇ ਸ਼ਾਮ ਧੁੰਦ ਦੁਆਰਾ ਨਿਗਲ ਜਾਂਦੇ ਹਨ।

ਸਰਦੀਆਂ ਦੀ ਧੁੰਦ, ਜਿਸ ਨੂੰ ਕਦੇ ਸੁੰਦਰਤਾ ਦਾ ਪ੍ਰਤੀਕ ਮੰਨਿਆ ਜਾਂਦਾ ਸੀ, ਹੁਣ ਧੂੰਏਂ ਵਿੱਚ ਬਦਲ ਗਈ ਹੈ। ਦਿੱਲੀ, ਪੰਜਾਬ, ਹਰਿਆਣਾ ਅਤੇ ਉੱਤਰੀ ਭਾਰਤ ਦੇ ਜ਼ਿਆਦਾਤਰ ਸ਼ਹਿਰਾਂ ਵਿੱਚ ਧੂੰਏਂ ਦੀ ਇੱਕ ਮੋਟੀ ਚਾਦਰ ਨੇ ਸੂਰਜ ਦੀ ਰੌਸ਼ਨੀ ਨੂੰ ਵੀ ਢਕਣਾ ਸ਼ੁਰੂ ਕਰ ਦਿੱਤਾ ਹੈ। ਨਤੀਜੇ ਵਜੋਂ ਪਤਝੜ ਅਤੇ ਸਰਦੀਆਂ ਦੀ ਹਲਕੀ ਠੰਢਕ ਦੀ ਖੁਸ਼ਬੂ ਫਿੱਕੀ ਪੈਣੀ ਸ਼ੁਰੂ ਹੋ ਗਈ ਹੈ। ਲੋਕਾਂ ਨੂੰ ਮੌਸਮ ਘੱਟ ਅਤੇ ਪ੍ਰਦੂਸ਼ਣ ਜ਼ਿਆਦਾ ਪਸੰਦ ਆਉਣ ਲੱਗ ਪਿਆ ਹੈ।

ਪ੍ਰਦੂਸ਼ਣ ਕਾਰਨ ਤਾਪਮਾਨ ਵਿੱਚ ਅਸਧਾਰਨ ਤਬਦੀਲੀਆਂ ਪੌਦਿਆਂ ਅਤੇ ਜਾਨਵਰਾਂ ਦੇ ਜੀਵਨ ਚੱਕਰ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਫੁੱਲ ਅਤੇ ਫਲ ਆਪਣੇ ਨਿਰਧਾਰਤ ਸਮੇਂ 'ਤੇ ਨਹੀਂ ਖਿੜ ਰਹੇ। ਪੰਛੀ ਆਪਣੇ ਰਵਾਇਤੀ ਪ੍ਰਵਾਸ ਮਾਰਗਾਂ ਨੂੰ ਬਦਲ ਰਹੇ ਹਨ। ਫਸਲਾਂ ਦੀ ਬਿਜਾਈ ਅਤੇ ਵਾਢੀ ਦੇ ਸਮੇਂ ਵੀ ਵਧਦੀ ਅਰਾਜਕ ਹੁੰਦੇ ਜਾ ਰਹੇ ਹਨ। ਇਹ ਅਸੰਤੁਲਨ ਭਵਿੱਖ ਦੀ ਭੋਜਨ ਸੁਰੱਖਿਆ ਅਤੇ ਵਾਤਾਵਰਣ ਸਥਿਰਤਾ ਨੂੰ ਖ਼ਤਰਾ ਹੈ।

**ਮੌਸਮੀ ਸੰਵੇਦਨਾਵਾਂ ਦਾ ਨੁਕਸਾਨ:** ਬਸੰਤ ਦੇ ਫੁੱਲਾਂ ਦੀ ਖੁਸ਼ਬੂ, ਪੀਲੀ ਸਰ੍ਹੋਂ ਦੀ ਸੁੰਦਰਤਾ, ਮਾਨਸੂਨ ਦੀ ਖੁਸ਼ਬੂ ਅਤੇ ਚਮਕਦਾਰ ਪਤਝੜ ਦੀ ਧੁੱਪ ਦੀਆਂ ਬਚਪਨ ਦੀਆਂ ਯਾਦਾਂ ਸ਼ਾਇਦ ਹਮੇਸ਼ਾ ਲਈ ਅਲੋਪ ਹੋ ਰਹੀਆਂ ਹਨ। ਅੱਜ ਦੀ ਪੀੜ੍ਹੀ ਮੌਸਮ ਦੀਆਂ ਖੁਸ਼ੀਆਂ ਨਾਲੋਂ ਪ੍ਰਦੂਸ਼ਣ ਦੇ ਡੰਗ ਨੂੰ ਜ਼ਿਆਦਾ ਮਹਿਸੂਸ ਕਰ ਰਹੀ ਹੈ। ਰੁੱਤਾਂ ਹੁਣ ਅਨੁਭਵ ਨਹੀਂ ਰਹੀਆਂ, ਸਗੋਂ ਅੰਕੜਿਆਂ ਅਤੇ ਚੇਤਾਵਨੀਆਂ ਦਾ ਵਿਸ਼ਾ ਰਹੀਆਂ ਹਨ।

**ਘੋਲ ਦੀ ਦਿਸ਼ਾ:** ਜੇਕਰ ਅਸੀਂ ਹੁਣ ਨਹੀਂ ਜਾਗੇ, ਤਾਂ ਭਵਿੱਖ ਵਿੱਚ ਰੁੱਤਾਂ ਸਿਰਫ਼ ਕਿਤਾਬਾਂ ਵਿੱਚ ਹੀ ਰਹਿ ਜਾਣਗੀਆਂ। ਇਸ ਲਈ ਲੋੜ ਹੈ-ਹਵਾ ਪ੍ਰਦੂਸ਼ਣ ਦੇ ਸਰੋਤਾਂ 'ਤੇ ਸਖ਼ਤ ਨਿਯੰਤਰਣ ਪਰਾਲੀ ਪ੍ਰਬੰਧਨ ਅਤੇ ਕਿਸਾਨਾਂ ਨੂੰ ਸਹਾਇਤਾ ਲਈ ਤਕਨੀਕੀ ਹੱਲ। ਵਾਹਨਾਂ ਅਤੇ ਉਦਯੋਗਾਂ ਤੋਂ ਨਿਕਲਣ ਵਾਲੇ ਨਿਕਾਸ ਵਿੱਚ ਕਮੀ, ਵੱਡੇ ਪੱਧਰ 'ਤੇ ਰੁੱਖ ਲਗਾਉਣਾ ਲੋਕਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ। ਹੱਲ ਸਿਰਫ਼ ਸਮੂਹਿਕ ਯਤਨਾਂ ਨਾਲ ਹੀ ਸੰਭਵ ਹੈ, ਕਿਉਂਕਿ ਪ੍ਰਦੂਸ਼ਣ ਵੀ ਇੱਕ ਸਮੂਹਿਕ ਸਮੱਸਿਆ ਹੈ।

ਪ੍ਰਦੂਸ਼ਣ ਨੇ ਨਾ ਸਿਰਫ਼ ਸਾਡੀ ਜੀਵਨ ਸ਼ੈਲੀ ਨੂੰ, ਸਗੋਂ ਮੌਸਮੀ ਚੱਕਰ, ਕੁਦਰਤ ਦੇ ਜੀਵਨ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਹੈ। ਰੁੱਤਾਂ ਦਾ ਅਲੋਪ ਹੋਣਾ ਨਾ ਸਿਰਫ਼ ਵਾਤਾਵਰਣ ਲਈ, ਸਗੋਂ ਸਾਡੀ ਸੰਸਕ੍ਰਿਤੀ ਅਤੇ ਹੋਂਦ ਲਈ ਵੀ ਖ਼ਤਰਾ ਹੈ। ਜੇਕਰ ਅਸੀਂ ਹੁਣ ਕਾਰਵਾਈ ਨਾ ਕੀਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਬਸੰਤ, ਪਤਝੜ ਅਤੇ ਸਰਦੀਆਂ ਬਾਰੇ ਸਿਰਫ਼ ਕਹਾਣੀਆਂ ਵਿੱਚ ਹੀ ਪੜ੍ਹਨਗੀਆਂ।

ਸਾਨੂੰ ਕੁਦਰਤ ਦੇ ਇਸ ਅਨਮੋਲ ਤੋਹਫ਼ੇ ਸਾਡੇ ਮੌਸਮਾਂ – ਦੀ ਰੱਖਿਆ ਕਰਨੀ ਚਾਹੀਦੀ ਹੈ। ਜੇਕਰ ਅਸੀਂ ਹੁਣੇ ਕਾਰਵਾਈ ਨਾ ਕੀਤੀ, ਤਾਂ ਆਉਣ ਵਾਲੀਆਂ ਪੀੜ੍ਹੀਆਂ ਬਸੰਤ ਦੀ ਹਵਾ ਅਤੇ ਪਤਝੜ ਦੇ ਸੁਹਾਵਣੇ ਆਗਮਨ ਬਾਰੇ ਕਿਤਾਬਾਂ ਵਿੱਚ ਹੀ ਪੜ੍ਹ ਸਕਣਗੀਆਂ।

# ਹਲਕਾ ਸ਼ੁਤਰਾਣਾ 'ਚ ਛੇ ਪਿੰਡਾਂ ਦੇ ਲੋਕਾਂ ਵੱਲੋਂ ਚੋਣਾਂ ਦਾ ਬਾਈਕਾਟ




ਸੁੰਨਸਾਨ ਪਿਆ ਪਿੰਡ ਭੇਡਪੁਰੀ ਦਾ ਪੋਲਿੰਗ ਬੂਥ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਪੰਜ ਪਿੰਡਾਂ ਵੱਲੋਂ ਚੋਣਾਂ ਦਾ ਮੁਕੰਮਲ ਬਾਈਕਾਟ ਕਰਨ ਦਾ ਐਲਾਨ ਕੀਤਾ ਗਿਆ ਸੀ।ਐਤਵਾਰ ਚੋਣਾਂ ਦੇ ਦਿਨ ਇਨ੍ਹਾਂ ਪਿੰਡਾਂ ਵਿੱਚ ਕੋਈ ਵੀ ਵਿਅਕਤੀ ਆਪਣੀ ਵੋਟ ਪਾਉਣ ਲਈ ਬੂਥਾਂ ਉੱਤੇ ਨਹੀਂ ਪਹੁੰਚਿਆ, ਜਦੋਂਕਿ ਪੋਲਿੰਗ ਬੂਥਾਂ ਉੱਤੇ ਪੋਲਿੰਗ ਪਾਰਟੀਆਂ ਪਹੁੰਚੀਆਂ ਹੋਈਆਂ ਹਨ।ਪੋਲਿੰਗ ਦੀ ਸ਼ੁਰੂਆਤ ਦੌਰਾਨ ਇੱਕ ਹੋਰ ਪਿੰਡ ਇਸ ਬਾਈਕਾਟ ਵਿੱਚ ਸ਼ਾਮਲ ਹੋ ਗਿਆ, ਜਿਸ ਸਬੰਧੀ ਬਕਾਇਦਾ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਕਰਕੇ ਪਿੰਡ ਵਾਸੀਆਂ ਵੱਲੋਂ ਚੋਣਾਂ ਦੇ ਬਾਈਕਾਟ ਦਾ ਐਲਾਨ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਵਿਧਾਨ ਸਭਾ ਹਲਕਾ ਸ਼ੁਤਰਾਣਾ ਅਧੀਨ ਆਉਂਦੇ ਪਿੰਡ ਸਹਿਜਪੁਰ ਕਲਾਂ, ਸਹਿਜਪੁਰਾ ਖੁਰਦ, ਭੇਡਪੁਰੀ, ਕੋਟਲੀ, ਦੋਦੜਾ ਤੇ ਧਰਮਗੜ੍ਹ ਨੂੰ ਕੁਝ ਸਮਾਂ ਪਹਿਲਾਂ ਬਲਾਕ ਸਮਾਣਾ ਵਿੱਚੋਂ ਕੱਢ ਕੇ ਬਲਾਕ ਪਾਤੜਾਂ ਨਾਲ ਜੋੜਿਆ ਗਿਆ ਸੀ, ਜਿਸ ਦੇ ਵਿਰੋਧ ਵਿੱਚ ਉਕਤ ਪਿੰਡਾਂ ਨੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦੇ ਬਾਈਕਾਟ ਦਾ ਐਲਾਨ ਚੋਣਾਂ ਦਾ ਐਲਾਨ ਹੁੰਦਿਆਂ ਹੀ ਕਰ ਦਿੱਤਾ ਸੀ।ਬਾਈਕਾਟ ਦੇ ਕੀਤੇ ਗਏ ਇਸ ਐਲਾਨ ਦੌਰਾਨ ਜਿੱਥੇ ਪੰਜ ਪਿੰਡ ਪਹਿਲਾਂ ਹੀ ਇਸ ਬਾਈਕਾਟ ਵਿੱਚ ਸ਼ਾਮਲ ਸਨ, ਉੱਥੇ ਪੋਲਿੰਗ ਦੇ ਦਿਨ ਪਿੰਡ ਧਰਮਗੜ੍ਹ ਦੇ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਕਰਕੇ ਪਿੰਡ ਵਾਸੀਆਂ ਨੇ ਬਾਈਕਾਟ ਵਿੱਚ ਸ਼ਾਮਲ ਹੋਣ ਦੇ ਐਲਾਨ ਸਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ।ਜਾਣਕਾਰੀ ਅਨੁਸਾਰ ਬਾਈਕਾਟ ਕਰਨ ਵਾਲੇ ਇਨ੍ਹਾਂ ਪਿੰਡਾਂ ਵਿੱਚੋਂ ਇੱਕ ਪਿੰਡ ਵਿੱਚ ਚਾਰ ਪੰਜ ਵੋਟਾਂ ਪਈਆਂ, ਜਦੋਂਕਿ ਪਿੰਡ ਧਰਮਗੜ੍ਹ ਦੇ ਗੁਰਦੁਆਰਾ ਸਾਹਿਬ ਤੋਂ ਬਾਈਕਾਟ ਕੀਤੇ ਜਾਣ ਸਬੰਧੀ ਕੀਤੀ ਗਈ ਅਪੀਲ ਦੇ ਬਾਵਜੂਦ ਚਾਰ ਦਰਜਨ ਦੇ ਕਰੀਬ ਲੋਕਾਂ ਨੇ ਵੋਟਾਂ ਵਿੱਚ ਹਿੱਸਾ ਲਿਆ। ਬਾਈਕਾਟ ਕਰਨ ਵਾਲੇ ਇਨ੍ਹਾਂ ਪਿੰਡਾਂ ਵਿੱਚ ਪੋਲਿੰਗ ਪਾਰਟੀਆਂ ਸਾਰਾ ਦਿਨ ਮੌਜੂਦ ਰਹੀਆਂ ਤੇ ਪੋਲਿੰਗ ਦਾ ਸਮਾਂ ਸਮਾਪਤ ਹੋਣ ਮਗਰੋਂ ਖਾਲੀ ਬੈਲਟ ਬਾਕਸ ਲੈ ਕੇ ਪੋਲਿੰਗ ਪਾਰਟੀਆਂ ਨੂੰ ਵਾਪਸ ਪਰਤਣਾ ਪਿਆ।ਇਸ ਸਬੰਧੀ ਐੱਸਡੀਐੱਮ ਪਾਤੜਾਂ-ਕਮ-ਚੋਣ ਅਧਿਕਾਰੀ ਅਸ਼ੋਕ ਕੁਮਾਰ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨਾਲ ਗੱਲ ਨਹੀਂ ਹੋ ਸਕੀ।

## ਉੱਘੇ ਕਬੱਡੀ ਖਿਡਾਰੀ ਨਿਰਵੈਲ ਸਿੰਘ ਨੂੰ ਮਾਰੀ ਗੋਲ਼ੀ, ਹਸਪਤਾਲ ਦਾਖ਼ਲ

### *ਵਿਧਾਇਕ ਨਰੇਸ਼ ਕਟਾਰੀਆ ਹਸਪਤਾਲ ਪਹੁੰਚੇ, ਸਖ਼ਤ ਕਾਰਵਾਈ ਦਾ ਭਰੋਸਾ*

**ਫਿਰੋਜ਼ਪੁਰ (ਗੁਰਬਚਨ ਸਿੰਘ)**-ਫ਼ਿਰੋਜ਼ਪੁਰ ਜ਼ਿਲ੍ਹੇ ਦੇ ਜ਼ੀਰਾ ਵਿਧਾਨ ਸਭਾ ਹਲਕੇ ਅਧੀਨ ਪੈਂਦੇ ਪਿੰਡ ਜੋਗੇਵਾਲਾ ਵਿੱਚ ਇੱਕ ਵੱਡੀ ਵਾਰਦਾਤ ਸਾਹਮਣੇ ਆਈ ਹੈ।ਜਾਣਕਾਰੀ ਅਨੁਸਾਰ ਇੱਕ ਉੱਘੇ ਤੇ ਪ੍ਰਸਿੱਧ ਕਬੱਡੀ ਖਿਡਾਰੀ ਨਿਰਵੇਲ ਸਿੰਘ ਨੂੰ ਇੱਕ ਵਿਅਕਤੀ ਨੇ ਗੋਲ਼ੀ ਮਾਰ ਕੇ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ।ਸੂਤਰਾਂ ਮੁਤਾਬਕ ਨਿਰਵੇਲ ਸਿੰਘ ਦੇ ਸੱਜੇ ਜਾਂ ਖੱਬੇ ਪੱਟ ਵਿੱਚ ਗੋਲੀ ਲੱਗੀ ਹੈ, ਜਿਸ ਕਾਰਨ ਖੂਨ ਬਹੁਤ ਜ਼ਿਆਦਾ ਵਹਿ ਗਿਆ ਤੇ ਉਸ ਦੀ ਹਾਲਤ ਨਾਜ਼ੁਕ ਬਣ ਗਈ।ਜ਼ਖਮੀ ਹਾਲਤ ਵਿੱਚ ਤੁਰੰਤ ਉਸ ਨੂੰ ਇਲਾਜ ਲਈ ਜ਼ੀਰਾ ਦੇ ਇੱਕ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਨਿਰਵੇਲ ਸਿੰਘ ਦੀ ਪਛਾਣ ਇੱਕ ਅੰਤਰਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀ ਵਜੋਂ ਹੈ, ਜਿਸ ਨੇ ਨਾ ਸਿਰਫ਼ ਪੰਜਾਬ ਸਗੋਂ ਵਿਦੇਸ਼ਾਂ ਦੀਆਂ ਕਬੱਡੀ ਲੀਗਾਂ ਵਿੱਚ ਵੀ ਆਪਣੀ ਖੇਡ ਦਾ ਲੋਹਾ ਮਨਵਾਇਆ ਹੈ ਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ।ਇਸ ਖਿਡਾਰੀ 'ਤੇ ਹੋਏ ਇਸ ਜਾਨਲੇਵਾ ਹਮਲੇ ਨੇ ਖੇਡ ਜਗਤ ਤੇ ਸਥਾਨਕ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ।ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਵਾਰਦਾਤ ਦਾ ਮੂਲ ਕਾਰਨ ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਚੱਲ ਰਿਹਾ ਕੋਈ ਪੁਰਾਣਾ ਜਾਂ ਨਵਾਂ ਵਿਵਾਦ ਹੋ ਸਕਦਾ ਹੈ।ਦੱਸਿਆ ਜਾ ਰਿਹਾ ਹੈ ਕਿ ਦੋਵਾਂ ਧਿਰਾਂ ਵਿਚਾਲੇ ਤਿੱਖੀ ਬਹਿਸ ਹੋਈ, ਜਿਸ ਤੋਂ ਬਾਅਦ ਦੂਜੇ ਵਿਅਕਤੀ ਨੇ ਗੁੱਸੇ ਵਿੱਚ ਆ ਕੇ ਨਿਰਵੇਲ ਸਿੰਘ 'ਤੇ ਗੋਲੀ ਚਲਾ ਦਿੱਤੀ।ਇਹ ਪੂਰੀ ਘਟਨਾ ਨੇੜੇ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ, ਜਿਸ ਨੂੰ ਪੁਲਸ ਲਈ ਜਾਂਚ ਦੀ ਮੁੱਖ ਕੜੀ ਮੰਨਿਆ ਜਾ ਰਿਹਾ ਹੈ।

ਇਸ ਘਟਨਾ ਦੀ ਖ਼ਬਰ ਮਿਲਦਿਆਂ ਹੀ ਆਮ ਆਦਮੀ ਪਾਰਟੀ (ਆਪ) ਦੇ ਸਥਾਨਕ ਵਿਧਾਇਕ ਨਰੇਸ਼ ਕਟਾਰੀਆ ਤੁਰੰਤ ਜ਼ਖਮੀ ਕਬੱਡੀ ਖਿਡਾਰੀ ਨਿਰਵੇਲ ਸਿੰਘ ਦਾ ਹਾਲ-ਚਾਲ ਜਾਣਨ ਲਈ ਹਸਪਤਾਲ ਪਹੁੰਚੇ।ਪੁਲਸ ਨੇ ਇਸ ਵਾਰਦਾਤ ਦੀ ਸੂਚਨਾ ਮਿਲਣ ਤੋਂ ਤੁਰੰਤ ਬਾਅਦ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਅਧਿਕਾਰੀ ਸੀਸੀਟੀਵੀ ਫੁਟੇਜ ਨੂੰ ਖੰਗਾਲ ਰਹੇ ਹਨ।

## ਪੰਜਾਬੀ 'ਵਰਸਿਟੀ ਵਿਖੇ ਪੰਜਾਬ ਤੇ ਇਥੋਪੀਆ ਦੇ ਸੈਕੰਡਰੀ ਸਕੂਲਾਂ ਬਾਰੇ ਤੁਲਨਾਤਮਕ ਅਧਿਐਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਵਿਖੇ ਹਾਲ ਹੀ ਵਿੱਚ ਹੋਏ ਇੱਕ ਪੀ.ਐੱਚ.ਡੀ. ਖੋਜ ਕਾਰਜ ਰਾਹੀਂ ਪੰਜਾਬ (ਭਾਰਤ) ਤੇ ਇਥੋਪੀਆ ਦੇ ਸੈਕੰਡਰੀ ਸਕੂਲਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ।ਯੂਨੀਵਰਸਿਟੀ ਦੇ ਸਿੱਖਿਆ ਤੇ ਸਮੂਦਾਏ ਸੇਵਾਵਾਂ ਵਿਭਾਗ ਤੋਂ ਡਾ. ਜਗਪ੍ਰੀਤ ਕੌਰ ਦੀ ਨਿਗਰਾਨੀ ਹੇਠ ਇਥੋਪੀਆ ਮੂਲ ਦੇ ਖੋਜਾਰਥੀ ਡਾ. ਲਿਐਲਮ ਤਿਲਾਹੁਨ ਵੱਲੋਂ ਕੀਤੇ ਇਸ ਅਧਿਐਨ ਰਾਹੀਂ ਦੋਹਾਂ ਖਿੱਤਿਆਂ ਦੇ ਸਕੂਲਾਂ ਦੀ ਸੰਸਥਾਗਤ ਸਿਹਤ ਨੂੰ ਜਾਣਨ ਬਾਰੇ ਕਾਰਜ ਕੀਤਾ ਗਿਆ ਹੈ।

ਡਾ. ਜਗਪ੍ਰੀਤ ਕੌਰ ਨੇ ਦੱਸਿਆ ਕਿ ਅਧਿਐਨ ਰਾਹੀਂ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸਕੂਲ ਕਿੰਨੇ ਚੰਗੇ ਢੰਗ ਨਾਲ ਚੱਲ ਰਹੇ ਹਨ ਭਾਵ ਸਕੂਲਾਂ ਦਾ ਮਾਹੌਲ, ਅਗਵਾਈ ਤੇ ਕੰਮ ਕਰਨ ਦਾ ਤਰੀਕਾ ਕਿਸ ਤਰ੍ਹਾਂ ਦਾ ਹੈ।ਉਨ੍ਹਾਂ ਦੱਸਿਆ ਕਿ ਇਹ ਅਧਿਐਨ ਪੰਜਾਬ ਤੇ ਇਥੋਪੀਆ ਦੇ ਅਮਹਾਰਾ ਖੇਤਰ ਤੋਂ ਚੁਣੇ ਗਏ 600 ਸੈਕੰਡਰੀ ਸਕੂਲ ਅਧਿਆਪਕਾਂ ਦੇ ਨਮੂਨੇ 'ਤੇ ਅਧਾਰਿਤ ਹੈ।ਉਨ੍ਹਾਂ ਦੱਸਿਆ ਕਿ ਅਧਿਐਨ ਦੌਰਾਨ ਸਾਹਮਣੇ ਆਇਆ ਕਿ ਪੇਸ਼ੇਵਰ ਵਿਕਾਸ ਪੱਖੋਂ ਪੰਜਾਬੀ ਅਧਿਆਪਕਾਂ ਨੂੰ ਆਪਣੀ ਸਿਖਲਾਈ ਅਤੇ ਵਰਕਸ਼ਾਪਾਂ ਬਾਰੇ ਜ਼ਿਆਦਾ ਚੰਗਾ ਲਗਦਾ ਹੈ।ਪੰਜਾਬ ਵਿੱਚ ਅਧਿਆਪਕਾਂ ਨੂੰ ਨਵੀਆਂ ਚੀਜ਼ਾਂ ਸਿੱਖਣ ਦੇ ਜ਼ਿਆਦਾ ਮੌਕੇ ਮਿਲਦੇ ਹਨ।ਭਾਰਤ ਵਿੱਚ ਅਧਿਆਪਕਾਂ ਨੂੰ ਪੇਸ਼ੇਵਰ ਵਿਕਾਸ ਦੇ ਮੌਕਿਆਂ ਤੱਕ ਵਧੇਰੇ ਪਹੁੰਚ ਪ੍ਰਾਪਤ ਹੈ।ਇਸ ਲਈ ਇਥੋਪੀਆ ਨੂੰ ਆਪਣੀ ਸਿਖਲਾਈ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।ਸਕੂਲ ਦੇ ਮਾਹੌਲ ਤੇ ਅਗਵਾਈ ਪੱਖੋਂ ਇਥੋਪੀਆਈ ਅਧਿਆਪਕਾਂ ਨੂੰ ਆਪਣੇ ਸਕੂਲ ਦਾ ਮਾਹੌਲ ਤੇ ਅਗਵਾਈ ਜ਼ਿਆਦਾ ਚੰਗੀ ਲਗਦੀ ਹੈ।ਇਸ ਪੱਖੋਂ ਇਥੋਪੀਆ ਵਿੱਚ ਸਕੂਲਾਂ ਦਾ ਮਾਹੌਲ ਸਮੁੱਚੇ ਤੌਰ ਉੱਤੇ ਭਾਰਤ ਨਾਲੋਂ ਬਿਹਤਰ ਹੈ।

ਉਨ੍ਹਾਂ ਦੱਸਿਆ ਕਿ ਇੱਕ ਵੱਡਾ ਫ਼ਰਕ ਇਹ ਸਾਹਮਣੇ ਆਇਆ ਕਿ ਪੰਜਾਬ ਦੇ ਸਕੂਲਾਂ ਨੂੰ ਚੰਗਾ ਚਲਾਉਣ ਵਿੱਚ ਅਧਿਆਪਕਾਂ ਦੀ ਸਿਖਲਾਈ ਸਭ ਤੋਂ ਜ਼ਿਆਦਾ ਮਦਦ ਕਰਦੀ ਹੈ ਜਦੋਂ ਕਿ ਇਥੋਪੀਆ ਦੇ ਸਕੂਲਾਂ ਲਈ ਚੰਗੀ ਅਗਵਾਈ ਸਭ ਤੋਂ ਜ਼ਿਆਦਾ ਮਦਦਗਾਰ ਹੈ।ਖੋਜਾਰਥੀ ਡਾ. ਲਿਐਲਮ ਤਿਲਾਹੁਨ ਨੇ ਦੱਸਿਆ ਕਿ ਇੱਕ ਹੋਰ ਅਹਿਮ ਪੱਖ ਸਾਹਮਣੇ ਆਇਆ ਕਿ ਪੰਜਾਬੀ ਅਧਿਆਪਕ ਵੱਖ-ਵੱਖ ਸੱਭਿਆਚਾਰਾਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਦੇ ਹਨ, ਕਿਉਂਕਿ ਭਾਰਤ ਵਿੱਚ ਬਹੁਤ ਸਾਰੇ ਸਭਿਆਚਾਰ ਮਿਲ-ਜੁਲ ਕੇ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਖੋਜ ਦੇ ਨਤੀਜੇ ਦੋਵਾਂ ਦੇਸ਼ਾਂ ਦੇ ਸੰਦਰਭ ਵਿੱਚ ਨੀਤੀ ਨਿਰਮਾਤਾਵਾਂ ਤੇ ਸਿੱਖਿਆ ਸ਼ਾਸਤਰੀਆਂ ਲਈ ਬਹੁਤ ਮਹੱਤਵ ਰੱਖਦੇ ਹਨ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਖੋਜਾਰਥੀ ਤੇ ਨਿਗਰਾਨ ਦੋਵਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਅਧਿਐਨ ਵਿਸ਼ਵ ਪੱਧਰ 'ਤੇ ਵਿੱਦਿਅਕ ਨੀਤੀਆਂ ਤੇ ਅਮਲਾਂ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਹਨ।ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਚੰਗੀਆਂ ਖੋਜਾਂ ਕਰਨ ਲਈ ਹਮੇਸ਼ਾ ਵਚਨਬੱਧ ਹੈ।

## ਸਨੌਰ ਹਲਕੇ 'ਚ ਚੋਣਾਂ ਅਮਨ-ਚੈਨ ਤੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸੰਪੰਨ

**ਸਨੌਰ (ਰਾਜਿੰਦਰ ਸਿੰਘ ਥਿੰਦ)**-ਸਨੌਰ ਹਲਕੇ ਅਧੀਨ ਆਉਂਦੇ ਪਿੰਡਾਂ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਲਈ ਹੋਈਆਂ ਚੋਣਾਂ ਪੂਰੀ ਤਰ੍ਹਾਂ ਅਮਨ-ਚੈਨ ਤੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸੰਪੰਨ ਹੋਈਆਂ।ਪਿੰਡ ਪੱਧਰ 'ਤੇ ਲੋਕਤੰਤਰਕ ਪ੍ਰਕਿਰਿਆ ਨੂੰ ਅੱਗੇ ਵਧਾਉਂਦਿਆਂ ਵੋਟਰਾਂ ਨੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ, ਹਾਲਾਂਕਿ ਵੋਟਿੰਗ ਦੀ ਦਰ ਹਰ ਪਿੰਡ ਵਿੱਚ ਇੱਕੋ ਜਿਹੀ ਨਹੀਂ ਰਹੀ।ਚੋਣਾਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਹਿੰਸਕ ਘਟਨਾ, ਟਕਰਾਅ ਜਾਂ ਬੂਥ ਨਾਲ ਸੰਬੰਧਤ ਗੜਬੜ ਦੀ ਕੋਈ ਸੂਚਨਾ ਨਹੀਂ ਮਿਲੀ।ਪੁਲਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਪਹਿਲਾਂ ਤੋਂ ਹੀ ਕੀਤੇ ਗਏ ਇੰਤਜ਼ਾਮ ਕਾਰਨ ਹਾਲਾਤ ਪੂਰੇ ਦਿਨ ਕਾਬੂ ਵਿੱਚ ਰਹੇ।ਐਸ.ਐਸ.ਪੀ. ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਹਰੇਕ ਸੰਵੇਦਨਸ਼ੀਲ ਤੇ ਆਮ ਪੋਲਿੰਗ ਸਟੇਸ਼ਨ 'ਤੇ ਪੁਲਸ ਫੋਰਸ ਦੀ ਤਾਇਨਾਤੀ ਕੀਤੀ ਗਈ ਸੀ।ਪ੍ਰਸ਼ਾਸਨਕ ਜਾਣਕਾਰੀ ਮੁਤਾਬਕ ਸ਼ਾਮ ਸਾਢੇ ਚਾਰ ਵਜੇ ਤੱਕ ਸਥਿਤੀ ਬਿਲਕੁਲ ਸਧਾਰਣ ਰਹੀ ਅਤੇ ਵੋਟਿੰਗ ਨਿਰਵਿਘਨ ਤੌਰ 'ਤੇ ਚੱਲਦੀ ਰਹੀ।ਵੋਟਰਾਂ ਦੇ ਰੁਝਾਨਾਂ ਦੀ ਗੱਲ ਕਰੀਏ ਤਾਂ ਕੁਝ ਪਿੰਡਾਂ ਵਿੱਚ ਚੰਗਾ ਉਤਸ਼ਾਹ ਵੇਖਣ ਨੂੰ ਮਿਲਿਆ।ਪਿੰਡ ਬੋਲੜ ਕਲਾਂ ਵਿੱਚ ਦੋਵੇਂ ਭਾਗਾਂ ਵਿੱਚ ਵੋਟਿੰਗ ਦੀ ਦਰ ਪੰਜਾਹ ਫ਼ੀਸਦੀ ਤੋਂ ਉੱਪਰ ਰਹੀ, ਜੋ ਵੋਟਰਾਂ ਦੀ ਸਰਗਰਮ ਭਾਗੀਦਾਰੀ ਨੂੰ ਦਰਸਾਉਂਦੀ ਹੈ।ਪਿੰਡ ਬਲਮਗੜ੍ਹ ਤੇ ਲਲੀਣਾ ਵਿੱਚ ਵੀ ਵੋਟਰਾਂ ਨੇ ਸੰਤੋਸ਼ਜਨਕ ਗਿਣਤੀ ਵਿੱਚ ਆਪਣੇ ਵੋਟ ਪਾਏ। ਇਸਦੇ ਉਲਟ ਪਿੰਡ ਭਾਂਖਰ ਵਿੱਚ ਵੋਟਿੰਗ ਪ੍ਰਤੀ ਰੁਝਾਨ ਕਾਫ਼ੀ ਕਮਜ਼ੋਰ ਰਿਹਾ, ਜਿੱਥੇ ਦੋਵੇਂ ਬੂਥਾਂ 'ਤੇ ਘੱਟ ਹਾਜ਼ਰੀ ਦਰਜ ਕੀਤੀ ਗਈ।ਭਾਂਖਰ ਵਿੱਚ ਘੱਟ ਵੋਟਿੰਗ ਸਥਾਨਕ ਪੱਧਰ 'ਤੇ ਚਰਚਾ ਦਾ ਕੇਂਦਰ ਬਣੀ ਰਹੀ।

## ਕਾਤਰਾਂ

### ਦੀਨਾ ਸਾਹਿਬ ਪੋਲਿੰਗ ਬੂਥ ਉੱਪਰ ਸੀਨੀਅਰਜ਼ ਸਿਟੀਜ਼ਨ ਨਾਲ ਬਦਸਲੂਕੀ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਐਤਵਾਰ ਸਵੇਰੇ ਜਦੋਂ ਵੋਟਾਂ ਪੈਣੀਆਂ ਸ਼ੁਰੂ ਹੋ ਗਈਆਂ ਤਾਂ ਵੱਡੀ ਗਿਣਤੀ ਵਿੱਚ ਵੋਟਰ ਪੋਲਿੰਗ ਬੂਥ ਉੱਪਰ ਪੰਹੁਚਣੇ ਸ਼ੁਰੂ ਹੋ ਗਏ। ਸਵੇਰੇ ਸਵੇਰੇ ਜ਼ਿਆਦਾ ਧੁੰਦ ਤੇ ਠੰਢ ਹੋਣ ਕਰਕੇ ਹਰੇਕ ਵੋਟਰ ਪੋਲਿੰਗ ਬੂਥ ਉਪਰ ਠੰਡ ਤੋਂ ਬਚਾਅ ਲਈ ਆਪਣੇ ਉਪਰ ਖੇਸ ਜਾਂ ਲੋਈ ਲੈ ਕੇ ਪਹੁੰਚੇ, ਪਰ ਅੱਗੇ ਗੇਟ ਉਪਰ ਖੜ੍ਹੇ ਕਰਮਚਾਰੀਆਂ ਨੇ ਕਿਹਾ ਕਿ ਉੱਪਰ ਕੱਪੜਾ ਨਹੀਂ ਲੈ ਕੇ ਜਾਣਾ, ਇਥੋਂ ਤੱਕ ਕਿ ਜੇਬ ਉਪਰ ਲੱਗਾ ਪਿੰਨ ਤੱਕ ਉਤਾਰ ਕੇ ਰੱਖ ਲਿਆ ਗਿਆ। ਇਹ ਪਹਿਲੀ ਵਾਰ ਹੋਇਆ ਹੈ ਕਿ ਪ੍ਰਸ਼ਾਸਨ ਵੱਲੋਂ ਇਸਤਰਾਂ ਦੇ ਹੁਕਮ ਜਾਰੀ ਹੋਏ ਹੋਣ ਮੋਬਾਈਲ ਫੋਟੋ ਤਾਂ ਦੂਰ ਦੀ ਗੱਲ ਹੈ, ਕਈ ਵੋਟਰ ਤਾਂ ਅੱਸੀ ਸਾਲਾਂ ਤੋਂ ਉਪਰ ਸੀ, ਜਿਹੜੇ ਕਿਸੇ ਹੋਰ ਦੇ ਸਹਾਰੇ ਵੋਟ ਪਾਉਣ ਲਈ ਪਹੁੰਚੇ, ਉਨ੍ਹਾਂ ਨੂੰ ਵੀ ਉੱਪਰ ਲਿਆ ਕੱਪੜਾ ਉਤਾਰ ਕੇ ਅੰਦਰ ਜਾਣ ਲਈ ਮਜਬੂਰ ਕੀਤਾ ਗਿਆ। ਇਸ ਸਬੰਧੀ ਲੱਖੋਵਾਲ ਦੇ ਆਗੂ ਮੁਖਤਿਆਰ ਸਿੰਘ ਦੀਨਾ ਸਾਹਿਬ ਨਾਲ ਪ੍ਰਸ਼ਾਸਨ ਦੇ ਕਰਮਚਾਰੀਆਂ ਦੀ ਆਪਸੀ ਬਹਿਸਬਾਜ਼ੀ ਵੀ ਹੋਈ, ਪਰ ਸੀਨੀਅਰ ਅਧਿਕਾਰੀਆਂ ਦੀ ਦਖਲਅੰਦਾਜ਼ੀ ਨਾਲ ਮਾਮਲੇ ਨੂੰ ਸ਼ਾਂਤ ਕਰ ਲਿਆ ਗਿਆ। ਇਸ ਸਮੇਂ ਸਾਰੀਆਂ ਹੀ ਪਾਰਟੀਆਂ ਦੇ ਪੋਲਿੰਗ ਨੁਮਾਇੰਦੇ ਅਮ੍ਰਿਤਪਾਲ ਸਿੰਘ ਖਾਲਸਾ ਆਮ ਆਦਮੀ ਪਾਰਟੀ ਗੁਰਮੀਤ ਸਿੰਘ ਭੋਲਾ ਸਰਪੰਚ ਅਕਾਲੀ ਦਲ ਰੁਪਿੰਦਰ ਸਿੰਘ ਪ੍ਰਧਾਨ ਕਾਂਗਰਸ ਪਾਰਟੀ ਹਾਜ਼ਰ ਸਨ।

### ਰਿਕਸ਼ਾ ਚਾਲਕ ਦੀ ਘਰੋਂ ਸ਼ੱਕੀ ਹਾਲਤਾਂ 'ਚ ਲਾਸ਼ ਮਿਲੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਮਾਂਗਟ ਕਾਲੋਨੀ ਦੇ ਵਾਸੀ ਗੁਰਚਰਨ ਸਿੰਘ (45) ਦੀ ਸ਼ੱਕੀ ਹਾਲਾਤਾਂ ਵਿੱਚ ਘਰ ਅੰਦਰੋਂ ਲਾਸ਼ ਮਿਲੀ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਗੁਰਚਰਨ ਸਿੰਘ ਜੋ ਕਿ ਜੁਗਾੜੂ ਰਿਕਸ਼ਾ ਚਾਲਕ ਸੀ ਤੇ ਉਹ ਘਰ ਵਿੱਚ ਇਕੱਲਾ ਹੀ ਰਹਿੰਦਾ ਸੀ। ਗੁਰਚਰਨ ਸਿੰਘ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ, ਜੋ ਰਿਕਸ਼ਾ ਚਲਾ ਕੇ ਆਪਣਾ ਘਰ ਚਲਾਉਂਦਾ ਸੀ। ਅੱਜ ਜਦੋਂ ਸਵੇਰੇ ਉਹ ਘਰੋਂ ਬਾਹਰ ਨਾ ਨਿਕਲਿਆ ਤਾਂ ਛੱਤ 'ਤੇ ਪਤੰਗ ਚੜ੍ਹਾ ਰਹੇ ਬੱਚੇ ਨੇ ਦੇਖਿਆ ਕਿ ਘਰ ਦੇ ਬਾਹਰ ਵਿਹੜੇ ਵਿੱਚ ਉਹ ਮੂੰਹ ਭਾਰ ਡਿੱਗਿਆ ਪਿਆ ਸੀ ਅਤੇ ਕੋਈ ਹਿੱਲਜੁਲ ਨਹੀਂ ਕਰ ਰਿਹਾ ਸੀ। ਬੱਚਿਆਂ ਨੇ ਆਸ-ਪਾਸ ਗੁਆਂਢੀਆਂ ਨੂੰ ਦੱਸਿਆ ਤੇ ਜਦੋਂ ਉਨ੍ਹਾਂ ਆ ਕੇ ਦੇਖਿਆ ਤਾਂ ਗੁਰਚਰਨ ਸਿੰਘ ਮ੍ਰਿਤਕ ਹਾਲਤ ਵਿੱਚ ਪਿਆ ਸੀ। ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ ਗਿਆਸ ਜਿਨ੍ਹਾਂ ਆ ਕੇ ਮੌਕੇ 'ਤੇ ਜਾਂਚ ਕੀਤੀ। ਮ੍ਰਿਤਕ ਗੁਰਚਰਨ ਸਿੰਘ ਦੇ ਰਿਸ਼ਤੇਦਾਰ ਜੋ ਨੇੜਲੇ ਪਿੰਡਾਂ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ ਸੂਚਿਤ ਕਰ ਦਿੱਤਾ ਗਿਆ। ਪੁਲਸ ਵੱਲੋਂ ਲਾਸ਼ ਨੂੰ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਗਿਆ ਹੈ।


## ਚਾਈਨਾ ਡੋਰ ਦੀ ਵਿਕਰੀ ਖਿਲਾਫ ਖੱਤਰੀ ਸਭਾ ਵੱਲੋਂ ਅਭਿਆਨ ਹੋਰ ਤਿੱਖਾ ਕਰਨ ਦਾ ਐਲਾਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਬਸੰਤ ਰੁੱਤ ਤੇ ਪਤੰਗਬਾਜ਼ੀ ਦਾ ਆਪਸ ਵਿੱਚ ਬਹੁਤ ਵੱਡਾ ਸਬੰਧ ਹੈ।ਬਸੰਤ ਰੁੱਤ ਆਉਣ 'ਚ ਲਗਭਗ ਇੱਕ ਮਹੀਨਾ ਪਿਆ ਹੈ।ਇਸ ਵਾਰ ਬਸੰਤ ਦਾ ਤਿਉਹਾਰ ਨਵੇਂ ਸਾਲ 23 ਜਨਵਰੀ ਨੂੰ ਮਨਾਇਆ ਜਾਵੇਗਾ।ਨੌਜਵਾਨ ਤੇ ਬੱਚੇ ਪਤੰਗਬਾਜ਼ੀ ਕਰਨ ਲਈ ਬਸੰਤ ਰੁੱਤ ਦਾ ਬੇਸਬਰੀ ਨਾਲ ਇੰਤਜ਼ਾਰ ਕਰਨ ਲੱਗ ਜਾਂਦੇ ਹਨ।ਪਤੰਗਬਾਜ਼ੀ ਦਾ ਦੌਰ ਅੱਜ ਵੀ ਜਾਰੀ ਹੈ, ਪ੍ਰੰਤੂ ਹੁਣ ਪਤੰਗ ਸੂਤੀ ਧਾਗੇ ਦੇ ਮਾਂਜੇ ਦੀ ਬਜਾਏ ਜਾਨਲੇਵਾ ਚਾਈਨਾ ਡੋਰ ਨਾਲ ਉਡਾਉਣ ਲੱਗ ਪਏ ਹਨ।ਇਸ ਜਾਨਲੇਵਾ ਚਾਈਨਾ ਡੋਰ ਦੇ ਰੁਝਾਨ ਨੂੰ ਰੋਕਣ ਲਈ ਕਰੀਬ ਚਾਰ ਸਾਲ ਪਹਿਲਾਂ ਚਾਈਨਾ ਡੋਰ ਵਿਰੁੱਧ ਅਭਿਆਨ ਸ਼ੁਰੂ ਕੀਤਾ ਸੀ ਅਤੇ ਖੱਤਰੀ ਸਭਾ ਦੇ ਪ੍ਰਚਾਰ ਸਕੱਤਰ ਰਾਕੇਸ਼ ਸਿਤਾਰਾ ਨੂੰ ਚਾਈਨਾ ਡੋਰ ਵਿਕਰੀ ਵਿਰੁੱਧ ਅਭਿਆਨ ਦਾ ਬ੍ਰਾਂਡ ਅੰਬੈਸਡਰ ਬਣਾਇਆ ਗਿਆ ਸੀ।ਖੱਤਰੀ ਸਭਾ ਨੇ ਚਾਈਨਾ ਡੋਰ ਦੀ ਵਿਕਰੀ ਖਿਲਾਫ ਚਲਾਏ ਜਾ ਰਹੇ ਅਭਿਆਨ ਨੂੰ ਹੋਰ ਤਿੱਖਾ ਕਰਨ ਦਾ ਸੰਕਲਪ ਲਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਚੇਅਰਮੈਨ ਵਿਜੇ ਧੀਰ ਐਡਵੋਕੇਟ, ਪ੍ਰਧਾਨ ਡਾ. ਐੱਮ. ਐੱਲ. ਜੈਦਕਾ ਤੇ ਬ੍ਰਾਂਡ ਅੰਬੈਸਡਰ ਰਾਕੇਸ਼ ਸਿਤਾਰਾ ਨੇ ਕਿਹਾ ਕਿ ਚਾਈਨਾ ਡੋਰ ਵਿਕਰੀ ਵਿਰੁੱਧ ਖੱਤਰੀ ਸਭਾ ਦਾ ਇਹ ਸੰਕਲਪ ਹੈ ਕਿ ਇਸ ਵਾਰ ਬਸੰਤ ਦੇ ਤਿਉਹਾਰ ਮੌਕੇ ਮੋਗਾ ਦੇ ਖੁੱਲ੍ਹੇ ਅਸਮਾਨ 'ਚ ਡਰੈਗਨ ਡੋਰ ਨੂੰ ਮੌਤ ਬਣ ਕੇ ਉੱਡਣ ਨਹੀਂ ਦਿਆਂਗੇ।ਉਨ੍ਹਾਂ ਕਿਹਾ ਕਿ ਚਾਈਨਾ ਡੋਰ ਜਦ ਬਿਜਲੀ ਦੀ ਹਾਈ ਵੋਲਟੇਜ ਤਾਰਾਂ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਇਸ ਨਾਲ ਕਰੰਟ ਵੀ ਵੱਧ ਜਾਂਦਾ ਹੈ ਅਤੇ ਉੜਾਣ ਵਾਲਾ ਵਿਅਕਤੀ ਬਿਜਲੀ ਦੇ ਕਰੰਟ ਨਾਲ ਆਪਣੀ ਜਾਨ ਖੋਹ ਬੈਠਦਾ ਹੈ।ਇਸ ਦੀ ਲਪੇਟ 'ਚ ਆਉਣ ਨਾਲ ਕਈ ਲੋਕਾਂ ਦੇ ਗਲੇ ਵੀ ਹਾਦਸੇ ਦਾ ਸ਼ਿਕਾਰ ਹੋ ਚੁੱਕੇ ਹਨ।ਉਨ੍ਹਾਂ ਆਖਿਆ ਕਿ ਜਾਨਲੇਵਾ ਚਾਈਨਾ ਡੋਰ ਦੇ ਖਤਰਨਾਕ ਰੁਝਾਨ ਨੂੰ ਰੋਕਣਾ ਬੇਹੱਦ ਜ਼ਰੂਰੀ ਹੈ।ਧੀਰ ਨੇ ਕਿਹਾ ਕਿ ਚਾਈਨਾ ਡੋਰ ਦੀ ਵਿਕਰੀ ਰੋਕਣ ਲਈ ਬੱਚਿਆਂ ਦੇ ਮਾਤਾ-ਪਿਤਾ ਦੀ ਭੂਮਿਕਾ ਵੀ ਮਹੱਤਵਪੂਰਨ ਹੈ।ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਚਾਈਨਾ ਡੋਰ ਵਿਰੁੱਧ ਸਾਨੂੰ ਇੱਕਜੁੱਟ ਹੋਣਾ ਚਾਹੀਦਾ ਹੈ ਤਾਂ ਜੋ ਬੇਜ਼ੁਬਾਨ ਪੰਛੀਆਂ ਦੀ ਵੀ ਜਾਨ ਬਚ ਸਕੇ।ਇਸ ਮੌਕੇ ਬਲਜਿੰਦਰ ਸਿੰਘ ਸਹਿਗਲ ਜਨਰਲ ਸੈਕਟਰੀ, ਸੰਜੀਵ ਕੌੜਾ ਸੈਕਟਰੀ, ਭਜਨ ਪ੍ਰਕਾਸ਼ ਵਰਮਾ ਐਡੀਟਰ, ਨਰੇਸ਼ ਧੀਰ ਨੈਸਲੇ ਐਡਵਾਈਜ਼ਰ ਹਾਜ਼ਰ ਸਨ।

## ਪਟਿਆਲਾ ਦੀ ਤਰੱਕੀ ਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਮਿਲ ਕੇ ਕੰਮ ਕਰਨ ਦੀ ਲੋੜ : ਬਰਸਟ

**ਪਟਿਆਲਾ ਸੋਸ਼ਲ ਵੈੱਲਫੇਅਰ ਸੁਸਾਇਟੀ ਨੇ ਮਨਾਈ ਸਿਲਵਰ ਜੁਬਲੀ**



**ਸਮਾਣਾ/ਪਟਿਆਲਾ (ਗੁਰਪਿਆਰ ਸਿੰਘ ਬੱਲ/ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਸੋਸ਼ਲ ਵੈੱਲਫੇਅਰ ਸੁਸਾਇਟੀ ਵੱਲੋਂ ਆਪਣੇ ਸਿਲਵਰ ਜੁਬਲੀ ਸਮਾਰੋਹ ਮੌਕੇ ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ ਵਿਖੇ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਸਮਾਰੋਹ ਦੀ ਅਗਵਾਈ ਸੁਸਾਇਟੀ ਦੇ ਪ੍ਰਧਾਨ ਸ਼੍ਰੀ ਵਿਜੇ ਗੋਇਲ ਵੱਲੋਂ ਕੀਤੀ ਗਈ।ਪ੍ਰੋਗਰਾਮ ਵਿੱਚ ਆਮ ਆਦਮੀ ਪਾਰਟੀ, ਪੰਜਾਬ ਦੇ ਜਨਰਨ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਗਈ।ਇਸ ਮੌਕੇ ਅਸ਼ੋਕ ਕੁਮਾਰ ਸਿਰਸਵਾਲ ਚੇਅਰਮੈਨ ਮਾਰਕਿਟ ਕਮੇਟੀ, ਪਟਿਆਲਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਸੁਸਾਇਟੀ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਹੁਣ ਹਰ ਮਹੀਨੇ ਵੱਖ-ਵੱਖ ਤਰ੍ਹਾਂ ਦੇ ਸਮਾਜ ਸੇਵਾ ਦੇ ਕੰਮ ਕੀਤੇ ਜਾਣਗੇ ਤਾਂ ਜੋ ਪਟਿਆਲਾ ਦੀ ਤਰੱਕੀ ਵਿੱਚ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ।ਸੁਸਾਇਟੀ ਦਾ ਉਦੇਸ਼ ਸਕੂਲਾਂ, ਕਾਲਜਾਂ ਵਿੱਚ ਪੜ੍ਹ ਰਹੇ ਲੋੜਵੰਦ ਬੱਚਿਆਂ ਦੀਆਂ ਫੀਸਾਂ ਦਾ ਪ੍ਰਬੰਧ, ਸਟੇਸ਼ਨਰੀ ਦੀ ਸਹੂਲਤ ਤੇ ਹੋਰ ਕਈ ਮਿਸਾਲੀ ਕਾਰਜ ਸ਼ਾਮਲ ਹਨ।ਇਸ ਤੋਂ ਇਲਾਵਾ ਜੱਗੀ ਟੀਵੀ ਤੋਂ ਗੋਪਾਲ ਸ਼ਰਮਾ ਤੇ ਉਨ੍ਹਾਂ ਦੀ ਟੀਮ ਦੇ ਥੀਏਟਰ ਆਰਟਿਸਟਾਂ ਵੱਲੋਂ ਸਮਾਜ ਦੀ ਭਲਾਈ ਤੇ ਜਾਗਰੂਕਤਾ ਲਈ ਪ੍ਰੇਰਨਾਦਾਇਕ ਕਾਰਜ ਕੀਤਾ ਜਾ ਰਹੇ ਹਨ।

ਸੁਸਾਇਟੀ ਵੱਲੋਂ ਪਲਾਸਟਿਕ ਦੇ ਥੈਲੇ ਦੀ ਵਰਤੋਂ ਬੰਦ ਕਰਨ ਤੇ ਜੂਟ ਜਾਂ ਕੱਪੜੇ ਦੇ ਥੈਲੇ ਵਰਤਣ ਦੀ ਅਪੀਲ ਕੀਤੀ ਗਈ।ਇਸ ਤੋਂ ਇਲਾਵਾ ਆਉਣ ਵਾਲੇ ਸਮੇਂ ਵਿੱਚ ਬਲੱਡ ਡੋਨੇਸ਼ਨ ਕੈਂਪ, ਮੈਡੀਕਲ ਕੈਂਪ ਤੇ ਪੋਲਿਓ ਟੀਕਾਕਰਨ ਦੇ ਕੈਂਪ ਵੀ ਲਗਾਏ ਜਾਣਗੇ।ਇਸ ਦੌਰਾਨ ਸੁਸਾਇਟੀ ਵਿੱਚ ਸ਼ਾਮਲ ਹੋਏ ਨਵੇਂ ਮੈਂਬਰਾਂ ਦਾ ਵੀ ਸਵਾਗਤ ਕੀਤਾ ਗਿਆ।

ਸ. ਬਰਸਟ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਟਿਆਲਾ ਸੋਸ਼ਲ ਵੈੱਲਫੇਅਰ ਸੁਸਾਇਟੀ ਦਾ ਇਹ ਸਿਲਵਰ ਜੁਬਲੀ ਸਮਾਰੋਹ ਸਮਾਜਿਕ ਏਕਤਾ ਤੇ ਤਰੱਕੀ ਲਈ ਪ੍ਰੇਰਨਾ ਦਾ ਸਰੋਤ ਹੈ।ਉਨ੍ਹਾਂ ਕਿਹਾ ਕਿ ਅਸੀਂ ਪਟਿਆਲਾ ਦੀ ਵਿਕਾਸ ਯੋਜਨਾ ਨੂੰ ਇੱਕ ਨਵੀਂ ਦਿਸ਼ਾ ਦੇਈਏ, ਤਾਂ ਜੋ ਪਟਿਆਲਾ ਪੰਜਾਬ ਵਿੱਚ ਇੱਕ ਮਿਸਾਲ ਬਣੇ।ਪਟਿਆਲਾ ਦੇ ਲੋਕਾਂ ਨੂੰ ਆਪਣੀ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਤੇ ਪ੍ਰਚਾਰ ਵੱਲ ਵੱਧ ਧਿਆਨ ਦੇਣ ਦੀ ਅਪੀਲ ਕੀਤੀ।

ਸਮਾਰੋਹ ਦੀ ਵਿਸ਼ੇਸ਼ ਆਕਰਸ਼ਣ ਬਣੀ ਇੱਕ ਨੇਤਰਹੀਣ ਕੁੜੀ ਵੱਲੋਂ ਗਜ਼ਲ ਦੀ ਸੁਰੀਲੀ ਪੇਸ਼ਕਸ਼, ਜਿਸ ਦੀ ਮਿੱਠੀ ਆਵਾਜ਼ ਤੇ ਕਲਾ ਨੇ ਦਰਸ਼ਕਾਂ ਦੇ ਦਿਲ ਜਿੱਤ ਲਏ।ਸ. ਬਰਸਟ ਨੇ ਉਸ ਦੀ ਪ੍ਰਤਿਭਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਰੀਰਕ ਤੌਰ 'ਤੇ ਕੋਈ ਵੀ ਹੈਂਡੀਕੈਪ ਨਹੀਂ ਹੁੰਦਾ, ਪ੍ਰਮਾਤਮਾ ਨੇ ਐਸੇ ਵਿਅਕਤੀਆਂ ਨੂੰ ਵਿਸ਼ੇਸ਼ ਗੁਣਾਂ ਨਾਲ ਨਵਾਜਿਆ ਹੁੰਦਾ ਹੈ।ਉਹ ਕੁੜੀ ਸਾਡੇ ਸਾਰਿਆਂ ਲਈ ਪ੍ਰੇਰਨਾ ਦਾ ਸਰੋਤ ਹੈ, ਜਿਸ ਨੇ ਸਾਬਿਤ ਕੀਤਾ ਕਿ ਦ੍ਰਿੜ੍ਹ ਇੱਛਾ-ਸ਼ਕਤੀ, ਸੁਰ ਸਾਧਨਾ ਤੇ ਆਤਮ ਵਿਸ਼ਵਾਸ ਨਾਲ ਹਰ ਸੁਪਨਾ ਸਾਕਾਰ ਹੋ ਸਕਦਾ ਹੈ।ਸ. ਬਰਸਟ ਨੇ ਸੁਸਾਇਟੀ ਦੇ ਸਾਰੇ ਮੈਂਬਰਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਕਿਹਾ ਕਿ ਜੇ ਹਰ ਵਿਅਕਤੀ ਆਪਣੇ ਪੱਧਰ 'ਤੇ ਸਮਾਜ ਲਈ ਛੋਟੀ ਜਿਹੀ ਸੇਵਾ ਕਰੇ, ਜਿਸ ਨਾਲ ਪਟਿਆਲਾ ਦੀ ਸੋਭਾ ਤੇ ਮਹੱਤਤਾ ਹੋਰ ਵਧੇਗੀ।ਸਮਾਗਮ ਤੇ ਅਖੀਰ ਵਿੱਚ ਸਤਿਕਾਰਯੋਗ ਸ਼ਖਸੀਅਤਾਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ ਤੇ ਸੁਸਾਇਟੀ ਵੱਲੋਂ ਸ੍ਰ. ਬਰਸਟ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ।


## ਭਾਜਪਾ ਉਮੀਦਵਾਰ 'ਤੇ ਕੈਂਚੀ ਨਾਲ ਜਾਨਲੇਵਾ ਹਮਲਾ !

### *ਅਕਾਲੀ ਵਰਕਰਾਂ 'ਤੇ ਲੱਗੇ ਹਮਲੇ ਦੇ ਦੋਸ਼, ਭਾਜਪਾ ਵੱਲੋਂ ਸਖ਼ਤ ਕਾਰਵਾਈ ਦੀ ਮੰਗ*

**ਫਿਰੋਜ਼ਪੁਰ (ਗੁਰਬਚਨ ਸਿੰਘ)**-ਫਿਰੋਜ਼ਪੁਰ ਜ਼ਿਲ੍ਹੇ ਤੋਂ ਚੋਣ ਹਿੰਸਾ ਦੀ ਇੱਕ ਘਟਨਾ ਸਾਹਮਣੇ ਆਈ ਹੈ।ਇੱਥੇ ਬਲਾਕ ਸੰਮਤੀ ਦੀਆਂ ਚੋਣਾਂ ਲੜ ਰਹੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਉਮੀਦਵਾਰ ਜਗਦੀਪ ਸਿੰਘ 'ਤੇ ਕੈਂਚੀ ਵਰਗੇ ਤੇਜ਼ ਹਥਿਆਰ ਨਾਲ ਹਮਲਾ ਕੀਤਾ ਗਿਆ ਹੈ।ਇਹ ਘਟਨਾ ਫੱਤੂ ਵਾਲਾ ਜ਼ੋਨ ਦੇ ਪਿੰਡ ਬੁੱਕਣ ਵਾਲਾ ਵਿੱਚ ਵਾਪਰੀ।ਜਾਣਕਾਰੀ ਅਨੁਸਾਰ ਭਾਜਪਾ ਉਮੀਦਵਾਰ ਜਗਦੀਪ ਸਿੰਘ ਆਪਣੇ ਚੋਣ ਖੇਤਰ ਵਿੱਚ ਮੌਜੂਦ ਸਨ, ਜਦੋਂ ਉਨ੍ਹਾਂ 'ਤੇ ਅਚਾਨਕ ਹਮਲਾ ਹੋਇਆ।ਇਸ ਹਮਲੇ ਵਿੱਚ ਜਗਦੀਪ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।ਉਮੀਦਵਾਰ ਨੂੰ ਤੁਰੰਤ ਇਲਾਜ ਲਈ ਫਿਰੋਜ਼ਪੁਰ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿਥੇ ਉਨ੍ਹਾਂ ਦੇ ਜ਼ਖ਼ਮਾਂ ਦੀ ਗੰਭੀਰਤਾ ਨੂੰ ਦੇਖਦਿਆਂ ਡਾਕਟਰਾਂ ਦੀ ਟੀਮ ਉਨ੍ਹਾਂ ਦੀ ਨਿਗਰਾਨੀ ਕਰ ਰਹੀ ਹੈ।

ਜ਼ਖ਼ਮੀ ਹੋਏ ਉਮੀਦਵਾਰ ਜਗਦੀਪ ਸਿੰਘ ਨੇ ਹਸਪਤਾਲ ਵਿੱਚ ਇਲਾਜ ਦੌਰਾਨ ਦੋਸ਼ ਲਗਾਇਆ ਹੈ।ਉਨ੍ਹਾਂ ਸਿੱਧੇ ਤੌਰ 'ਤੇ ਇਸ ਹਮਲੇ ਲਈ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੇ ਵਰਕਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।ਜਗਦੀਪ ਸਿੰਘ ਨੇ ਦੱਸਿਆ ਕਿ ਇਹ ਹਮਲਾ ਉਨ੍ਹਾਂ ਨੂੰ ਖ਼ੁਦ ਵੋਟਾਂ ਪਾਉਣ ਤੋਂ ਰੋਕਣ ਦੇ ਮਾਮਲੇ ਨੂੰ ਲੈ ਕੇ ਹੋਇਆ।ਉਨ੍ਹਾਂ ਮੁਤਾਬਕ, ਜਦੋਂ ਉਹ ਅਕਾਲੀ ਵਰਕਰਾਂ ਵੱਲੋਂ ਕੀਤੇ ਜਾ ਰਹੇ ਕਥਿਤ ਗੈਰ-ਕਾਨੂੰਨੀ ਕੰਮਾਂ ਦਾ ਵਿਰੋਧ ਕਰ ਰਹੇ ਸਨ, ਤਾਂ ਉਨ੍ਹਾਂ 'ਤੇ ਯੋਜਨਾਬੱਧ ਢੰਗ ਨਾਲ ਹਮਲਾ ਕਰ ਦਿੱਤਾ ਗਿਆ।ਇਸ ਜਾਨਲੇਵਾ ਹਮਲੇ ਦੀ ਖ਼ਬਰ ਮਿਲਦਿਆਂ ਹੀ ਭਾਜਪਾ ਦੀ ਜ਼ਿਲ੍ਹਾ ਲੀਡਰਸ਼ਿਪ ਤੁਰੰਤ ਹਰਕਤ ਵਿੱਚ ਆ ਗਈ।ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਬੌਬੀ ਬਾਠ ਨੇ ਹਸਪਤਾਲ ਪਹੁੰਚ ਕੇ ਜਗਦੀਪ ਸਿੰਘ ਦਾ ਹਾਲ-ਚਾਲ ਪੁੱਛਿਆ ਤੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।ਉਨ੍ਹਾਂ ਜ਼ੋਰਦਾਰ ਮੰਗ ਕੀਤੀ ਕਿ ਪੁਲਸ ਪ੍ਰਸ਼ਾਸਨ ਇਸ ਮਾਮਲੇ ਨੂੰ ਅਤਿ-ਗੰਭੀਰਤਾ ਨਾਲ ਲੈਂਦਿਆਂ ਤੁਰੰਤ ਹਮਲਾ ਕਰਨ ਵਾਲੇ ਅਕਾਲੀ ਵਰਕਰਾਂ ਦੀ ਪਛਾਣ ਕਰੇ ਤੇ ਉਨ੍ਹਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰੇ।

## ਹਾਕਮਵਾਲਾ 'ਚ ਸਾਂਝਾ ਪੋਲਿੰਗ ਬੂਥ ਲਗਾ ਕੇ ਦਿੱਤਾ ਭਾਈਚਾਰਕ ਸੰਦੇਸ਼



**ਬੋਹਾ (ਨਿਰੰਜਣ ਬੋਹਾ)**

ਰਾਜਨੀਤਕ ਪਾਰਟੀਆਂ ਦੁਆਰਾ ਪਿੰਡਾਂ ਚ ਪਰਿਵਾਰਾਂ ਅੰਦਰ ਸੰਨ੍ਹ ਲਗਾ ਲੈਣ ਕਰਨ ਟੁੱਟਦੀ ਜਾ ਰਹੀ ਪੇਂਡੂ ਭਾਈਚਾਰਕ ਸਾਂਝ ਦੇ ਮੱਦੇਨਜ਼ਰ ਮਾਨਸਾ ਜ਼ਿਲ੍ਹੇ ਦੇ ਪਿੰਡ ਹਾਕਮਵਾਲਾ ਦੇ ਲੋਕਾਂ ਨੇ ਸਮੂਹਕ ਤੌਰ 'ਤੇ ਫ਼ੈਸਲਾ ਲੈਂਦਿਆਂ ਅੱਜ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਪਿੰਡ ਅੰਦਰ ਕਿਸੇ ਵੀ ਰਾਜਨੀਤਕ ਪਾਰਟੀ ਦਾ ਪੋਲਿੰਗ ਬੂਥ ਨਹੀਂ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਸੁਖਵਿੰਦਰ ਸਿੰਘ ਬੱਬਲ ਤੇ ਨੌਜਵਾਨ ਸਪੋਰਟਸ ਅਤੇ ਸੱਭਿਆਚਾਰਕ ਕਲੱਬ ਹਾਕਮਵਾਲਾ ਦੇ ਪ੍ਰਧਾਨ ਜਸਪਾਲ ਸਿੰਘ ਜੱਸੀ ਨੇ ਦੱਸਿਆ ਕਿ ਮਜ਼ਬੂਤ ਭਾਈਚਾਰਕ ਸਾਂਝ ਦਾ ਸੁਨੇਹਾ ਦੇਣ ਦੇ ਮਕਸਦ ਨਾਲ ਪਿੰਡ ਅੰਦਰ ਕੇਵਲ ਇੱਕ ਟੈਂਟ ਲਗਾ ਕੇ 'ਸਾਂਝਾ' ਬੂਥ ਲਗਾਇਆ ਗਿਆ ਹੈ, ਜਿੱਥੇ ਸਾਰੀਆਂ ਰਾਜਨੀਤਕ ਧਿਰਾਂ ਦੇ ਪਿੰਡ ਪੱਧਰੀ ਵਰਕਰ ਤੇ ਆਗੂ ਮੌਜੂਦ ਰਹੇ।ਇਸ ਟੈਂਟ ਉੱਪਰ ਕਿਸੇ ਵੀ ਰਾਜਨੀਤਕ ਧਿਰ, ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣ ਲੜ ਰਹੇ ਉਮੀਦਵਾਰਾਂ ਦੇ ਪੋਸਟਰ, ਇਸ਼ਤਿਹਾਰ, ਝੰਡੇ ਆਦਿ ਨਹੀਂ ਲਗਾਏ ਗਏ।ਉਨ੍ਹਾਂ ਦੱਸਿਆ ਕਿ ਹਾਕਮਵਾਲਾ ਕਰੀਬ 2300 ਵੋਟਾਂ ਵਾਲਾ ਵੱਡਾ ਪਿੰਡ ਹੈ, ਜਿਸ ਦੇ ਵਸਨੀਕ ਗੁਰਮੇਲ ਕੌਰ, ਜ਼ਿਲ੍ਹਾ ਪ੍ਰੀਸ਼ਦ ਜ਼ੋਨ ਅੱਕਾਂਵਾਲੀ ਤੋਂ ਅਤੇ ਹਰਜਿੰਦਰ ਕੌਰ ਪਤਨੀ ਜਗਸੀਰ ਸਿੰਘ ਬਲਾਕ ਸੰਮਤੀ ਜ਼ੋਨ ਹਾਕਮਵਾਲਾ ਤੋਂ ਉਮੀਦਵਾਰ ਹਨ।ਪਿੰਡ ਦੇ ਜੰਮਪਲ ਡਾਕਟਰ ਨਿਸ਼ਾਨ ਸਿੰਘ ਹਾਕਮਵਾਲਾ ਸ਼੍ਰੋਮਣੀ ਅਕਾਲੀ ਦਲ ਦੇ ਉਪ ਪ੍ਰਧਾਨ ਹਨ, ਜਿਨ੍ਹਾਂ ਨੇ 2016 ਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਧਾਨ ਸਭਾ ਹਲਕਾ ਬੁਢਲਾਡਾ ਤੋਂ ਲੜੀਆਂ ਸਨ। ਸਰਪੰਚ ਸੁਖਵਿੰਦਰ ਸਿੰਘ ਬੱਬਲ ਨੇ ਕਿਹਾ ਕਿ ਮਜ਼ਬੂਤ ਭਾਈਚਾਰਕ ਸਾਂਝ ਦਾ ਸੰਦੇਸ਼ ਦੇਣ ਵਾਲੇ ਇਸ ਸਾਂਝੇ ਟੈਂਟ 'ਚ ਸਾਰੀਆਂ ਰਾਜਨੀਤਕ ਧਿਰਾਂ ਦੇ ਨੁਮਾਇੰਦੇ ਇਕੱਠੇ ਬੈਠੇ ਤੇ ਚਾਹ ਪਾਣੀ ਲੰਗਰ ਸਾਰਿਆਂ ਇਕੱਠਾ ਛਕਿਆ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਜਗਵੀਰ ਸਿੰਘ ਮਾਨ ਤੇ ਡਾਕਟਰ ਸੁਖਪਾਲ ਸਿੰਘ ਸਿੱਧੂ ਨੇ ਕਿਹਾ ਕਿ ਚੋਣਾਂ ਦੇ ਦਿਨਾਂ 'ਚ ਪਿੰਡਾਂ ਅੰਦਰ ਅਕਸਰ ਤਲਖੀ ਭਰਿਆ ਮਹੌਲ ਹੁੰਦਾ ਹੈ, ਪਰ ਇੱਕ ਬੂਥ ਲਗਾਉਣ ਸਦਕਾ ਪਿੰਡ ਹਾਕਮਵਾਲਾ 'ਚ ਅੱਜ ਪੂਰਾ ਦਿਨ ਵਿਆਹ ਵਰਗਾ ਮਾਹੌਲ ਬਣਿਆ ਰਿਹਾ।

ਇਸ ਮੌਕੇ ਸਾਬਕਾ ਬਲਾਕ ਸੰਮਤੀ ਮੈਂਬਰ ਤੇ ਕਾਂਗਰਸੀ ਆਗੂ ਦਵਿੰਦਰ ਸਿੰਘ ਥਿੰਦ, ਸਾਬਕਾ ਸਰਪੰਚ ਪਲਵਿੰਦਰ ਸਿੰਘ ਥਿੰਦ, ਦਰਸ਼ਨ ਹਾਕਮਵਾਲਾ, ਸ਼੍ਰੋਮਣੀ ਆਕਾਲੀ ਦਲ ਦੇ ਜ਼ਿਲ੍ਹਾ ਯੂਥ ਆਗੂ ਮਨਜੀਤ ਸਿੰਘ ਥਿੰਦ, ਮਲੂਕ ਸਿੰਘ ਥਿੰਦ, ਸੰਸਾਰ ਸਿੰਘ ਥਿੰਦ, ਆਮ ਆਦਮੀ ਪਾਰਟੀ ਦੇ ਆਗੂ ਕੁਲਦੀਪ ਸਿੰਘ ਮਾਨ, ਗੁਰਤੇਜ ਮਾਨ, ਮਾਸਟਰ ਗੁਰਲਾਲ ਸਿੰਘ, ਕੁਲਵੰਤ ਸਿੰਘ, ਸੀਪੀਆਈ ਐੱਮ ਐੱਲ ਦੇ ਆਗੂ ਜਗਤਾਰ ਸਿੰਘ ਤੇਜੇ, ਭਾਈ ਜੀਵਨ ਸਿੰਘ ਸਪੋਰਟਸ ਕਲੱਬ ਦੇ ਪ੍ਰਧਾਨ ਸੁਖਪਾਲ ਸਿੰਘ ਪਾਲੂ, ਗੁਰਤੇਜ ਸਿੰਘ, ਇਕਬਾਲ ਸਿੰਘ, ਨਿੱਕਾ ਸਿੰਘ (ਸਾਰੇ ਪੰਚ), ਪ੍ਰੇਮ ਸਿੰਘ ਤੇਜੇ, ਦੀਦਾਰ ਸਿੰਘ, ਜਗਵੀਰ ਸਿੰਘ, ਰਾਜਵਿੰਦਰ ਸਿੰਘ, ਗੁਰਨਾਮ ਸਿੰਘ ਆਦਿ ਹਾਜ਼ਰ ਸਨ।

## ਦੇਸ਼ ਦੀ ਖੱਬੀ ਲਹਿਰ ਨੂੰ ਮਜ਼ਬੂਤ ਕਰਨਾ ਸਮੇਂ ਦੀ ਪ੍ਰਮੁੱਖ ਲੋੜ : ਸ਼ੇਖਾਵਤ

### *ਸਿਰਸਾ 'ਚ ਮਨਾਈ ਭਾਰਤੀ ਕਮਿਊਨਿਸਟ ਪਾਰਟੀ ਦੀ ਪਹਿਲੀ ਸ਼ਤਾਬਦੀ*



**ਸਿਰਸਾ (ਸੁਰਿੰਦਰ ਪਾਲ ਸਿੰਘ)**-ਭਾਰਤੀ ਕਮਿਊਨਿਸਟ ਪਾਰਟੀ ਦੀ ਪਹਿਲੀ ਸ਼ਤਾਬਦੀ ਕਾਮਰੇਡ ਟੀਕਾ ਰਾਮ ਸੁਖਨ ਭਵਨ ਸਿਰਸਾ ਵਿਖੇ ਲਾਲ ਝੰਡੇ ਨੂੰ ਸਲਾਮੀ ਦੇ ਕੇ ਮਨਾਈ ਗਈ। ਇਹ ਲਾਲ ਝੰਡਾ ਸੀਨੀਅਰ ਮਜ਼ਦੂਰ ਸਾਥੀ ਕਾਮਰੇਡ ਜੋਗਿੰਦਰ ਸਿੰਘ ਦਮਦਮਾ ਦੁਆਰਾ ਲਹਿਰਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਕਾਮਰੇਡ ਗੁਰਦੀਪ ਸਿੰਘ ਸਿੱਧੂ, ਜਗਰੂਪ ਸਿੰਘ ਚੌਬੁਰਜਾ ਤੇ ਮੁਨਸ਼ੀ ਰਾਮ ਸੁਚਾਨ ਸ਼ਾਮਲ ਸਨ। ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਲਸ਼ਮਣ ਸਿੰਘ ਸ਼ੇਖਾਵਤ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਸਿਰਸਾ ਦੇ ਸੀਨੀਅਰ ਵਕੀਲ ਕਾਮਰੇਡ ਅਸ਼ਵਨੀ ਬਖਸ਼ੀ ਨੇ ਰਾਸ਼ਟਰੀ ਪੱਧਰ 'ਤੇ ਪਾਰਟੀ ਦੇ ਸੰਘਰਸ਼ਾਂ ਦਾ ਵਿਸਥਾਰ ਨਾਲ ਵਰਣਨ ਕਰਦੇ ਹੋਏ ਪਾਰਟੀ ਦੇ ਸ਼ਾਨਦਾਰ ਇਤਿਹਾਸ ਦਾ ਵਿਸਤਾਰ ਨਾਲ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਉਨ੍ਹਾਂ ਨੇਤਾਵਾਂ ਦੁਆਰਾ ਕੀਤੀ ਗਈ ਸੀ, ਜੋ ਆਪਣੇ ਦੇਸ਼ ਲਈ ਲੜੇ ਸਨ। ਪਾਰਟੀ ਦਾ ਟੀਚਾ ਦੇਸ਼ ਦੇ ਲੋਕਾਂ ਲਈ ਜੀਵਨ ਪੱਧਰ ਨੂੰ ਬਿਹਤਰ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਸ਼ੋਸ਼ਣ-ਮੁਕਤ ਸਮਾਜਵਾਦੀ ਸਰਕਾਰ ਸਥਾਪਤ ਕਰਨ ਲਈ ਜੰਗ ਦੇ ਮੈਦਾਨ ਵਿੱਚ ਹੈ। ਉਨ੍ਹਾਂ ਕਿਹਾ ਕਿ ਸਮਾਜਵਾਦ ਸਾਡਾ ਭਵਿੱਖ ਹੈ ਤੇ ਅਸੀਂ ਇਸ ਨੂੰ ਪ੍ਰਾਪਤ ਕਰਨ ਤੱਕ ਆਰਾਮ ਨਹੀਂ ਕਰਾਂਗੇ। ਕਾਮਰੇਡ ਮਹਿੰਦਰ ਸਿੰਘ ਖਾਜਾਖੇੜਾ, ਕਾਮਰੇਡ ਦਾਰਾ ਸਿੰਘ ਤੇ ਡੱਬਵਾਲੀ ਮਹਿਲਾ ਸਭਾ ਪ੍ਰਧਾਨ ਸ਼ਿੰਦਰ ਕੌਰ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਵੀ ਪਾਰਟੀ ਨੂੰ ਮਜ਼ਬੂਤ ??ਕਰਨ ਦਾ ਸੱਦਾ ਦਿੱਤਾ ਗਿਆ। ਸਮਾਗਮ ਦੇ ਅੰਤ ਵਿੱਚ ਪਾਰਟੀ ਲੀਡਰਸ਼ਿਪ ਵੱਲੋਂ ਸੰਘਰਸ਼ਸ਼ੀਲ ਸਾਥੀਆਂ ਨੂੰ ਸਟੇਜ ਤੋਂ ਸਨਮਾਨਤ ਕੀਤਾ ਗਿਆ।

## ਸਾਬਕਾ ਸੈਨਿਕਾਂ ਨੇ 54ਵਾਂ 'ਪਰਬਤ ਅਲੀ' ਦਿਵਸ ਮਨਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਭਾਰਤ ਦੀ ਸੈਨਾ ਵਿੱਚ ਵਿਲੱਖਣ ਪਛਾਣ ਬਣਾਉਣ ਵਾਲੀ ਦਸਮੇਸ਼ ਬਟਾਲੀਅਨ (10 ਸਿੱਖ) ਦੇ ਸਾਬਕਾ ਸੈਨਿਕਾਂ ਵੱਲੋਂ 54ਵਾਂ ਯੁੱਧ ਸਨਮਾਨ 'ਪਰਬਤ ਅਲੀ' ਦਿਵਸ ਮਹਿਲ ਕਲਾਂ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ।ਸ਼ੁਰੂਆਤ ਸਮੇਂ ਸ਼ਹੀਦਾਂ ਦੀ ਯਾਦ 'ਚ ਅਤੇ ਸਮੂਹ ਸੈਨਿਕਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ ਗਈ।ਇਸ ਉਪਰੰਤ 1971 ਦੀ ਹਿੰਦ-ਪਾਕਿ ਜੰਗ ਦੌਰਾਨ 65 ਕਿਲੋਮੀਟਰ ਪਾਕਿਸਤਾਨ ਦੇ ਅੰਦਰ ਘੁਸ ਕੇ 'ਪਰਬਤ ਅਲੀ' ਪੋਸਟ 'ਤੇ ਕਬਜ਼ਾ ਕਰਨ ਵਾਲੇ ਯੋਧਿਆਂ ਨੇ ਉਸ ਸਮੇਂ ਦਾ ਇਤਿਹਾਸ ਸੁਣਾ ਕੇ ਸਾਥੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਬਟਾਲੀਅਨ ਦੇ ਅਫਸਰ ਲੈਫਟੀਨੈਂਟ ਜਨਰਲ ਜਗਬੀਰ ਸਿੰਘ ਚੀਮਾ (ਰਿਟਾ.), ਮੌਜੂਦਾ ਕਮਾਂਡਿੰਗ ਅਫ਼ਸਰ ਸੁਸ਼ਾਂਤ ਦਿਵੇਦੀ ਤੇ ਸੂਬੇਦਾਰ ਮੇਜਰ ਸੁਖਚੈਨ ਸਿੰਘ ਨੇ ਸਮੂਹ ਅਹੁਦੇਦਾਰਾਂ ਨੂੰ ਇਸ ਸਮਾਗਮ ਤੇ ਵਧਾਈ ਦਿੱਤੀ।

ਕੈਪਟਨ ਸਾਧੂ ਸਿੰਘ, ਤਰਸੇਮ ਸਿੰਘ, ਹਰਬੰਸ ਸਿੰਘ, ਨਾਜਰ ਸਿੰਘ, ਗੁਰਚਰਨ ਸਿੰਘ, ਦੀਦਾਰ ਸਿੰਘ ਦਾਰੀ, ਸੁਖਦੇਵ ਸਿੰਘ ਭਾਪਾ, ਮਹਿੰਦਰ ਬਰਾੜ ਨੇ ਕਿਹਾ ਕਿ 1 ਜੂਨ 1966 ਨੂੰ ਕਰਨਲ ਟੀ ਆਰ ਕਪੂਰ, ਸੈਨਾ ਮੈਡਲ ਤੇ ਸੂਬੇਦਾਰ ਮੇਜਰ ਪ੍ਰੀਤਮ ਸਿੰਘ ਦੀ ਅਗਵਾਈ ਵਿੱਚ ਸਥਾਪਤ ਹੋਈ 10 ਸਿੱਖ ਰੈਜੀਮੈਂਟ, ਜਿਸ ਦਾ ਨਾਂਅ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉੱਤੇ ਦਸਮੇਸ਼ ਬਟਾਲੀਅਨ ਰੱਖਿਆ ਗਿਆ, ਜੋ ਅੱਜ ਸੈਨਾ ਦੇ ਇਤਿਹਾਸ ਵਿੱਚ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਰਹੀ।ਮਹਿਜ਼ 5 ਸਾਲ ਦੀ ਹੁੰਦਿਆਂ ਹੀ ਬਟਾਲੀਅਨ ਨੇ 1971 ਦੀ ਲੜਾਈ ਵਿੱਚ ਇੱਕ ਅਜਿਹਾ ਕਾਰਨਾਮਾ ਕਰ ਵਿਖਾਇਆ ਕਿ ਪਾਕਿਸਤਾਨ ਦੀ ਧਰਤੀ 'ਤੇ 65 ਕਿਲੋਮੀਟਰ ਅੰਦਰ ਜਾ ਕੇ 'ਪਰਬਤ ਅਲੀ' ਪੋਸਟ 'ਤੇ ਕਬਜ਼ਾ ਕੀਤਾ ਤੇ ਭਾਰਤ ਸਰਕਾਰ ਵੱਲੋਂ ਬਟਾਲੀਅਨ ਨੂੰ ਯੁੱਧ ਸਨਮਾਨ 'ਪਰਬਤ ਅਲੀ' ਦੇ ਕੇ ਸਨਮਾਨਤ ਕੀਤਾ ਗਿਆ, ਜਿਸ ਨੂੰ ਬਟਾਲੀਅਨ ਹਰ ਸਾਲ 13 ਦਸੰਬਰ ਨੂੰ ਯੁੱਧ ਸਨਮਾਨ ਦਿਵਸ ਤੌਰ 'ਤੇ ਮਨਾਉਂਦੀ ਹੈ।ਯੁੱਧ ਅਭਿਆਸਾਂ ਦੇ ਨਾਲ ਨਾਲ ਬਟਾਲੀਅਨ ਨੇ ਕਈ ਨਾਮਵਰ ਖਿਡਾਰੀ ਦੇਸ਼ ਨੂੰ ਦਿੱਤੇ, ਜਿਨ੍ਹਾਂ ਵਿੱਚ ਦੇਸ਼ ਦੇ ਮਹਾਨ ਮੁੱਕੇਬਾਜ਼ ਸੂਬੇਦਾਰ ਕੌਰ ਸਿੰਘ, ਪਦਮਸ਼੍ਰੀ, ਅਰਜੁਨਾ ਐਵਾਰਡ ਇਸੇ ਪਲਟਨ ਵਿੱਚ ਪੈਦਾ ਹੋਏ, ਜਿਨ੍ਹਾਂ ਨੇ 1982 ਦੀਆਂ ਏਸ਼ੀਆਈ ਖੇਡਾਂ ਦੇ ਮੁੱਕੇਬਾਜ਼ੀ ਮੁਕਾਬਲੇ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।ਕੁਸ਼ਤੀ ਦੇ ਖੇਤਰ ਵਿੱਚ ਹੌਲਦਾਰ ਗੱਜਣ ਸਿੰਘ ਤੇ ਰੋਇੰਗ ਸਟਾਰ (ਕਿਸ਼ਤੀ ਚਾਲਕ) ਕੈਪਟਨ ਸਵਰਨ ਸਿੰਘ ਅਰਜਨਾ ਅਵਾਰਡ, ਸੁਖਵਿੰਦਰ ਸਿੰਘ ਬਾਸਕਟਬਾਲ, ਸੁਖਵਿੰਦਰ ਸਿੰਘ ਹਾਕੀ ਇਸੇ ਬਟਾਲੀਅਨ ਦੀ ਸ਼ਾਨ ਹਨ।ਜਨਰਲ ਚੀਮਾ ਨੇ ਰਾਜਪਾਲ ਸਿੰਘ, ਗੁਰਮੇਲ ਸਿੰਘ, ਹਰਬੰਸ ਸਿੰਘ, ਪਰਮਜੀਤ ਸਿੰਘ ਤੇ ਹੌਲਦਾਰ ਸੁਖਦੇਵ ਸਿੰਘ ਭਾਪਾ ਤੇ ਟੀਮ ਨੂੰ ਇੱਕ ਸਫਲ ਪ੍ਰੋਗਰਾਮ ਦੀ ਰੂਪ ਰੇਖਾ ਉਲੀਕਣ ਤੇ ਮੁਬਾਰਕਬਾਦ ਦਿੱਤੀ।

ਪ੍ਰੋਗਰਾਮ ਦੌਰਾਨ ਸਾਬਕਾ ਕੈਪਟਨ ਸਾਧੂ ਸਿੰਘ ਨੇ ਆਪਣੀ ਕਵੀਸ਼ਰੀ ਰਾਹੀਂ ਹਾਜ਼ਰ ਸੈਨਿਕਾਂ ਨੂੰ ਬਟਾਲੀਅਨ ਦਾ ਇਤਿਹਾਸ ਯਾਦ ਕਰਵਾ ਦਿੱਤਾ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੂਬੇਦਾਰ ਮੇਜਰ ਹਰਜੀਤ ਸਿੰਘ ਨੇ ਬਾਖ਼ੂਬੀ ਨਿਭਾਈ।ਸਰਬ ਸੰਮਤੀ ਨਾਲ ਪੱਕੀ ਕਮੇਟੀ ਨਿਯੁਕਤ ਕੀਤੀ ਗਈ, ਜਿਸ ਵਿੱਚ ਸਰਪ੍ਰਸਤ ਕੈਪਟਨ ਸਾਧੂ ਸਿੰਘ ਮੂੰਮ, ਵਾਈਸ ਸਰਪ੍ਰਸਤ ਸੁਖਦੇਵ ਸਿੰਘ ਭਾਪਾ, ਪ੍ਰਧਾਨ ਰਾਜਪਾਲ ਸਿੰਘ ਪੰਡੋਰੀ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਛਾਪਾ, ਵਿੱਤ ਸਕੱਤਰ ਕੈਪਟਨ ਗੁਰਚਰਨ ਸਿੰਘ ਤੋਂ ਇਲਾਵਾ ਪਰਮਜੀਤ ਸਿੰਘ ਮੁੱਲਾਂਪੁਰ, ਸੁਖਵਿੰਦਰ ਸਿੰਘ ਬਿੱਲੂ ਕਮੇਟੀ ਮੈਂਬਰ ਨੂੰ ਅਗਲੇ ਪ੍ਰੋਗਰਾਮ ਦੀ ਜ਼ਿੰਮੇਵਾਰੀ ਸੌਂਪੀ ਗਈ।

## ਮਿਲਾਵਟਖੋਰੀ ਖਿਲਾਫ਼ 19 ਨੂੰ ਚੰਡੀਗੜ੍ਹ 'ਚ ਵਿਸ਼ਾਲ ਕੈਂਡਲ ਮਾਰਚ


### ਮਾਣਯੋਗ ਜੱਜ ਤੇ ਚਾਂਸਲਰ ਕਰਨਗੇ ਮਾਰਚ ਦੀ ਅਗਵਾਈ : ਭਟੋਆ



**ਫ਼ਰੀਦਕੋਟ/ਚੰਡੀਗੜ੍ਹ (ਐਲਿਗਜ਼ੈਂਡਰ ਡਿਸੂਜ਼ਾ)**-ਪੰਜਾਬ ਦੇ ਸ਼ਹਿਰਾਂ ਵਿੱਚ ਵੱਧ ਰਹੀ ਖੁਰਾਕੀ ਵਸਤਾਂ ਵਿੱਚ ਮਿਲਾਵਟਖੋਰੀ ਤੇ ਇਸ ਨਾਲ ਪੈਦਾ ਹੋ ਰਹੀਆਂ ਗੰਭੀਰ ਬਿਮਾਰੀਆਂ ਪ੍ਰਤੀ ਸਰਕਾਰੀ ਅਧਿਕਾਰੀਆਂ ਨੂੰ ਜਾਗਰੂਕ ਕਰਨ ਲਈ ਪਬਲਿਕ ਅਗੇਂਸਟ ਐਡਲਟ੍ਰੇਸ਼ਨ ਵੈੱਲਫੇਅਰ ਐਸੋਸੀਏਸ਼ਨ (ਪਾਵਾ) ਵੱਲੋਂ ਇੱਕ ਅਹਿਮ ਪਹਿਲ ਕੀਤੀ ਜਾ ਰਹੀ ਹੈ।ਐਸੋਸੀਏਸ਼ਨ ਦੇ ਰਾਸ਼ਟਰੀ ਜਨਰਲ ਸਕੱਤਰ ਸੁਰਜੀਤ ਭਟੋਆ ਵੱਲੋਂ ਜਾਰੀ ਬਿਆਨ ਅਨੁਸਾਰ ਇਹ ਸੰਸਥਾ 19 ਦਸੰਬਰ ਨੂੰ ਸ਼ਾਮ 5.30 ਵਜੇ ਚੰਡੀਗੜ੍ਹ ਸੈਕਟਰ-17 ਦੇ ਮੁੱਖ ਬਾਜ਼ਾਰ 'ਚ ਇੱਕ ਵਿਸ਼ਾਲ, ਸ਼ਾਂਤਮਈ ਤੇ ਆਵਾਜ਼ ਰਹਿਤ ਕੈਂਡਲ ਮਾਰਚ ਕਰੇਗੀ।ਇਹ ਸ਼ਾਂਤਮਈ ਪ੍ਰਦਰਸ਼ਨ ਇਸ ਲਈ ਕੀਤਾ ਜਾ ਰਿਹਾ ਹੈ, ਕਿਉਂਕਿ ਮਿਲਾਵਟੀ ਭੋਜਨ ਕਾਰਨ ਹਰ ਨਾਗਰਿਕ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਅਤੇ ਸਾਡੇ ਬੱਚੇ ਕੈਂਸਰ ਸਮੇਤ ਕਈ ਖ਼ਤਰਨਾਕ ਬਿਮਾਰੀਆਂ ਦਾ ਸਾਹਮਣਾ ਕਰ ਰਹੇ ਹਨ।ਇਸ ਮਹੱਤਵਪੂਰਨ ਸਮਾਗਮ ਨੂੰ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪੀ.ਬੀ.ਐੱਚ.ਆਰ.ਆਈ. ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਜ਼ੋਰਾ ਸਿੰਘ ਝੰਡੀ ਦੇ ਕੇ ਰਵਾਨਾ ਕਰਨਗੇ।ਉਨ੍ਹਾਂ ਸਮੂਹ ਭਾਗੀਦਾਰਾਂ ਨੂੰ ਨੀਲਮ ਸਿਨੇਮਾ ਦੇ ਸਾਹਮਣੇ ਇਕੱਠੇ ਹੋਣ ਦੀ ਅਪੀਲ ਕੀਤੀ ਗਈ ਹੈ।ਪਾਵਾ ਨੇ ਸਮੂਹ ਸ਼ਹਿਰੀਆਂ ਤੇ ਭਾਈਚਾਰੇ ਦੇ ਲੋਕਾਂ ਨੂੰ ਸੁਹਿਰਦ ਅਪੀਲ ਕੀਤੀ ਹੈ ਕਿ ਉਹ ਵੱਡੀ ਗਿਣਤੀ ਵਿੱਚ ਇਸ ਕੈਂਡਲ ਮਾਰਚ ਵਿੱਚ ਸ਼ਾਮਲ ਹੋਣ ਤਾਂ ਜੋ ਮਿਲਾਵਟਖੋਰੀ ਵਰਗੇ ਕੋਹੜ ਤੋਂ ਸਮਾਜ ਨੂੰ ਬਚਾਇਆ ਜਾ ਸਕੇ ਤੇ ਸਰਕਾਰੀ ਅਧਿਕਾਰੀਆਂ ਨੂੰ ਇਸ ਭਿਆਨਕ ਸਮੱਸਿਆ ਪ੍ਰਤੀ ਠੋਸ ਕਾਰਵਾਈ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ।ਇਸ ਮੌਕੇ ਮੁੱਖ ਮਹਿਮਾਨ ਡਾ. ਜ਼ੋਰਾ ਸਿੰਘ (ਚਾਂਸਲਰ), ਜਸਟਿਸ ਜ਼ੋਰਾ ਸਿੰਘ (ਸਾਬਕਾ ਜੱਜ) ਹੋਣਗੇ।

## ਜ਼ਿਲ੍ਹਾ ਕਚਹਿਰੀਆਂ ਵਿਖੇ ਸਾਲ ਦੀ ਆਖਰੀ ਨੈਸ਼ਨਲ ਲੋਕ ਅਦਾਲਤ

**7420 ਕੇਸਾਂ ਦਾ ਨਿਪਟਾਰਾ ਤੇ 9 ਕਰੋੜ ਤੋਂ ਵੱਧ ਦੇ ਅਵਾਰਡ ਪਾਸ : ਗੁਪਤਾ**




**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਨਵੀਂ ਦਿੱਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਅਰੁਣ ਗੁਪਤਾ ਜ਼ਿਲ੍ਹਾ ਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਤਹਿਗੜ੍ਹ ਸਾਹਿਬ ਦੀ ਅਗਵਾਈ ਹੇਠ ਅਸ਼ੋਕ ਕੁਮਾਰ ਚੌਹਾਨ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹਾ ਕਚਹਿਰੀਆਂ, ਅਮਲੋਹ ਤੇ ਖਮਾਣੋਂ ਦੀਆਂ ਸਬ ਡਵੀਜ਼ਨ ਪੱਧਰ ਦੀਆਂ ਕਚਹਿਰੀਆਂ ਵਿੱਚ ਅੱਜ ਸਾਲ ਦੀ ਚੌਥੀ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਨੈਸ਼ਨਲ ਲੋਕ ਅਦਾਲਤ ਦੇ 12 ਬੈਂਚਾਂ ਵੱਲੋਂ 7979 ਕੇਸਾਂ ਦੀ ਸੁਣਵਾਈ ਹੋਈ, ਜਿਨ੍ਹਾਂ ਵਿੱਚੋਂ 7420 ਕੇਸਾਂ ਦਾ ਨਿਪਟਾਰਾ ਦੋਵਾਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਕੀਤਾ ਗਿਆ ਅਤੇ ਵਿੱਤੀ ਮਾਮਲਿਆਂ ਦੇ ਕੇਸਾਂ ਵਿੱਚ 9 ਕਰੋੜ ਰੁਪਏ ਤੋਂ ਵੱਧ ਦੀ ਰਕਮ ਦੇ ਐਵਾਰਡ ਪਾਸ ਕੀਤੇ ਗਏ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਅਰੁਣ ਗੁਪਤਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਲੋਕ ਅਦਾਲਤਾਂ ਰਾਹੀਂ ਕੇਸਾਂ ਦਾ ਨਿਪਟਾਰਾ ਹੋਣ ਨਾਲ ਆਮ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲਦੀ ਹੈ, ਕਿਉਂਕਿ ਇਨ੍ਹਾਂ ਲੋਕ ਅਦਾਲਤਾਂ ਵਿੱਚ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਕੇਸਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ, ਜਿਸ ਨਾਲ ਆਮ ਲੋਕਾਂ ਨੂੰ ਜਲਦੀ ਤੇ ਸਸਤਾ ਨਿਆਂ ਵੀ ਮਿਲਦਾ ਹੈ।

ਇਹ ਨੈਸ਼ਨਲ ਲੋਕ ਅਦਾਲਤ ਸਾਲ ਦੀ ਚੌਥੀ ਨੈਸ਼ਨਲ ਲੋਕ ਅਦਾਲਤ ਹੈ, ਜਿਸ ਵਿੱਚ ਲੋਕਾਂ ਨੇ ਵਧੇਰੇ ਉਤਸ਼ਾਹ ਦਿਖਾਉਂਦਿਆਂ ਵਧ ਚੜ੍ਹ ਕੇ ਹਿੱਸਾ ਲਿਆ। ਸ੍ਰੀ ਗੁਪਤਾ ਨੇ ਜਾਣਕਾਰੀ ਦਿੱਤੀ ਕਿ ਜਿੱਥੇ ਇਨ੍ਹਾਂ ਲੋਕ ਅਦਾਲਤਾਂ ਵਿੱਚ ਵੱਡੀ ਗਿਣਤੀ ਵਿੱਚ ਅਜਿਹੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ, ਜਿਹੜੇ ਪਹਿਲਾਂ ਕਿਸੇ ਵੀ ਅਦਾਲਤ ਵਿੱਚ ਨਹੀਂ ਲਗਾਏ ਗਏ ਸਨ ਅਤੇ ਇਸ ਤੋਂ ਇਲਾਵਾ ਲੰਮੇ ਸਮੇਂ ਤੋਂ ਅਦਾਲਤਾਂ ਵਿੱਚ ਲੰਬਿਤ ਕੇਸਾਂ ਦਾ ਵੀ ਵੱਡੀ ਗਿਣਤੀ ਵਿੱਚ ਨਿਪਟਾਰਾ ਕੀਤਾ ਗਿਆ।ਚੇਅਰਮੈਨ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਆਪਣੇ ਕੇਸਾਂ ਦਾ ਨਿਪਟਾਰਾ ਕਰਵਾਉਣ ਲਈ ਲੋਕਾਂ ਵਿੱਚ ਭਰਵਾਂ ਉਤਸ਼ਾਹ ਦੇਖਿਆ ਗਿਆ ਤੇ ਇਸ ਲੋਕ ਅਦਾਲਤ ਦੀ ਸਫਲਤਾ ਵਿੱਚ ਨਿਆਂ ਅਧਿਕਾਰੀਆਂ, ਵਕੀਲ ਸਾਹਿਬਾਨ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਵੱਡਮੁਲਾ ਯੋਗਦਾਨ ਦਿੱਤਾ।

ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਸ਼ੋਕ ਕੁਮਾਰ ਚੌਹਾਨ ਨੇ ਦੱਸਿਆ ਤਿਮਾਹੀ ਨੈਸ਼ਨਲ ਲੋਕ ਅਦਾਲਤਾਂ ਤੋਂ ਇਲਾਵਾ ਜ਼ਿਲ੍ਹਾ ਪੱਧਰ 'ਤੇ ਚੱਲ ਰਹੀ ਸਥਾਈ ਲੋਕ ਅਦਾਲਤ, ਜਿੱਥੇ ਕਿ ਹਫਤੇ ਦੇ ਪੰਜ ਦਿਨ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਰੋਜ਼ਾਨਾ ਆਮ ਲੋਕਾਂ ਦੇ ਕੇਸ ਸੁਣੇ ਜਾਂਦੇ ਹਨ ਅਤੇ 18 ਤਰ੍ਹਾਂ ਦੀਆਂ ਜਨ-ਉਪਯੋਗੀ ਸੇਵਾਵਾਂ ਨਿਪਟਾਰਾ ਕੀਤਾ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਲੋਕ ਅਦਾਲਤਾਂ ਵਿੱਚ ਕੋਈ ਕੋਰਟ ਫੀਸ ਨਹੀਂ ਲਗਦੀ ਤੇ ਕੋਈ ਵੀ ਲੋੜਵੰਦ ਵਿਅਕਤੀ ਸਾਦਾ ਕਾਗਜ਼ 'ਤੇ ਆਪਣੀ ਅਰਜ਼ੀ ਲੈ ਕੇ ਇਨ੍ਹਾਂ ਅਦਾਲਤਾਂ ਵਿੱਚ ਆ ਸਕਦਾ ਹੈ।

## ਰਸਤਾ ਪੁੱਛਣ ਬਹਾਨੇ ਹਲਵਾਈ ਦਾ ਮੋਬਾਇਲ ਖੋਹ ਕੇ ਭੱਜੇ, ਲੋਕਾਂ ਨੇ ਕਾਬੂ ਕਰ ਪੁਲਸ ਹਵਾਲੇ ਕੀਤੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਬਲੀਬੇਗ ਬਸਤੀ ਦੇ ਰਹਿਣ ਵਾਲੇ ਸੋਨੂੰ ਹਲਵਾਈ ਦਾ ਮੋਬਾਇਲ ਖੋਹ ਕੇ ਭੱਜੇ 2 ਮੋਟਰਸਾਈਕਲ ਸਵਾਰ ਝਪਟਮਾਰਾਂ ਨੂੰ ਲੋਕਾਂ ਨੇ ਕਾਬੂ ਕਰ ਕੁਟਾਪਾ ਚਾੜ੍ਹ ਕੇ ਪੁਲਸ ਹਵਾਲੇ ਕੀਤਾ। ਇਸ ਸਬੰਧੀ ਸੋਨੂੰ ਹਲਵਾਈ ਨੇ ਦੱਸਿਆ ਕਿ ਉਹ ਪੈਦਲ ਜਾ ਰਿਹਾ ਸੀ ਤਾਂ 2 ਮੋਟਰਸਾਈਕਲ ਸਵਾਰ ਨੌਜਵਾਨ ਆਏ, ਜਿਨ੍ਹਾਂ ਨੇ ਉਸ ਤੋਂ ਪਿੰਡ ਇਰਾਕ ਦਾ ਰਸਤਾ ਪੁੱਛਿਆ। ਇਸ ਦੌਰਾਨ ਦੋਵਾਂ ਨੇ ਉਸ ਨੂੰ ਸੜਕ 'ਤੇ ਸੁੱਟ ਲਿਆ ਤੇ ਗਲ ਵਿੱਚ ਪਰਨਾ ਪਾ ਕੇ ਘੁੱਟਣ ਦੀ ਕੋਸ਼ਿਸ਼ ਕੀਤੀ ਅਤੇ ਉਸ ਕੋਲੋਂ ਮੋਬਾਇਲ ਖੋਹ ਕੇ ਫ਼ਰਾਰ ਹੋ ਗਏ। ਸੋਨੂੰ ਹਲਵਾਈ ਵੱਲੋਂ ਰੌਲਾ ਪਾਇਆ ਗਿਆ ਤਾਂ ਆਸ-ਪਾਸ ਦੇ ਵਿਅਕਤੀਆਂ ਨੇ ਇਕੱਠੇ ਹੋ ਕੇ ਇਨ੍ਹਾਂ ਮੋਟਰਸਾਈਕਲ ਸਵਾਰਾਂ ਦਾ ਪਿੱਛਾ ਕੀਤਾ। ਇਹ ਝਪਟਮਾਰ ਮੋਟਰਸਾਈਕਲ ਸਵਾਰ ਸ਼ਿਵਾ ਪੈਲੇਸ ਕੋਲ ਆਪਣੇ ਆਪ ਨੂੰ ਘਿਰਿਆ ਦੇਖ ਕੇ ਆਪਣਾ ਵਾਹਨ ਛੱਡ ਗੰਨੇ ਦੇ ਖੇਤ ਵਿੱਚ ਜਾ ਲੁਕੇ। ਲੋਕਾਂ ਨੇ ਘੇਰਾ ਪਾ ਕੇ ਇਨ੍ਹਾਂ ਦੋਵਾਂ ਝਪਟਮਾਰਾਂ ਨੂੰ ਕਾਬੂ ਕਰ ਲਿਆ ਤੇ ਖੋਹਿਆ ਮੋਬਾਇਲ ਵੀ ਬਰਾਮਦ ਕਰ ਲਿਆ। ਝਪਟਮਾਰਾਂ ਕੋਲ ਜੋ ਮੋਟਰਸਾਈਕਲ ਮਿਲਿਆ, ਉਸ ਉੱਪਰ ਕੋਈ ਵੀ ਨੰਬਰ ਪਲੇਟ ਨਹੀਂ ਲੱਗੀ ਸੀ। ਇਨ੍ਹਾਂ ਝਪਟਮਾਰਾਂ ਨੂੰ ਕਾਬੂ ਕਰ ਮਾਛੀਵਾੜਾ ਥਾਣਾ ਦੇ ਸਪੁਰਦ ਕਰ ਦਿੱਤਾ ਗਿਆ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਝਪਟਮਾਰਾਂ ਖਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਤੇ ਪੁੱਛਗਿੱਛ ਕੀਤੀ ਜਾਵੇਗੀ ਕਿ ਉਨ੍ਹਾਂ ਵੱਲੋਂ ਹੋਰ ਕਿਹੜੀਆਂ ਵਾਰਦਾਤਾਂ ਕੀਤੀਆਂ ਹਨ।

## ਪੈਰਾਲੀਗਲ ਵਲੰਟੀਅਰਾਂ ਵੱਲੋਂ ਪਿੰਡਾਂ 'ਚ ਨਸ਼ਾ ਮੁਕਤੀ ਸੰਬੰਧੀ ਸੈਮੀਨਾਰ



**ਭੀਖੀ (ਧਰਮਵੀਰ ਸ਼ਰਮਾ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਤਹਿਤ ਸ਼ੁਰੂ ਕੀਤੀ ਗਈ ਮੁਹਿੰਮ 'ਯੂਥ ਅਗੇਂਸਟ ਡਰੱਗਜ਼' ਤਹਿਤ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਮਨਜਿੰਦਰ ਸਿੰਘ ਤੇ ਸਿਵਲ ਜੱਜ ਸੀਨੀਅਰ ਡਵੀਜ਼ਨ-ਕਮ-ਸਕੱਤਰ ਰਾਜਵਿੰਦਰ ਕੌਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਹੁਕਮਾਂ ਅਨੁਸਾਰ ਪੈਰਾਲੀਗਲ ਵਲੰਟੀਅਰਾਂ ਵੱਲੋਂ ਪਿੰਡ ਪਿੰਡ ਜਾ ਕੇ ਸੈਮੀਨਾਰ ਲਗਾਏ ਜਾ ਰਹੇ ਹਨ। ਇਨ੍ਹਾਂ ਸੈਮੀਨਾਰਾਂ ਦੌਰਾਨ ਵਲੰਟੀਅਰਾਂ ਵੱਲੋਂ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ੇ ਦੀ ਦਲਦਲ ਵਿੱਚੋਂ ਕਿਵੇਂ ਕੱਢਿਆ ਜਾ ਸਕਦਾ ਹੈ ਅਤੇ ਕਿਸ ਤਰ੍ਹਾਂ ਨੌਜਵਾਨ ਪੀੜ੍ਹੀ ਨੂੰ ਨਸ਼ਾ ਛੱਡ ਕੇ ਪੜ੍ਹਾਈ, ਖੇਡਾਂ ਜਾਂ ਹੋਰ ਗਤੀਵਿਧੀਆਂ ਵੱਲ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਉਹ ਨਸ਼ੇ ਦੇ ਕੋਹੜ ਤੋਂ ਦੂਰ ਰਹਿਣ ਤੇ ਤਰੱਕੀ ਕਰਕੇ ਸਮਾਜ ਨੂੰ ਉਚਾਈਆਂ 'ਤੇ ਪਹੁੰਚਾ ਸਕਣ। ਮੁਹਿੰਮ ਦੌਰਾਨ ਪੀ.ਐੱਲ.ਵੀ. ਬਹਾਦਰ ਖਾਨ ਵੱਲੋਂ ਪਿੰਡ ਖੀਵਾ ਮੀਹਾਂ ਸਿੰਘ ਵਾਲਾ, ਗੁੜੱਦੀ, ਹੀਰੋ ਖੁਰਦ, ਪੀ.ਐੱਲ.ਵੀ. ਪ੍ਰਿਤਪਾਲ ਵੱਲੋਂ ਮਾਨਸ਼ਾਹੀਆਂ, ਮੂਸਾ, ਰਮਦਿੱਤੇਵਾਲਾ, ਮਾਨਸਾ ਕੈਂਚੀਆਂ, ਖਿਆਲਾ ਕਲਾਂ, ਖਿਆਲਾ ਖੁਰਦ, ਅਸਪਾਲ, ਪੀ.ਐੱਲ.ਵੀ. ਸੰਦੀਪ ਤਾਇਲ ਵੱਲੋਂ ਕੋਟਧਰਮੂ, ਮਾਖੇਵਾਲਾ, ਘੁਰਕਣੀ, ਮਾਖਾ, ਰਾਏਪੁਰ, ਫ਼ਫੜੇ ਭਾਈਕੇ, ਬਣਾਂਵਾਲੀ, ਪੀ.ਐੱਲ.ਵੀ. ਅਜੈ ਸ਼ਰਮਾ ਵੱਲੋਂ ਰਾਏਪੁਰ-2, ਚਹਿਲਾਂਵਾਲੀ ਆਦਿ ਪਿੰਡਾਂ ਵਿੱਚ ਸੈਮੀਨਾਰ ਲਗਾ ਕੇ ਨਸ਼ਾ ਮੁਕਤੀ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਵਲੰਟੀਅਰਾਂ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਸੰਬੰਧੀ ਵੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਮੌਕੇ ਪਿੰਡਾਂ ਦੇ ਪਤਵੰਤੇ ਸੱਜਣ, ਗ੍ਰਾਮ ਪੰਚਾਇਤ ਤੇ ਪਿੰਡ ਵਾਸੀ ਮੌਜੂਦ ਸਨ।

## ਮਾਲਵਾ ਰੰਗਮੰਚ ਚੀਮਾ ਵੱਲੋਂ ਨਾਟਕਾਂ ਰਾਹੀਂ ਏਡਜ਼ ਖ਼ਿਲਾਫ਼ ਜਾਗਰੂਕਤਾ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਵੱਲੋਂ ਐੱਚ.ਆਈ.ਵੀ./ਏਡਜ਼ ਬਾਰੇ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਤਹਿਤ ਡਾਇਰੈਕਟਰ ਗੁਰਮੀਤ ਚੀਮਾ ਦੀ ਨਿਰਦੇਸ਼ਨਾ ਹੇਠ ਮਾਲਵਾ ਰੰਗ ਮੰਚ ਚੀਮਾ (ਖੰਨਾ) ਤੇ ਸੁਰਤਾਨੀ ਕਲਾ ਕੇਂਦਰ ਵੱਲੋਂ ਮਾਲੇਰਕੋਟਲਾ ਤੇ ਲੁਧਿਆਣਾ ਜ਼ਿਲ੍ਹਿਆਂ ਦੇ ਕਈ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਨਾਟਕ ਪ੍ਰਦਰਸ਼ਤ ਕੀਤੇ ਗਏ। ਰਣਜੀਤ ਚੀਮਾ ਤੇ ਬਲਵਿੰਦਰ ਸਿੰਘ ਦਾਊਦਪੁਰ ਨੇ ਦੱਸਿਆ ਕਿ ਨਾਟਕਾਂ ਰਾਹੀਂ ਨਾ ਸਿਰਫ਼ ਜਨਤਾ ਨੂੰ, ਸਗੋਂ ਉਪਰੋਕਤ ਸ਼ਹਿਰਾਂ ਦੇ ਸਰਕਾਰੀ ਹਸਪਤਾਲਾਂ ਵਿੱਚ ਪਹੁੰਚੇ ਲੋਕਾਂ ਨੂੰ ਵੀ ਐੱਚ.ਆਈ.ਵੀ./ਏਡਜ਼ ਤੋਂ ਬਚਾਅ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੀ ਵਿਧਾਇਕਾ ਰਜਿੰਦਰਪਾਲ ਕੌਰ ਛੀਨਾ ਨੇ ਨਾਟਕ ਟੀਮ ਦੀ ਖੂਬ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਜਾਗਰੂਕਤਾ ਗਤੀਵਿਧੀਆਂ ਵੱਖ-ਵੱਖ ਥਾਵਾਂ 'ਤੇ ਹੋਣੀਆਂ ਬਹੁਤ ਜ਼ਰੂਰੀ ਹਨ ਤਾਂ ਜੋ ਲੋਕ ਏਡਜ਼ ਵਰਗੀਆਂ ਬਿਮਾਰੀਆਂ ਤੋਂ ਬਚ ਸਕਣ। ਹਸਪਤਾਲਾਂ ਦੇ ਕੈਂਪਸਾਂ ਤੇ ਸ਼ਹਿਰਾਂ ਦੇ ਸਥਾਨਕ ਲੋਕਾਂ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਗਿਆ। ਨਾਟਕਾਂ ਵਿੱਚ ਗੁਰਮੀਤ ਚੀਮਾ, ਬਲਵਿੰਦਰ ਸਿੰਘ ਦਾਊਦਪੁਰ, ਗੁਰਸੇਵਕ ਸਿੰਘ ਭੰਗੂ ਮੰਗਲੀ, ਨਵਨੀਤ ਕੌਰ ਪਾਰਸ, ਰਣਜੀਤ ਚੀਮਾ, ਗੁਰੀ ਮਕਸੂਦੜਾ, ਜਤਿਨ ਬੱਸੀਆਂ (ਰਾਏਕੋਟ) ਤੇ ਹਰਮਨ ਘੁਦਾਣੀ ਆਦਿ ਕਲਾਕਾਰਾਂ ਨੇ ਆਪਣੀ ਕਲਾ ਰਾਹੀਂ ਦਰਸ਼ਕਾਂ ਨੂੰ ਖੂਬ ਪ੍ਰੇਰਿਤ ਕੀਤਾ। ਮੈਡਮ ਅਮਨਦੀਪ ਕੌਰ ਜਗਰਾਉਂ, ਗੁਰਸੇਵਕ ਕੌਰ ਤੇ ਵੱਖ ਵੱਖ ਐੱਨ.ਜੀ.ਓ. ਦਾ ਇਨ੍ਹਾਂ ਨਾਟਕਾਂ ਵਿੱਚ ਵਿਸ਼ੇਸ਼ ਯੋਗਦਾਨ ਰਿਹਾ।

## ਕਲੱਬ ਮੈਂਬਰਾਂ ਵੱਲੋਂ ਫਰੈਂਡਸ਼ਿਪ ਤੇ ਡੈਮੋਕ੍ਰੇਟਿਕ ਗਰੁੱਪ ਦੇ ਉਮੀਦਵਾਰਾਂ ਦੇ ਹੱਕ 'ਚ ਮੀਟਿੰਗ



**ਪਟਿਆਲਾ (ਰਾਜਿੰਦਰ ਥਿੰਦ)**-ਫਰੈਂਡਸ ਆਫ ਇਨਵਾਇਰਮੈਂਟ ਪਾਰਕ ਦੇ ਪ੍ਰਧਾਨ ਡੀ.ਐੱਸ.ਪੀ. ਜਸਵਿੰਦਰ ਸਿੰਘ ਟਿਵਾਣਾ ਤੇ ਹੋਰ ਮੈਂਬਰਾਂ ਵੱਲੋਂ ਜਿਮਖਾਨਾ ਕਲੱਬ ਦੀਆਂ ਚੋਣਾਂ ਲਈ ਹਰ ਫਰੈਂਡਸ਼ਿਪ ਤੇ ਡੈਮੋਕ੍ਰੇਟਿਕ ਉਮੀਦਵਾਰਾਂ ਦੇ ਹੱਕ ਵਿੱਚ ਵੱਡੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਹਰਸਿਮਰਨ ਸਿੰਘ ਤੁਲੀ, ਹਰਪ੍ਰੀਤ ਸਿੰਘ ਸੰਧੂ, ਕ੍ਰਿਸ਼ਨ ਕੁਮਾਰ ਪੈਂਥੇ ਤੇ ਹੋਰ ਉਮੀਦਵਾਰਾਂ ਨੇ ਪਹੁੰਚ ਕੇ ਆਪਣੇ-ਆਪਣੇ ਹੱਕ ਵਿੱਚ ਵੋਟਾਂ ਮੰਗੀਆਂ। ਇਸ ਮੌਕੇ ਇਨਵਾਇਰਮੈਂਟ ਪਾਰਕ ਵਿਖੇ ਇਕੱਠੇ ਹੋਏ ਕਲੱਬ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਦੇ ਮੈਂਬਰਾਂ ਦੀ ਇੱਕ-ਇੱਕ ਵੋਟ ਸਾਰੇ ਉਮੀਦਵਾਰਾਂ ਦੇ ਹੱਕ ਵਿੱਚ ਭੁਗਤਾਈ ਜਾਵੇਗੀ। ਉਨ੍ਹਾਂ ਫਰੈਂਡਸ਼ਿਪ ਤੇ ਡੈਮੋਕ੍ਰੇਟਿਕ ਦੇ ਸਾਰੇ ਉਮੀਦਵਾਰਾਂ ਦੀ ਜਿੱਤ ਨੂੰ ਪੂਰੀ ਤਰ੍ਹਾਂ ਨਾਲ ਯਕੀਨੀ ਦੱਸਿਆ। ਇਸ ਮੌਕੇ ਆਏ ਹੋਏ ਉਮੀਦਵਾਰਾਂ ਨੇ ਪਾਰਕ ਵਿੱਚ ਇਕੱਠੇ ਹੋਏ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਕਲੱਬ ਹਮੇਸ਼ਾ ਹੀ ਇੱਕ ਪਰਿਵਾਰਕ ਮਾਹੌਲ ਦੀ ਤਰ੍ਹਾਂ ਹੈ ਅਤੇ ਸਾਡੇ ਸਾਰਿਆਂ ਦੀ ਕੋਸ਼ਿਸ਼ ਇਹੀ ਹੈ ਕਿ ਵੱਧ ਤੋਂ ਵੱਧ ਸੁਵਿਧਾਵਾਂ ਦੇ ਕੇ ਮੈਂਬਰਾਂ ਦੀਆਂ ਉਮੀਦਾਂ 'ਤੇ ਖਰਾ ਉਤਰਿਆ ਜਾਵੇ। ਇਸ ਮੌਕੇ ਰੋਹਿਤ ਗੁਪਤਾ, ਮੋਹਿਤ ਢੌਡੀ, ਪਵਨ ਨਾਗਰਥ, ਰਾਹੁਲ ਮਹਿਤਾ, ਆਸ਼ੀਸ਼ ਜੈਨ, ਅਸੀਮ ਜੈਨ, ਐਡ. ਗੁਰਮੀਤ ਸਿੰਘ, ਇੰਜੀ. ਵਿਸ਼ਾਲ ਸਿੰਗਲਾ, ਸਾਹਿਲ ਖੰਨਾ ਤੋਂ ਇਲਾਵਾ ਜਸਬੀਰ ਸਿੰਘ ਗਾਂਧੀ, ਗੁਰਦੀਪ ਸਿੰਘ, ਐਡ. ਬਲਬੀਰ ਸਿੰਘ ਬਲਿੰਗ, ਇੰਦਰਜੀਤ ਸਿੰਘ ਨਾਗਪਾਲ, ਹਰਿੰਦਰ ਸਿੰਘ ਵਾਲੀਆ, ਵਿਜੇ ਸਿੰਘੀ, ਕਮਲੇਸ਼ ਸਿੰਘੀ, ਜਸਪਾਲ ਸਿੰਘ ਢਿੱਲੋਂ, ਹਰਪਾਲ ਸਿੰਘ ਰਿਟ. ਈ.ਟੀ.ਓ., ਡਾ. ਅਨਿਲ ਗਗਰ, ਧਨਵੰਤ ਰਾਏ, ਰਾਹੁਲ ਸ਼ਰਮਾ, ਐਡ. ਗੁਰਬਾਜ ਸਿੰਘ, ਗੁੱਲਣ ਸਿੰਘ, ਡਾ. ਭਾਰਦਵਾਜ ਹਰਿੰਦਰ ਵਾਲੀਆ, ਮਦਨ ਲਾਲ ਸਿੰਗਲਾ ਪ੍ਰਧਾਨ ਚਰਨ ਬਾਗ ਵੈੱਲਫੇਅਰ ਐਸੋਸੀਏਸ਼ਨ ਤੇ ਹੋਰ ਮੈਂਬਰ ਹਾਜ਼ਰ ਸਨ।

## ਪੈਨਸ਼ਨਰ ਦਿਹਾੜਾ 17 ਨੂੰ ਮੰਗਲਾ ਆਸ਼ਰਮ 'ਚ ਮਨਾਇਆ ਜਾਵੇਗਾ : ਡਾ. ਅਮਰਜੀਤ ਸਿੰਘ



**ਧੂਰੀ (ਸੁਖਵੰਤ ਧੂਰੀ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ (ਰਜਿ. 1180) ਧੂਰੀ ਵੱਲੋਂ ਕੌਮੀ ਪੈਨਸ਼ਨਰ ਦਿਵਸ 17 ਦਸੰਬਰ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਮੰਗਲਾ ਆਸ਼ਰਮ (ਗਊ ਸ਼ਾਲਾ) ਵਿੱਚ ਮਨਾਇਆ ਜਾਵੇਗਾ। ਇਸ ਮੌਕੇ ਪੰਜਾਬ ਸਟੇਟ ਪੈਨਸ਼ਨਰ ਕਨਫੈਡਰੇਸ਼ਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਤੇ ਮੁੱਖ ਬੁਲਾਰੇ ਅਤੇ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ, ਸੀਨੀਅਰ ਆਗੂ ਆਰ ਐੱਲ ਪਾਂਧੀ, ਦਰਸ਼ਨ ਸਿੰਘ ਨੌਂਧ ਤੇ ਦਰਸ਼ਨ ਸਿੰਘ ਰੋਗਲਾ ਸਮੇਤ ਪ੍ਰਮੁੱਖ ਆਗੂ ਸ਼ਾਮਲ ਹੋਣਗੇ। ਇਸ ਮੌਕੇ ਪੈਨਸ਼ਨਰ ਮੰਗਾਂ ਮਸਲਿਆਂ ਬਾਰੇ ਚਰਚਾ ਕਰਨ ਦੇ ਨਾਲ ਨਾਲ ਮੈਡੀਕਲ ਬਿਲਾਂ ਤੇ ਪੈਨਸ਼ਨਰਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਹ ਜਾਣਕਾਰੀ ਸਾਂਝੀ ਕਰਦਿਆਂ ਸਕੱਤਰ ਡਾ. ਅਮਰਜੀਤ ਸਿੰਘ ਨੇ ਦੱਸਿਆ ਕਿ ਐਸੋਸੀਏਸ਼ਨ ਦੀ ਇਹ ਮੀਟਿੰਗ ਸਥਾਨਕ ਰਜਨੀਸ਼ ਵਿਖੇ ਸਰਪ੍ਰਸਤ ਹੇਮ ਰਾਜ ਸ਼ਰਮਾ, ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ, ਰਮੇਸ਼ ਸ਼ਰਮਾ, ਚਰਨਜੀਤ ਸਿੰਘ ਕੈਂਥ, ਇੰਦਰਜੀਤ ਸ਼ਰਮਾ, ਗੁਰਦਾਸ ਬਾਂਸਲ, ਸੁਰਜੀਤ ਸਿੰਘ ਘਨੌਰੀ ਤੇ ਸੋਮ ਨਾਥ ਔਜਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਸ਼ਾਨਦਾਰ ਸੱਭਿਆਚਾਰਕ ਗੀਤ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ। ਇਸ ਦੌਰਾਨ ਪੈਨਸ਼ਨਰ ਆਗੂਆਂ ਨੇ ਸਮੂਹ ਪੈਨਸ਼ਨਰ ਸਾਥੀਆਂ ਨੂੰ ਵੱਡੀ ਗਿਣਤੀ ਵਿੱਚ ਪੈਨਸ਼ਨਰ ਦਿਵਸ ਮੌਕੇ ਮੰਗਲਾ ਆਸ਼ਰਮ (ਗਊਸ਼ਾਲਾ) ਵਿੱਚ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਮੌਕੇ ਚਾਹ ਪਾਣੀ ਤੇ ਲੰਗਰ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ਾਮ ਸਿੰਘ ਭੰਡਾਰੀ, ਪ੍ਰਿੰਸੀਪਲ ਸੁਰਿੰਦਰ ਸਿੰਘ, ਨਛੱਤਰ ਸਿੰਘ ਬੇਨੜਾ, ਮੁਰਾਰੀ ਲਾਲ, ਡਾਕਟਰ ਹਰਵਿਲਾਸ ਸਿੰਘ, ਗੁਰਮੇਲ ਸਿੰਘ, ਆਤਮਾ ਸਿੰਘ ਘਨੌਰ, ਕਰਮਜੀਤ ਸਿੰਘ, ਗੁਰਦੀਪ ਸਿੰਘ ਸੈਕਰਵਾਲ, ਮੱਘਰ ਸਿੰਘ, ਤੇਜ ਸਿੰਘ, ਰਾਜ ਕੁਮਾਰ ਗੁਪਤਾ, ਤਰਲੋਚਨ ਸਿੰਘ, ਜਾਗਰ ਸਿੰਘ, ਭਗਵਾਨ ਸਿੰਘ, ਬਲਦੇਵ ਸਿੰਘ, ਨਿਰਮਲ ਸਿੰਘ, ਜੋਰਾ ਸਿੰਘ, ਸਤੀਸ਼ ਕੁਮਾਰ ਸ਼ਰਮਾ, ਰਲਾ ਸਿੰਘ, ਕਰੋੜੀ ਮੱਲ, ਦਰਸ਼ਨ ਸਿੰਘ ਧਾਂਦਰਾ, ਮੇਜਰ ਸਿੰਘ, ਸਰਬਜੀਤ ਸਿੰਘ ਮੀਮਸਾ, ਗੁਰਚਰਨ ਸਿੰਘ ਧਾਂਦਰਾ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

# ਲੋਕ ਅਦਾਲਤਾਂ 'ਚ 19030 ਕੇਸਾਂ ਦਾ ਕੀਤਾ ਨਿਪਟਾਰਾ, 30 ਕਰੋੜ ਤੋਂ ਵੱਧ ਦੇ ਅਵਾਰਡ ਪਾਸ



**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ, ਪਰਵਿੰਦਰ ਜੀਤ ਸਿੰਘ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ, ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਅਤੇ ਸ਼੍ਰੀ ਕਰੁਨੇਸ਼ ਕੁਮਾਰ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਸ. ਬਲਜਿੰਦਰ ਕੌਰ ਮਾਨ ਮਾਨਯੋਗ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਦੁਆਰਾ ਸੈਸ਼ਨਜ਼ ਡਵੀਜ਼ਨ ਬਠਿੰਡਾ ਅਧੀਨ ਸਮੂਹ ਨਿਆਇਕ ਅਦਾਲਤਾਂ ਬਠਿੰਡਾ ਤੇ ਸਬ-ਡਵੀਜ਼ਨ, ਤਲਵੰਡੀ ਅਤੇ ਫੂਲ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਸਥਾਨਕ ਜ਼ਿਲ੍ਹਾ ਕਚਹਿਰੀਆਂ ਵਿਖੇ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਲਈ ਬਠਿੰਡਾ, ਤਲਵੰਡੀ ਤੇ ਫੂਲ ਵਿਖੇ ਦੇ ਨਿਆਇਕ ਅਧਿਕਾਰੀਆਂ ਦੇ ਕੁੱਲ 23 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਤੇ ਪਰਿਵਾਰਕ ਝਗੜੇ ਆਦਿ ਕਿਸਮਾਂ ਦੇ ਕੇਸ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਪ੍ਰੀ-ਲੀਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਜਲ ਸਪਲਾਈ, ਲੇਬਰ ਆਦਿ ਕੇਸ ਵੀ ਲਗਾਏ ਜਾਂਦੇ ਹਨ। ਇਸ ਲੋਕ ਅਦਾਲਤ ਵਿੱਚ ਰਾਜ਼ੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 21016 ਕੇਸ ਸੁਣਵਾਈ ਲਈ ਰੱਖੇ ਗਏ, ਜਿਨ੍ਹਾਂ ਵਿੱਚੋਂ 19030 ਕੁੱਲ ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ ਤੇ 30,38,39,974/- ਰੁਪਏ ਦੀ ਰਕਮ ਦੇ ਅਵਾਰਡ ਪਾਸ ਕੀਤੇ ਗਏ। ਇਸ ਸਬੰਧੀ ਮਿਸ. ਬਲਜਿੰਦਰ ਕੌਰ ਮਾਨ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਨੇ ਦੱਸਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਤੇ ਧਨ ਦੀ ਬਚਤ ਹੋ ਸਕੇ ਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ।

ਲੋਕ ਅਦਾਲਤਾਂ ਰਾਹੀਂ ਫੈਸਲੇ ਹੋਏ ਕੇਸਾਂ ਦੇ ਲਾਭਾਂ 'ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾਂ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ, ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਝਗੜਾ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸਾਂ ਵਿੱਚ ਲਗਾਈ ਗਈ ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ।

## ਭਾਖੜਾ ਨੰਗਲ ਡੈਮ 'ਤੇ ਜਲਦ ਸਥਾਪਤ ਹੋਵੇਗਾ ਸਰ ਛੋਟੂ ਰਾਮ ਦਾ ਬੁੱਤ

### ਬੀ ਬੀ ਐੱਮ ਬੀ ਵੱਲੋਂ ਡੈਮ ਦੇ ਮੁੱਖ ਇੰਜੀਨੀਅਰ ਨੂੰ ਪੱਤਰ ਜਾਰੀ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਬੀਬੀਐੱਮਬੀ ਦੇ ਸਕੱਤਰ ਵੱਲੋਂ ਭਾਖੜਾ ਨੰਗਲ ਡੈਮ ਦੇ ਮੁੱਖ ਇੰਜੀਨੀਅਰ ਨੂੰ ਪੱਤਰ ਜਾਰੀ ਕਰਕੇ ਹਰਿਆਣਾ ਦੇ ਉੱਘੇ ਕਿਸਾਨ ਨੇਤਾ ਸਰ ਛੋਟੂ ਰਾਮ ਦਾ ਬੁੱਤ ਭਾਖੜਾ ਨੰਗਲ ਡੈਮ ਦੇ ਅਜਾਇਬ ਘਰ ਵਿਖੇ ਲਾਉਣ ਦੇ ਆਦੇਸ਼ ਦਿੱਤੇ ਗਏ ਹਨ। ਬੀਬੀਐੱਮਬੀ ਸਕੱਤਰ ਵੱਲੋਂ ਪੱਤਰ ਵਿੱਚ ਕਿਹਾ ਗਿਆ ਹੈ ਕਿ ਡੈਮ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਮਹੱਤਵਪੂਰਨ ਸ਼ਖ਼ਸੀਅਤਾਂ ਦੀਆਂ ਮੂਰਤੀਆਂ ਅਜਾਇਬ ਘਰ ਵਿੱਚ ਲਾਈਆਂ ਜਾਣੀਆਂ ਚਾਹੀਦੀਆਂ ਹਨ। ਧਿਆਨ ਰਹੇ ਕਿ ਜਾਟ ਸਭਾ ਚੰਡੀਗੜ੍ਹ ਲੰਬੇ ਸਮੇਂ ਤੋਂ ਭਾਖੜਾ ਡੈਮ ਤੇ ਕਿਸਾਨ ਸਰ ਛੋਟੂ ਰਾਮ ਦਾ ਬੁੱਤ ਲਾਉਣ ਦੀ ਮੰਗ ਕਰ ਰਹੇ ਸਨ। ਹਰਿਆਣਾ ਦੇ ਜਾਟ ਸਭਾ ਦੇ ਪ੍ਰਧਾਨ ਡਾ. ਐੱਮ ਐੱਸ ਮਲਿਕ ਨੇ ਕਿਹਾ ਕਿ ਸਰ ਛੋਟੂ ਰਾਮ ਨੇ ਆਪਣੀ ਸਾਰੀ ਉਮਰ ਕਿਸਾਨਾਂ ਦੀ ਭਲਾਈ ਲਈ ਲੜਾਈ ਲੜੀ ਤੇ ਭਾਖੜਾ ਡੈਮ ਪ੍ਰੋਜੈਕਟ ਦੀ ਨੀਂਹ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਮਲਿਕ ਨੇ ਦੱਸਿਆ ਕਿ 1930 ਵਿੱਚ ਸਰ ਛੋਟੂ ਰਾਮ ਨੇ ਭਾਖੜਾ ਡੈਮ ਪ੍ਰੋਜੈਕਟ ਦਾ ਬਲੂਪ੍ਰਿੰਟ ਉਸ ਸਮੇਂ ਦੀ ਬ੍ਰਿਟਿਸ਼ ਸਰਕਾਰ ਤੇ ਇੰਜੀਨੀਅਰਾਂ ਨੂੰ ਪੇਸ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਪ੍ਰੋਜੈਕਟ ਨੇ ਦੇਸ਼ ਦੀ ਖੇਤੀ ਪ੍ਰਣਾਲੀ, ਹਰੀ ਕ੍ਰਾਂਤੀ ਤੇ ਕਿਸਾਨਾਂ ਦੀ ਆਰਥਿਕ ਤਰੱਕੀ ਵਿੱਚ ਫੈਸਲਾਕੁੰਨ ਭੂਮਿਕਾ ਨਿਭਾਈ। ਡਾ. ਮਲਿਕ ਨੇ ਦੱਸਿਆ ਕਿ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐੱਮ.ਬੀ.) ਚੰਡੀਗੜ੍ਹ ਨੇ ਹੁਣ ਭਾਖੜਾ ਡੈਮ ਦੇ ਮੁੱਖ ਇੰਜੀਨੀਅਰ ਨੂੰ ਡੈਮ ਦੇ ਅਜਾਇਬ ਘਰ ਵਿੱਚ ਸਰ ਛੋਟੂ ਰਾਮ ਦਾ ਬੁੱਤ ਸਥਾਪਤ ਕਰਨ ਦਾ ਨਿਰਦੇਸ਼ ਦਿੱਤੇ ਹਨ। ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਾਡੀ ਅਗਲੀ ਪੀੜ੍ਹੀ ਨੂੰ ਕਿਸਾਨਾਂ ਦੇ ਮਸੀਹਾ ਸਰ ਛੋਟੂ ਰਾਮ ਦੇ ਯੋਗਦਾਨ ਤੋਂ ਜਾਣੂ ਕਰਵਾਉਣਾ ਹਰਿਆਣਾ ਰਾਜ ਲਈ ਮਾਣ ਵਾਲੀ ਗੱਲ ਹੈ।

## ਬੀ ਡੀ ਪੀ ਓ ਦਫ਼ਤਰ ਵਿਖੇ ਪੈਨਸ਼ਨ ਸੇਵਾ ਮੇਲਾ ਲਗਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਰਕਾਰ ਦੇ ਵਿੱਤ ਵਿਭਾਗ ਅਧੀਨ ਡਾਇਰੈਕਟਰ ਖ਼ਜ਼ਾਨਾ ਤੇ ਲੇਖਾ ਸ਼ਾਖਾ ਸ੍ਰੀ ਅਰਵਿੰਦ ਕੁਮਾਰ ਐੱਮ. ਕੇ. ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੈਨਸ਼ਨ ਸੇਵਾ ਮੇਲੇ ਦੇ ਦੂਜੇ ਪੜਾਅ ਤਹਿਤ ਬੀ.ਡੀ.ਪੀ.ਓ. ਦਫ਼ਤਰ ਮਹਿਲ ਕਲਾਂ ਵਿਖੇ ਪੈਨਸ਼ਨਰ ਯੂਨੀਅਨ ਦੇ ਸਹਿਯੋਗ ਨਾਲ ਪੈਨਸ਼ਨ ਸੇਵਾ ਮੇਲਾ ਲਗਾਇਆ ਗਿਆ। ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਬਲਵੰਤ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਪੈਨਸ਼ਨਰ ਸੇਵਾ ਮੇਲੇ ਤੋਂ ਕਰੀਬ 60 ਪੈਨਸ਼ਨਰਾਂ ਨੇ ਲਾਭ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਤੇ ਲੰਬਿਤ ਮਾਮਲਿਆਂ ਨੂੰ ਸਧਾਰਨ, ਪਾਰਦਰਸ਼ੀ ਤੇ ਤੁਰੰਤ ਢੰਗ ਨਾਲ ਹੱਲ ਕਰਨਾ ਹੈ, ਇਸ ਲਈ ਅਜਿਹੇ ਮੇਲੇ ਬਹੁਤ ਕਾਰਗਰ ਸਾਬਿਤ ਹੋ ਰਹੇ ਹਨ। ਇਸ ਮੌਕੇ ਪੈਨਸ਼ਨਰ ਵੈੱਲਫੇਅਰ ਬਲਾਕ ਮਹਿਲ ਕਲਾਂ ਦੇ ਪ੍ਰਧਾਨ ਦਰਸ਼ਨ ਸਿੰਘ ਪੰਡੋਰੀ ਨੇ ਜ਼ਿਲ੍ਹਾ ਖ਼ਜ਼ਾਨਾ ਦਫਤਰ ਬਰਨਾਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਖ਼ਜ਼ਾਨਾ ਦਫ਼ਤਰ ਦੇ ਕਰਮਚਾਰੀਆਂ ਵੱਲੋਂ ਬਹੁਤ ਹੀ ਮਿਹਨਤ ਤੇ ਨਿਸ਼ਠਾ ਨਾਲ ਸੇਵਾਵਾਂ ਨਿਭਾਈਆਂ ਗਈਆਂ, ਜਿਸ ਕਾਰਨ ਪੈਨਸ਼ਨਰਾਂ ਨੂੰ ਵੱਡੀ ਸਹੂਲਤ ਮਿਲੀ ਹੈ।

## ਕ੍ਰਿਕਟਰ ਗੁਣਸਾਖੀ ਤੇ ਜਪਨੀਤ ਦੀ ਪੰਜਾਬ ਅੰਡਰ-15 ਕੈਂਪ ਲਈ ਚੋਣ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਬੀਸੀਸੀਆਈ ਦੁਆਰਾ ਕਰਵਾਈ ਜਾਣ ਵਾਲੀ ਅੰਤਰ ਜ਼ਿਲ੍ਹਾ (ਨੈਸ਼ਨਲ ਪੱਧਰੀ) ਅੰਡਰ-15 ਲੜਕੀਆਂ ਦੀ ਕ੍ਰਿਕਟ ਟੀਮ ਲਈ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੁਆਰਾ ਲਾਏ ਜਾਣ ਵਾਲੇ ਅਭਿਆਸ ਕੈਂਪ ਵਿੱਚ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮੁਕਤਸਰ ਦੀਆਂ ਦੋ ਖਿਡਾਰਨਾਂ ਦੀ ਚੋਣ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮੁਕਤਸਰ ਐਸੋਸੀਏਸ਼ਨ ਦੇ ਪ੍ਰੈੱਸ ਸਕੱਤਰ ਵਿਜੇ ਕੁਮਾਰ ਨੇ ਦੱਸਿਆ ਕਿ ਲੜਕੀਆਂ ਦੇ ਪੀ.ਸੀ.ਏ. ਅੰਤਰ ਜ਼ਿਲ੍ਹਾ ਅੰਡਰ-15 ਕ੍ਰਿਕਟ ਟੂਰਨਾਮੈਂਟ ਵਿੱਚ ਵਧੀਆ ਪ੍ਰਦਰਸ਼ਨ ਕਰਨ ਤੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮੁਕਤਸਰ ਦੀਆਂ 2 ਖਿਡਾਰਨਾਂ, ਗੁਣਸਾਖੀ ਕੌਰ ਤੇ ਜਪਨੀਤ ਕੌਰ ਦੀ ਚੋਣ ਪ੍ਰੈਕਟਿਸ ਕੈਂਪ ਦੇ ਲਈ ਹੋਈ ਹੈ ਜੋ ਕਿ ਆਈ ਐੱਸ ਬਿੰਦਰਾ ਕ੍ਰਿਕਟ ਸਟੇਡੀਅਮ ਮੋਹਾਲੀ ਵਿਖੇ 15 ਦਸੰਬਰ ਤੋਂ ਮੁੱਖ ਕੋਚ ਮੈਡਮ ਬਲਜੀਤ ਕੌਰ ਦੀ ਦੇਖ-ਰੇਖ ਵਿੱਚ ਚੱਲਣ ਵਾਲੇ ਅਭਿਆਸ ਕੈਂਪ ਵਿੱਚ ਭਾਗ ਲੈਣਗੇ। ਇਸ ਕੈਂਪ ਵਿੱਚ ਵਧੀਆ ਪ੍ਰਦਰਸ਼ਨ ਕਰਨ ਤੇ ਇਸ ਵਿੱਚੋਂ ਪੰਜਾਬ ਦੀ ਅੰਡਰ-15 ਸਾਲ ਦੀ ਟੀਮ ਦੀ ਚੋਣ ਹੋਵੇਗੀ। ਵਧੇਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮੁਕਤਸਰ ਦੇ ਜਨਰਲ ਸਕੱਤਰ ਨੇ ਦੱਸਿਆ ਕਿ ਇਨ੍ਹਾਂ ਅਭਿਆਸ ਮੈਚਾਂ ਵਿੱਚ ਬੱਚਿਆਂ ਨੂੰ ਖੇਡਣ ਦਾ ਮੌਕਾ ਮਿਲੇਗਾ ਤੇ ਵਧੀਆ ਪ੍ਰਦਰਸ਼ਨ ਕਰਨ 'ਤੇ ਖਿਡਾਰਨਾਂ ਨੂੰ ਪੰਜਾਬ ਦੀ ਟੀਮ ਵਿੱਚ ਖੇਡਣ ਦਾ ਮੌਕਾ ਦਿੱਤਾ ਜਾਵੇਗਾ। ਇਸ ਸਮੇਂ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦੇ ਸਾਰੇ ਅਹੁਦੇਦਾਰ, ਮੈਂਬਰ ਸਾਹਿਬਾਨ, ਸਿਲੈਕਟਰ ਤੇ ਕੋਚ ਸਾਹਿਬਾਨਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਨੈਸ਼ਨਲ ਲੋਕ ਅਦਾਲਤ 'ਚ ਕੁੱਲ 5033 ਕੇਸਾਂ ਦਾ ਕੀਤਾ ਨਿਪਟਾਰਾ

### 12.84 ਕਰੋੜ ਰੁਪਏ ਤੋਂ ਵਧੇਰੇ ਦੇ ਅਵਾਰਡ ਪਾਸ



**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਮੋਗਾ ਅਤੇ ਸਬ-ਡਵੀਜ਼ਨਾਂ ਬਾਘਾ ਪੁਰਾਣਾ ਤੇ ਨਿਹਾਲ ਸਿੰਘ ਵਾਲਾ ਵਿਖੇ ਅਸ਼ਵਨੀ ਕੁਮਾਰ ਮਿਸ਼ਰਾ, ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ-ਕਮ-ਚੇਅਰਮੈਨ ਅਤੇ ਮਿਸ ਨਵਜੋਤ ਕੌਰ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਮਿਸ ਨੀਲਮ ਅਰੋੜਾ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਗਵਾਈ ਹੇਠ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਲੋਕ ਅਦਾਲਤ ਵਿੱਚ ਵੱਖਰੇ-ਵੱਖਰੇ ਕੁੱਲ 16 ਬੈਂਚ ਬਣਾਏ ਗਏ। ਇਨ੍ਹਾਂ ਬੈਂਚਾਂ ਵਿੱਚ 1 ਬੈਂਚ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਮੋਗਾ, 4 ਬੈਂਚ ਰੈਵੇਨਿਊ ਕੇਸਾਂ ਦੇ ਤੇ ਸੈਸ਼ਨ ਡਵੀਜ਼ਨ ਮੋਗਾ ਸਮੇਤ ਬਾਘਾ ਪੁਰਾਣਾ ਤੇ ਨਿਹਾਲ ਸਿੰਘ ਵਾਲਾ ਸਬ ਡਵੀਜ਼ਨਾਂ ਦੇ ਵੱਖ-ਵੱਖ 11 ਬੈਂਚ ਬਣਾਏ ਗਏ। ਇਸ ਲੋਕ ਅਦਾਲਤ ਸਬੰਧੀ ਜਾਣਕਾਰੀ ਦਿੰਦੇ ਹੋਏ ਸੀ. ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਿਸ ਕਿਰਨ ਜਯੋਤੀ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਵੱਖ-ਵੱਖ ਬੈਂਚਾਂ ਵਿੱਚ ਕੁੱਲ 6733 ਕੇਸ ਰੱਖੇ ਗਏ, ਜਿਨ੍ਹਾਂ ਵਿੱਚੋਂ 4157 ਪ੍ਰੀ-ਲਿਟੀਗੇਟਿਵ ਤੇ 876 ਪੈਂਡਿੰਗ ਕੇਸਾਂ ਦਾ ਮੌਕੇ 'ਤੇ ਆਪਸੀ ਰਜ਼ਾਮੰਦੀ ਨਾਲ ਰਾਜ਼ੀਨਾਮਾ ਕਰਵਾਇਆ ਗਿਆ ਅਤੇ ਕੁੱਲ 12 ਕਰੋੜ 84 ਲੱਖ 24 ਹਜ਼ਾਰ 822 ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਉਨ੍ਹਾਂ ਜਾਣਕਾਰੀ ਦਿੱਤੀ ਕਿ ਇਹਨਾਂ ਲੋਕ ਅਦਾਲਤਾਂ ਰਾਹੀਂ ਆਮ ਲੋਕਾਂ ਨੂੰ ਬਹੁਤ ਸਾਰੇ ਫਾਇਦੇ ਹੁੰਦੇ ਹਨ, ਕਿਉਂਕਿ ਇਸ ਵਿੱਚ ਰਾਜ਼ੀਨਾਮਾ ਕਰਨ ਨਾਲ ਆਪਸੀ ਭਾਈਚਾਰਾ ਵੀ ਵਧਦਾ ਹੈ ਅਤੇ ਪੈਸੇ ਦੀ ਵੀ ਬੱਚਤ ਹੁੰਦੀ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਲੋਕ ਅਦਾਲਤਾਂ ਦੇ ਫੈਸਲੇ ਖਿਲਾਫ ਕੋਈ ਵੀ ਅਪੀਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੱਸਿਆ ਕਿ ਅਗਲੀ ਨੈਸ਼ਨਲ ਲੋਕ ਅਦਾਲਤ 14 ਮਾਰਚ 2026 ਨੂੰ ਲਗਾਈ ਜਾਵੇਗੀ।

# ਕੌਮੀ ਲੋਕ ਅਦਾਲਤ 'ਚ 12994 ਕੇਸਾਂ ਦਾ ਨਿਪਟਾਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਮਾਨਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਦਿੱਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੇ ਹਿੰਦੁਸਤਾਨ ਵਿੱਚ ਕੌਮੀ ਲੋਕ ਅਦਾਲਤ ਲਗਾਈ ਗਈ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸੁਮੀਤ ਮਲਹੋਤਰਾ ਮਾਨਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸਾਹਿਬ ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਫਿਰੋਜ਼ਪੁਰ ਜ਼ਿਲ੍ਹੇ ਦੀਆਂ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ, ਜਿਸ ਦੇ ਤਹਿਤ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕੁੱਲ 17 ਬੈਂਚ ਬਣਾਏ ਗਏ, ਜਿਨ੍ਹਾਂ ਵਿੱਚ ਸੈਸ਼ਨ ਡਵੀਜ਼ਨ ਫਿਰੋਜ਼ਪੁਰ ਦੀਆਂ ਅਦਾਲਤਾਂ ਵਿੱਚ 11 ਬੈਂਚ, ਸਥਾਈ ਲੋਕ ਅਦਾਲਤ ਵਿਖੇ 1 ਬੈਂਚ, ਜ਼ੀਰਾ ਵਿਖੇ 3 ਬੈਂਚ ਤੇ ਗੁਰੂ ਹਰਸਹਾਏ ਵਿਖੇ 2 ਬੈਂਚ ਬਣਾਏ ਗਏ ਹਨ। ਜਾਣਕਾਰੀ ਮੁਤਾਬਿਕ ਇਸ ਲੋਕ ਅਦਾਲਤ ਵਿੱਚ ਕੁੱਲ 22017 ਕੇਸ ਲਗਾਏ ਗਏ, ਜਿਨ੍ਹਾਂ ਵਿੱਚੋਂ 12994 ਕੇਸਾਂ ਦਾ ਨਿਪਟਾਰਾ ਕੀਤਾ ਗਿਆ।

ਇਸ ਲੋਕ ਅਦਾਲਤ ਵਿੱਚ ਵੱਖ ਵੱਖ ਤਰ੍ਹਾਂ ਦੇ ਕੇਸਾਂ ਦਾ ਜਿਵੇਂ ਕਿ ਦੀਵਾਨੀ ਕੇਸ, ਰਾਜ਼ੀਨਾਮਾ ਹੋਣ ਯੋਗ ਫੌਜ਼ਦਾਰੀ ਕੇਸ, ਚੈੱਕ ਬਾਊਂਸ, ਰਿਕਵਰੀ ਦੇ ਕੇਸ, ਟ੍ਰੈਫਿਕ ਚਲਾਨ ਤੇ ਘਰੇਲੂ ਝਗੜਿਆਂ ਦੇ ਕੇਸ, ਇਖਰਾਜ ਰਿਪੋਰਟਾਂ, ਅਦਮਪਤਾ ਰਿਪੋਰਟਾਂ, ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਕੇਸ ਤੇ ਪ੍ਰੀ ਲਿਟੀਗੇਟਿਵ ਕੇਸ, ਜਿਨ੍ਹਾਂ ਵਿੱਚ ਬੈਂਕ ਰਿਕਵਰੀ ਪ੍ਰਾਈਵੇਟ ਫਾਇਨਾਂਸ ਕੰਪਨੀ, ਮੋਬਾਇਲ ਤੇ ਟੈਲੀਫੋਨ ਕੰਪਨੀਆਂ ਦੇ ਕੇਸਾਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਦੇ ਨਾਲ ਕੀਤਾ ਗਿਆ। ਲੋਕ ਅਦਾਲਤ ਵਿੱਚ ਆਉਣ ਵਾਲੇ ਲੋਕਾਂ ਦੀ ਮੱਦਦ ਤੇ ਪੁੱਛਗਿੱਛ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਕੋਰਟ ਕੰਪਲੈਕਸ, ਫਿਰੋਜ਼ਪੁਰ ਦੇ ਪਬਲਿਕ ਐਂਟਰੀ ਗੇਟ ਉੱਪਰ ਇੱਕ ਹੈਲਪ ਡੈਸਕ ਵੀ ਲਗਾਇਆ ਗਿਆ ਤਾਂ ਜੋ ਲੋਕਾਂ ਨੂੰ ਸੁਖਾਲਾ ਕੀਤਾ ਜਾ ਸਕੇ। ਇਸੇ ਤਰ੍ਹਾਂ ਹੀ ਦੋਵਾਂ ਸਬ ਡਵੀਜ਼ਨਾਂ ਜ਼ੀਰਾ ਤੇ ਗੁਰੂ ਹਰਸਹਾਏ ਵਿਖੇ ਵੀ ਹੈਲਪ ਡੈਸਕ ਲਗਾਏ ਗਏ। ਲੋਕ ਅਦਾਲਤ ਵਿੱਚ ਫੈਸਲਾ ਹੋਏ ਕੇਸਾਂ ਦੀ ਕੋਈ ਅਪੀਲ ਦਲੀਲ ਨਹੀਂ ਹੈ।

ਲੋਕ ਅਦਾਲਤ ਵਿੱਚ ਹੋਏ ਫੈਸਲੇ ਨੂੰ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਅਤੇ ਇਹ ਫੈਸਲੇ ਤਸੱਲੀਬਖਸ਼ ਹੁੰਦੇ ਹਨ ਤੇ ਧਿਰਾਂ ਨੂੰ ਮੁੱਕਦਮੇਬਾਜ਼ੀ ਤੋਂ ਮੁਕਤੀ ਮਿਲਦੀ ਹੈ ਅਤੇ ਹੋਰ ਕਈ ਮਾਨਸਿਕ ਪ੍ਰੇਸ਼ਾਨੀਆਂ ਤੋਂ ਧਿਰਾਂ ਨੂੰ ਮੁਕਤੀ ਮਿਲਦੀ ਹੈ। ਦੋਵੇਂ ਧਿਰਾਂ ਆਪਣੇ ਆਪ ਨੂੰ ਜੇਤੂ ਮਹਿਸੂਸ ਕਰਦੀਆਂ ਹਨ ਤੇ ਕਿਸੇ ਵੀ ਧਿਰ ਦੀ ਹਾਰ ਨਹੀਂ ਹੁੰਦੀ।

# ਝਾੜ ਸਾਹਿਬ ਕਾਲਜ ਵਿਖੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਕਰਵਾਏ



**ਮਾਛੀਵਾੜਾ ਸਾਹਿਬ/ਸਮਰਾਲਾ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ/ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਸਪੋਰਟਸ ਵਿਭਾਗ ਦੇ ਇੰਚਾਰਜ ਰਣਬੀਰ ਸਿੰਘ ਸੋਮਲ ਤੇ ਖੇਡ ਮੰਤਰਾਲਾ ਭਾਰਤ ਸਰਕਾਰ 'ਮੇਰਾ ਯੁਵਾ ਭਾਰਤ' ਵੱਲੋਂ ਡਿਪਟੀ ਡਾਇਰੈਕਟਰ ਰਸਮੀਤ ਕੌਰ ਤੇ ਬਲਾਕ ਇੰਚਾਰਜ ਕਿਰਨਜੀਤ ਕੌਰ ਦੇ ਯਤਨਾਂ ਸਦਕਾ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਲੁਧਿਆਣਾ ਦੇ ਵੱਖ-ਵੱਖ ਬਲਾਕ ਤੋਂ 100 ਦੇ ਕਰੀਬ ਜੇਤੂ ਖਿਡਾਰੀ ਤੇ ਖਿਡਾਰਨਾਂ ਨੇ ਭਾਗ ਲਿਆ। ਇਨ੍ਹਾਂ ਨੂੰ ਆਸ਼ੀਰਵਾਦ ਦੇਣ ਲਈ ਮਾਤਾ ਗੁਰਦੇਵ ਕੌਰ ਸ਼ਾਹੀ ਸਪੋਰਟਸ ਕਾਲਜ ਦੇ ਡਾਇਰੈਕਟਰ ਡਾ. ਗੁਰਵੀਰ ਸਿੰਘ ਸ਼ਾਹੀ ਉਚੇਚੇ ਤੌਰ 'ਤੇ ਪੁੱਜੇ, ਜਿਨ੍ਹਾਂ ਨੂੰ ਡਾ. ਸੁਨੀਤਾ ਕੌਸ਼ਲ ਮੁਖੀ ਸਮਾਜ ਸ਼ਾਸਤਰ ਵਿਭਾਗ ਤੇ ਮੁਕੇਸ਼ ਸ਼ਰਮਾ ਵੱਲੋਂ 'ਜੀ ਆਇਆਂ' ਆਖਿਆ ਗਿਆ। ਕਾਲਜ 'ਚ ਹੋਏ ਲੜਕੀਆਂ ਦੇ ਮੁਕਾਬਲਿਆਂ ਵਿੱਚ ਕਾਲਜ ਦੀ ਵਾਲੀਬਾਲ ਟੀਮ ਨੇ ਵਿਰੋਧੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ, ਰੱਸਾਕਸੀ ਦੀ ਟੀਮ ਨੇ ਪਹਿਲਾ ਸਥਾਨ ਤੇ ਸੰਤ ਬਾਬਾ ਪਿਆਰਾ ਸਿੰਘ ਫਾਊਂਡੇਸ਼ਨ ਝਾੜ ਸਾਹਿਬ ਨੇ ਦੂਜਾ ਸਥਾਨ, ਬੈਡਮਿੰਟਨ ਵਿੱਚ ਵਰਨੀਤ ਕੌਰ ਨੇ ਪਹਿਲਾ, ਅਮਨਜੋਤ ਕੌਰ ਨੇ ਦੂਜਾ ਸਥਾਨ, 1600 ਮੀਟਰ ਰੇਸ 'ਚ ਗੁਰਪ੍ਰੀਤ ਕੌਰ ਨੇ ਪਹਿਲਾ, ਸਿਮਰਨਜੀਤ ਕੌਰ ਨੇ ਦੂਜਾ ਤੇ ਅਮਨਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਲੰਮੀ ਛਾਲ ਵਿੱਚ ਸਿਮਰਨਜੀਤ ਕੌਰ ਨੇ ਪਹਿਲਾ, ਤਨਵੀਰ ਕੌਰ ਨੇ ਦੂਜਾ ਤੇ ਅਮਨਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 200 ਮੀਟਰ ਰੇਸ 'ਚ ਕਿਰਨਦੀਪ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੂੰਮਕਲਾਂ ਨੇ ਪਹਿਲਾ ਤੇ ਸਿਮਰਨਦੀਪ ਕੌਰ ਝਾੜ ਸਾਹਿਬ ਕਾਲਜ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਪ੍ਰਕਾਰ ਲੜਕਿਆਂ ਦੇ ਰੱਸਾਕਸੀ ਮੁਕਾਬਲਿਆਂ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੂੰਮਕਲਾਂ ਨੇ ਪਹਿਲਾ ਤੇ ਸਰਕਾਰੀ ਸੀਨੀਅਰ ਸੈਕੰਡਰੀ ਕੋਟਾਲਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਫੁੱਟਬਾਲ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਾਲਾ ਨੇ ਪਹਿਲਾ ਤੇ ਕੂੰਮਕਲਾਂ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ।

ਵਾਲੀਬਾਲ 'ਚ ਸਰਕਾਰੀ ਸਕੂਲ ਕੂੰਮਕਲਾਂ ਨੇ ਪਹਿਲਾ ਤੇ ਸੰਤ ਬਾਬਾ ਪਿਆਰਾ ਸਿੰਘ ਫਾਊਂਡੇਸ਼ਨ ਝਾੜ ਸਾਹਿਬ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਖੇਡਾਂ ਦੀ ਸਮਾਪਤੀ ਤੋਂ ਬਾਅਦ ਡਾ. ਗੁਰਵੀਰ ਸਿੰਘ ਸ਼ਾਹੀ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਦੀ ਰਸਮ ਅਦਾ ਕੀਤੀ ਗਈ। ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਕਿਹਾ ਕਿ ਇਨ੍ਹਾਂ ਖੇਡਾਂ ਦਾ ਮਕਸਦ ਸਿਹਤ ਨੂੰ ਤੰਦਰੁਸਤ ਰੱਖਣਾ ਤੇ ਵਿਦਿਆਰਥਣਾਂ ਨੂੰ ਖੇਡਾਂ ਨਾਲ ਜੋੜਨਾ ਹੈ। ਇਸ ਮੌਕੇ ਖੇਡਾਂ ਨੂੰ ਸੁਚਾਰੂ ਰੂਪ 'ਚ ਕਰਵਾਉਣ ਲਈ ਅਸਿ. ਪ੍ਰੋ. ਅਮਨਦੀਪ ਕੌਰ, ਅਸਿ. ਪ੍ਰੋ. ਆਰਤੀ ਰਾਣੀ, ਸੁਖਵੀਰ ਸਿੰਘ, ਰਜਿੰਦਰ ਸਿੰਘ ਤੇ ਹੋਰ ਸਟਾਫ਼ ਨੇ ਸਹਿਯੋਗ ਦਿੱਤਾ। ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਨੇ ਸਪੋਰਟਸ ਵਿਭਾਗ ਵੱਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

## ਪੁੱਡਾ ਇਨਕਲੇਵ ਕਲੱਬ ਮੈਂਬਰਾਂ ਵੱਲੋਂ ਫਰੈਂਡਸ਼ਿਪ ਤੇ ਡੈਮੋਕ੍ਰੇਟਿਵ ਗਰੁੱਪ ਦੇ ਉਮੀਦਵਾਰਾਂ ਦਾ ਸਮਰਥਨ



**ਪਟਿਆਲਾ (ਰਾਜਿੰਦਰ ਥਿੰਦ)**-ਆਗਾਮੀ ਜਿਮਖਾਨਾ ਕਲੱਬ ਚੋਣਾਂ ਦੇ ਸੰਬੰਧ ਵਿੱਚ ਫਰੈਂਡਸ਼ਿਪ ਤੇ ਡੈਮੋਕ੍ਰੇਟਿਕ ਵੱਲੋਂ ਡਾ. ਹਰਸਿਮਰਨ ਸਿੰਘ ਤੁਲੀ, ਹਰਪ੍ਰੀਤ ਸਿੰਘ ਸੰਧੂ ਗਰੁੱਪ ਦੇ ਮੈਂਬਰਾਂ ਨੇ ਪੁੱਡਾ ਇਨਕਲੇਵ ਵਿਖੇ ਪਹੁੰਚ ਕੇ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਵੋਟਾਂ ਮੰਗੀਆਂ। ਇਸ ਮੌਕੇ 60 ਤੋਂ ਵੱਧ ਇਕੱਠੇ ਹੋਏ ਪੁੱਡਾ ਇਨਕਲੇਵ ਵਾਸੀਆਂ ਨੇ ਸਮਰਥਨ ਦਾ ਐਲਾਨ ਕਰਦੇ ਹੋਏ ਆਏ ਹੋਏ ਕਲੱਬ ਉਮੀਦਵਾਰਾਂ ਨੂੰ ਯਕੀਨ ਦਿਵਾਇਆ ਕਿ ਅਗਾਮੀ 20 ਦਸੰਬਰ ਨੂੰ ਉਨ੍ਹਾਂ ਦੀ ਇੱਕ ਇੱਕ ਵੋਟ ਫਰੈਂਡਸ਼ਿਪ ਤੇ ਡੈਮੋਕ੍ਰੇਟਿਕ ਗਰੁੱਪ ਦੇ ਉਮੀਦਵਾਰਾਂ ਦੇ ਹੱਕ ਵਿੱਚ ਭੁਗਤੇਗੀ। ਇਸ ਮੌਕੇ ਡਾ. ਤੁਲੀ, ਸੰਧੂ ਤੇ ਕੇ ਕੇ ਪੈਂਥੇ ਨੇ ਬੋਲਦਿਆਂ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਕਲੱਬ ਦੀ ਬਿਹਤਰੀ ਲਈ ਕੰਮ ਕਰਨਾ ਤੇ ਮੈਂਬਰਾਂ ਨੂੰ ਵਧੀਆ ਸੁਵਿਧਾਵਾਂ ਪ੍ਰਦਾਨ ਕਰਨਾ ਹੈ, ਜਿਸ ਲਈ ਉਨ੍ਹਾਂ ਦੀ ਸਮੁੱਚੀ ਟੀਮ ਸਦਾ ਹੀ ਵਚਨਬੱਧ ਰਹੇਗੀ। ਇਸ ਮੌਕੇ ਰੋਹਿਤ ਗੁਪਤਾ, ਮੋਹਿਤ ਢੌਡੀ, ਪਵਨ ਨਾਗਰਥ, ਰਾਹੁਲ ਮਹਿਤਾ, ਆਸ਼ੀਸ਼ ਜੈਨ, ਅਸੀਮ ਜੈਨ, ਐਡ. ਗੁਰਮੀਤ ਸਿੰਘ, ਇੰਜੀ. ਵਿਸ਼ਾਲ ਸਿੰਗਲਾ, ਸਾਹਿਲ ਖੰਨਾ ਤੋਂ ਇਲਾਵਾ ਗੁਰਦੇਵ ਸਿੰਘ ਧਾਲੀਵਾਲ, ਪ੍ਰਿਤਪਾਲ ਸਿੰਘ ਥਿੰਦ, ਦਲਬੀਰ ਸਿੰਘ ਗਰੇਵਾਲ, ਅਸ਼ੋਕ ਰੋਣੀ, ਸਤਵਿੰਦਰ ਸਿੰਘ ਸੈਣੀ, ਇੰਦਰਜੀਤ ਸਿੰਘ ਗਿੱਲ, ਸੰਜੀਵ ਮਲਹੋਤਰਾ, ਰਾਮ ਪ੍ਰਕਾਸ਼ ਪੱਪਾ, ਪੰਕਜ ਸਚਦੇਵਾ, ਸੋਹਨ ਸਿੰਘ, ਡਾ. ਸ਼ਾਮ ਸੁੰਦਰ, ਵੀਨਸ ਜਿੰਦਲ ਆਦਿ ਹਾਜ਼ਰ ਸਨ।

## ਰਾਜ ਪੱਧਰੀ 'ਵੀਰ ਬਾਲ ਦਿਵਸ' ਮੁਕਾਬਲੇ 'ਚ ਜ਼ਿਲ੍ਹਾ ਮੁਕਤਸਰ ਨੇ ਦੂਜਾ ਸਥਾਨ ਜਿੱਤਿਆ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਾਲ ਭਲਾਈ ਕੌਂਸਲ ਪੰਜਾਬ ਵੱਲੋਂ ਰਾਜ ਪੱਧਰੀ ਵੀਰ ਬਾਲ ਦਿਵਸ-2025 ਸਬੰਧੀ ਮੁਕਾਬਲੇ ਲੁਧਿਆਣਾ ਵਿਖੇ ਕਰਵਾਏ ਗਏ ਤੇ ਇਨ੍ਹਾਂ ਮੁਕਾਬਲਿਆਂ ਦੌਰਾਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਅਭਿਜੀਤ ਕਪਲਿਸ਼ ਵੱਲੋਂ ਰਾਜ ਪੱਧਰੀ ਬਾਲ ਦਿਵਸ-2025 ਦੇ ਮੁਕਾਬਲਿਆਂ ਦੌਰਾਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਵੱਲੋਂ ਦੂਜਾ ਸਥਾਨ ਪ੍ਰਾਪਤ ਕਰਨ 'ਤੇ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ ਇਹ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਮਿਹਨਤ ਦਾ ਨਤੀਜਾ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਜਸਪਾਲ ਮੋਂਗਾ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਜਿੰਦਰ ਕੁਮਾਰ ਸੋਨੀ ਨੇ ਜੇਤੂ ਵਿਦਿਆਰਥੀਆਂ, ਗਾਈਡ ਅਧਿਆਪਕ, ਸਕੂਲ ਪ੍ਰਿੰਸੀਪਲ, ਜ਼ਿਲ੍ਹਾ ਨੋਡਲ ਤੇ ਸਹਾਇਕ ਨੋਡਲ ਨੂੰ ਇਸ ਉਪਲੱਬਧੀ 'ਤੇ ਵਧਾਈ ਦਿੱਤੀ। ਇਸ ਮੌਕੇ ਵਧੇਰੇ ਜਾਣਕਾਰੀ ਸਾਂਝੀ ਕਰਦਿਆਂ ਜ਼ਿਲ੍ਹਾ ਪੱਧਰੀ ਵੀਰ ਬਾਲ ਦਿਵਸ 2025 ਦੇ ਨੋਡਲ ਅਫ਼ਸਰ ਰਾਜ ਕੁਮਾਰ ਤੇ ਸਹਾਇਕ ਨੋਡਲ ਅਫ਼ਸਰ ਪਰਵੀਨ ਕੁਮਾਰ ਸ਼ਰਮਾ ਨੇ ਦੱਸਿਆ ਕਿ ਰਾਜ ਪੱਧਰੀ ਸਮਾਗਮ ਦੌਰਾਨ ਸਕਿੱਟ, ਸ਼ਬਦ ਗਾਇਨ, ਡੈਕਲਾਮੇਸ਼ਨ ਤੇ ਪੋਸਟਰ ਮੇਕਿੰਗ ਮੁਕਾਬਲੇ ਹੋਏ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੇ ਸਕਿੱਟ ਮੁਕਾਬਲਿਆਂ ਦੌਰਾਨ ਰਾਜ ਪੱਧਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਇਹ ਸਕਿੱਟ ਯੁੱਧ ਨਸ਼ਿਆਂ ਵਿਰੁੱਧ ਥੀਮ 'ਤੇ ਅਧਾਰਤ ਸੀ ਅਤੇ ਬਾਲ ਭਲਾਈ ਕੌਂਸਲ ਪੰਜਾਬ ਦੀ ਚੇਅਰਪਰਸਨ, ਪ੍ਰਜਕਤਾ ਨੀਲਕੰਠ ਅਵਾਹਦ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਮੈਡਲ ਨਾਲ ਸਨਮਾਨਤ ਕੀਤਾ ਗਿਆ।

## ਹੋਲੀ ਹਾਰਟ 'ਚ ਰੰਗਾਂ ਦੀ ਪਹਿਚਾਣ ਸੰਬੰਧੀ ਗਤੀਵਿਧੀ ਕਰਵਾਈ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਨੰਨ੍ਹੇ ਮੁੰਨੇ ਬੱਚਿਆਂ ਦੀ ਸਿੱਖਿਆ ਨੂੰ ਹੋਰ ਦਿਲਚਸਪ ਤੇ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਰੰਗਾਂ ਦੀ ਪਹਿਚਾਣ ਸੰਬੰਧੀ ਇਕ ਵਿਸ਼ੇਸ਼ ਤੇ ਰੰਗ-ਬਰੰਗੀ ਗਤੀਵਿਧੀ ਕਰਵਾਈ ਗਈ। ਇਸ ਗਤੀਵਿਧੀ ਦੌਰਾਨ ਬੱਚਿਆਂ ਨੂੰ ਖੇਡ-ਖੇਡ ਵਿੱਚ ਸਿੱਖਣ ਦਾ ਮੌਕਾ ਦਿੱਤਾ ਗਿਆ, ਜਿਸ ਨਾਲ ਉਨ੍ਹਾਂ ਦੀ ਦਿਲਚਸਪੀ ਤੇ ਸਿੱਖਣ ਦੀ ਲਗਨ ਵਿੱਚ ਵਾਧਾ ਹੋਇਆ। ਅਧਿਆਪਕਾਂ ਵੱਲੋਂ ਬੱਚਿਆਂ ਨੂੰ ਲਾਲ, ਨੀਲਾ, ਪੀਲਾ, ਹਰਾ, ਸੰਤਰੀ, ਜਾਮਣੀ ਆਦਿ ਵੱਖ-ਵੱਖ ਰੰਗਾਂ ਨਾਲ ਜਾਣੂ ਕਰਵਾਇਆ ਗਿਆ। ਕਲਾਸਰੂਮ ਨੂੰ ਰੰਗੀਨ ਚਾਰਟਾਂ, ਤਸਵੀਰਾਂ, ਫਲੈਸ਼ ਕਾਰਡਾਂ ਤੇ ਖਿਡੌਣਿਆਂ ਨਾਲ ਸਜਾਇਆ ਗਿਆ, ਤਾਂ ਜੋ ਬੱਚੇ ਰੰਗਾਂ ਨੂੰ ਆਸਾਨੀ ਨਾਲ ਪਛਾਣ ਸਕਣ। ਬੱਚਿਆਂ ਨੂੰ ਰੰਗਾਂ ਦੇ ਨਾਮ ਬੋਲ ਕੇ ਦੱਸਣ, ਰੰਗੀਨ ਵਸਤੂਆਂ ਨੂੰ ਚੁਣਨ ਤੇ ਇੱਕੋ ਰੰਗ ਦੀਆਂ ਚੀਜ਼ਾਂ ਨੂੰ ਇਕੱਠਾ ਕਰਨ ਵਰਗੀਆਂ ਦਿਲਚਸਪ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਇਸ ਮੌਕੇ ਬੱਚਿਆਂ ਨੇ ਬੇਹੱਦ ਉਤਸ਼ਾਹ ਨਾਲ ਭਾਗ ਲਿਆ ਤੇ ਖੁਸ਼ੀ-ਖੁਸ਼ੀ ਰੰਗਾਂ ਦੀ ਪਛਾਣ ਕਰਦੇ ਨਜ਼ਰ ਆਏ। ਗੀਤਾਂ, ਕਵਿਤਾਵਾਂ ਤੇ ਛੋਟੇ-ਛੋਟੇ ਖੇਡਾਂ ਰਾਹੀਂ ਵੀ ਰੰਗਾਂ ਬਾਰੇ ਜਾਣਕਾਰੀ ਦਿੱਤੀ ਗਈ। ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਵੱਲੋਂ ਵੀ ਇਸ ਗਤੀਵਿਧੀ ਦੀ ਭਰਪੂਰ ਸਰਾਹਨਾ ਕੀਤੀ ਗਈ ਅਤੇ ਭਵਿੱਖ ਵਿੱਚ ਵੀ ਅਜਿਹੀਆਂ ਸਿੱਖਿਆਤਮਕ ਤੇ ਰਚਨਾਤਮਕ ਗਤੀਵਿਧੀਆਂ ਲਗਾਤਾਰ ਕਰਵਾਉਣ ਦਾ ਭਰੋਸਾ ਦਿੱਤਾ ਗਿਆ।

## ਮਾਡਰਨ ਸਕੂਲ ਨੇ ਕਲਾਜ਼-ਮੇਕਿੰਗ ਮੁਕਾਬਲੇ 'ਚ ਤੀਜਾ ਸਥਾਨ ਜਿੱਤਿਆ



**ਭੀਖੀ (ਗੁਰਿੰਦਰ ਸਿੰਘ ਔਲਖ)**-ਮਾਡਰਨ ਸੈਕੂਲਰ ਪਬਲਿਕ ਸਕੂਲ ਭੀਖੀ ਦੀ ਨੌਵੀਂ ਜਮਾਤ ਦੀ ਵਿਦਿਆਰਥਣ ਗ਼ਜ਼ਲ ਨੇ ਮੈਡਮ ਸਰਬਜੀਤ ਕੌਰ ਦੀ ਅਗਵਾਈ ਵਿੱਚ ਕਲਾਜ-ਮੇਕਿੰਗ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਹ ਐਵਾਰਡ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ (ਫੈਪ) ਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਸਾਂਝੇ ਉੱਦਮ ਨਾਲ ਕੀਤੇ ਗਏ, ਜਿਸ ਵਿੱਚ ਸੰਗੀਤ, ਨਾਚ, ਕਲਾ ਆਦਿ ਨੌਂ ਸ਼੍ਰੇਣੀਆਂ ਵਿੱਚ ਸੱਭਿਆਚਾਰਕ ਉੱਤਮਤਾ ਦਾ ਜਸ਼ਨ ਮਨਾਇਆ ਗਿਆ। ਸੰਨ 2021 ਵਿੱਚ ਸ਼ੁਰੂ ਹੋਣ ਤੋਂ ਲੈ ਕੇ ਫੈਪ ਨੇ ਦੇਸ਼ ਭਰ ਦੇ ਪ੍ਰਾਈਵੇਟ ਸਕੂਲ ਮੈਂਬਰਾਂ ਨੂੰ 11,001 ਤੋਂ ਵੱਧ ਐਵਾਰਡ ਦਿੱਤੇ ਹਨ ਅਤੇ ਇਸ ਸਾਲ ਇਕੱਲੇ ਹੀ 194 ਸਕੂਲਾਂ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸੱਭਿਆਚਾਰਕ ਪ੍ਰਾਪਤੀਆਂ ਲਈ ਸਨਮਾਨਤ ਕੀਤਾ ਗਿਆ। ਫੈਡਰੇਸ਼ਨ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਇਸ ਸਮਾਗਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਸਕੂਲਾਂ ਨੂੰ ਰਵਾਇਤੀ ਕਲਾ ਰੂਪਾਂ ਨੂੰ ਸਾਂਭਣ ਲਈ ਪ੍ਰੇਰਿਤ ਕਰਦਾ ਹੈ। ਵਿਦਿਆਰਥਣ ਨੂੰ ਸੱਭਿਆਚਾਰਕ ਪ੍ਰਾਪਤੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਤੇ ਉਸ ਨੇ ਆਪਣੀ ਪ੍ਰਤਿਭਾ ਦਾ ਮੰਚ 'ਤੇ ਪ੍ਰਦਰਸ਼ਨ ਕੀਤਾ।

## ਡੀ ਬੀ ਯੂ 'ਚ ਕਰਵਾਇਆ ਕੇਕ ਮਿਕਸਿੰਗ ਸਮਾਰੋਹ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਡੀਬੀਯੂ ਦੇ ਵਿਯੰਜਨ ਰੈਸਟੋਰੈਂਟ ਵਿੱਚ ਇੱਕ ਕੇਕ ਮਿਕਸਿੰਗ ਸਮਾਰੋਹ ਕਰਵਾਇਆ ਗਿਆ। ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਸਕੂਲ ਨੇ ਇਸ ਪ੍ਰੋਗਰਾਮ ਦੀ ਮੇਜ਼ਬਾਨੀ ਵਿਦਿਆਰਥੀਆਂ ਨੂੰ ਤਿਉਹਾਰਾਂ ਦੇ ਕੇਕ ਤਿਆਰ ਕਰਨ ਦੀ ਰਵਾਇਤੀ ਕਲਾ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਕੀਤੀ। ਇਸ ਵਿੱਚ ਸਮੱਗਰੀ ਦੀ ਚੋਣ, ਮਿਕਸਿੰਗ ਤਕਨੀਕਾਂ ਤੇ ਕ੍ਰਿਸਮਸ ਤੋਂ ਪਹਿਲਾਂ ਦੀਆਂ ਰਸੋਈ ਪ੍ਰੰਪਰਾਵਾਂ ਦੇ ਸੱਭਿਆਚਾਰਕ ਮਹੱਤਵ ਬਾਰੇ ਸਿੱਖਣ ਦੇ ਹੁਨਰ ਨੂੰ ਵਿਕਸਤ ਕੀਤਾ। ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਵੀ ਮੌਜੂਦ ਸਨ, ਜਿਨ੍ਹਾਂ ਦੇ ਉਤਸ਼ਾਹਜਨਕ ਸ਼ਬਦਾਂ ਨੇ ਜਸ਼ਨ ਵਿੱਚ ਨਿੱਘ ਭਰ ਦਿੱਤਾ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਰਸੋਈ ਰਚਨਾਤਮਕਤਾ ਤੇ ਮੌਸਮੀ ਪ੍ਰੰਪਰਾਵਾਂ ਮਹੱਤਵਪੂਰਨ ਹਨ। ਉਨ੍ਹਾਂ ਦੱਸਿਆ ਕਿ ਤਿਉਹਾਰੀ ਰਸੋਈ ਅਭਿਆਸ ਨਾ ਸਿਰਫ਼ ਸੱਭਿਆਚਾਰਕ ਬੰਧਨਾਂ ਨੂੰ ਮਜ਼ਬੂਤ ਕਰਦੇ, ਸਗੋਂ ਵਿਦਿਆਰਥੀਆਂ ਦੀ ਵਿਹਾਰਕ ਸਿੱਖਿਆ ਨੂੰ ਵੀ ਰੋਚਕ ਬਣਾਉਂਦੇ ਹਨ। ਅਜਿਹੀਆਂ ਗਤੀਵਿਧੀਆਂ ਉਨ੍ਹਾਂ ਨੂੰ ਵਿਸ਼ਵਵਿਆਪੀ ਪ੍ਰਾਹੁਣਚਾਰੀ ਵਾਤਾਵਰਣ ਲਈ ਤਿਆਰ ਕਰਦੀਆਂ ਹਨ। ਕੇਕ ਮਿਕਸਿੰਗ ਬਾਰੇ ਡਾ. ਤਜਿੰਦਰ ਕੌਰ ਨੇ ਜੀਵਤ ਅਨੁਭਵਾਂ ਤੇ ਰਸੋਈ ਕਲਾ ਦੀ ਕਦਰ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਪ੍ਰੋਗਰਾਮ ਸ੍ਰਿਸ਼ਟੀ ਦੀ ਅਗਵਾਈ ਵਿੱਚ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਿਆ। ਇਸ ਨੂੰ ਸਫਲ ਬਣਾਉਣ ਵਿੱਚ ਡਾ. ਰੁਪਿੰਦਰ ਕੌਰ, ਸ਼੍ਰੀ ਗੁਰਕਿਰਨ ਸਿੰਘ ਮਾਨ ਤੇ ਸ਼੍ਰੀਮਤੀ ਨਿਵੇਦਿਤਾ ਦੀ ਟੀਮ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਸਕੂਲ ਦੇ ਡਾਇਰੈਕਟਰ ਡਾ. ਅਮਨ ਸ਼ਰਮਾ ਨੇ ਕਿਹਾ ਕਿ ਇਹ ਸਮਾਰੋਹ ਬੇਕਰੀ ਤੇ ਕਨਫੈਕਸ਼ਨਰੀ ਖੇਤਰ ਵਿੱਚ ਵਿਦਿਆਰਥੀਆਂ ਲਈ ਇੱਕ ਸ਼ਾਨਦਾਰ ਪਲੇਟਫਾਰਮ ਸੀ। ਸਮਾਰੋਹ ਦੀ ਸਮਾਪਤੀ ਵਿਦਿਆਰਥੀਆਂ ਦੁਆਰਾ ਫਲਾਂ ਤੇ ਸੁੱਕੇ ਮੇਵਿਆਂ ਨੂੰ ਹੋਰ ਮਿਸ਼ਰਣਾਂ ਨਾਲ ਰਵਾਇਤੀ ਮਿਸ਼ਰਣ ਵਿੱਚ ਮਿਲਾਉਣ ਨਾਲ ਹੋਈ।

## ਰਾਮ ਸਿੰਘ ਧੂਰੀ ਪ੍ਰਧਾਨ ਤੇ ਬੱਬਨਪਾਲ ਸੰਗਰੂਰ ਜਨਰਲ ਸਕੱਤਰ ਚੁਣੇ



**ਦਿੜ੍ਹਬਾ (ਜਸਵੀਰ ਲਾਡੀ)**-ਇਥੇ ਸਥਾਨਕ ਮੰਦਰ ਸ੍ਰੀ ਨੈਣਾ ਦੇਵੀ ਪਾਰਕ ਸੰਗਰੂਰ ਵਿਖੇ ਟੈਕਨੀਕਲ ਐਂਡ ਮਕੈਨੀਕਲ ਯੂਨੀਅਨ (ਰਜਿ.) ਪੰਜਾਬ ਬ੍ਰਾਂਚ ਸੈਕਿੰਡ ਸੰਗਰੂਰ ਦਾ ਅਗਲਾ ਦੋ ਸਾਲਾ ਸੈਸ਼ਨ 2025-2027 ਲਈ ਵਰਕਿੰਗ ਕਮੇਟੀ ਦਾ ਚੋਣ ਅਜਲਾਸ ਸੂਬਾਈ ਆਗੂ ਉਜਾਗਰ ਸਿੰਘ ਜੱਗਾ ਤੇ ਸਰਬਜੀਤ ਸਿੰਘ ਮਲੇਰਕੋਟਲਾ ਦੀ ਨਿਗਰਾਨੀ ਹੇਠ ਹੋਇਆ, ਜਿਸ 'ਚ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ ਨਛੱਤਰ ਸਿੰਘ ਚੱਠਾ, ਦਰਸ਼ਨ ਸਿੰਘ ਢੰਢੋਲੀ, ਰਜਿੰਦਰ ਸਿੰਘ ਸੁਨਾਮ ਦੀ ਹਾਜ਼ਰੀ ਵਿੱਚ ਸੰਪੰਨ ਹੋਇਆ। ਅਜਲਾਸ ਵਿੱਚ ਜਨਰਲ ਸਕੱਤਰ ਵੱਲੋਂ ਜਥੇਬੰਦਕ ਰਿਪੋਰਟ ਤੇ ਵਿੱਤ ਸਕੱਤਰ ਵੱਲੋਂ ਪਿਛਲੇ ਸੈਸ਼ਨ ਦੀ ਆਮਦਨ-ਖਰਚ ਦੀ ਲੇਖਾ-ਜੋਖਾ ਰਿਪੋਰਟ ਪੇਸ਼ ਕੀਤੀ ਗਈ।ਉਕਤ ਦੋਵੇਂ ਰਿਪੋਰਟਾਂ ਹਾਜ਼ਰ ਸਮੂਹ ਸਾਥੀਆਂ ਵੱਲੋਂ ਵਿਚਾਰ ਚਰਚਾ ਕਰਦੇ ਹੋਏ ਪਾਸ ਕੀਤੀਆਂ ਗਈਆਂ।ਬ੍ਰਾਂਚ ਪ੍ਰਧਾਨ ਵੱਲੋਂ ਚੱਲ ਰਹੇ ਪਿਛਲੇ ਸੈਸ਼ਨ ਦੀ ਵਰਕਿੰਗ ਕਮੇਟੀ ਸੰਖੇਪ ਭਾਸ਼ਣ ਉਪਰੰਤ ਭੰਗ ਕਰਕੇ ਅਗਲੇ ਸੈਸ਼ਨ ਲਈ ਵਰਕਿੰਗ ਕਮੇਟੀ ਚੁਣਨ ਦੇ ਅਧਿਕਾਰ ਸਮੂਹ ਹਾਜ਼ਰ ਵਰਕਰ ਸਾਥੀਆਂ ਨੂੰ ਦਿੱਤੇ, ਜਿਸ ਤਹਿਤ ਸਮੂਹ ਸਾਥੀਆਂ ਵੱਲੋਂ ਸੂਬਾਈ ਅਬਜ਼ਰਵਰਾਂ ਦੀ ਨਿਗਰਾਨੀ ਹੇਠ ਸਰਬਸੰਮਤੀ ਨਾਲ ਵਰਕਿੰਗ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਚੀਫ ਆਰਗੇਨਾਈਜ਼ਰ ਹਰਜੀਤ ਸਿੰਘ ਬਾਲੀਆਂ, ਚੇਅਰਮੈਨ ਗੁਰਚਰਨ ਸਿੰਘ ਅਕੋਈ ਸਾਹਿਬ, ਮੁਖ ਸਲਾਹਕਾਰਦਰਸ਼ਨ ਸਿੰਘ ਝਨੇੜੀ, ਪ੍ਰਧਾਨ ਰਾਮ ਸਿੰਘ ਧੂਰੀ, ਸੀਨੀਅਰ ਮੀਤ ਪਧਾਨ ਬਲਵਿੰਦਰ ਸਿੰਘ ਕਪਿਆਲ, ਜਨਰਲ ਸਕੱਤਰ ਬੱਬਨਪਾਲ ਸੰਗਰੂਰ, ਵਿੱਤ ਸਕੱਤਰ ਸਮਸੇਰ ਸਿੰਘਬਡਰੁੱਖਾਂ, ਮੀਤ ਪ੍ਰਧਾਨ ਬੂਟਾ ਸਿੰਘ ਖੇੜੀ, ਸਹਾ. ਜਨਰਲ ਸਕੱਤਰ ਸੁਰਿੰਦਰ ਸਿੰਘ ਕਾਕੜਾ, ਪ੍ਰੈੱਸ ਸਕੱਤਰ ਰਵਿੰਦਰ ਸਿੰਘ ਸੰਗਰੂਰ, ਬਲਕਾਰ ਸਿੰਘ ਬਖੋਪੀਰ ਤੇ ਪ੍ਰਚਾਰ ਸਕੱਤਰ ਗੁਰਜੰਟ ਸਿੰਘ ਕਾਲਾਝਾੜ ਚੁਣੇ ਗਏ।

## ਸਫ਼ਾਈ ਸੇਵਕਾਂ ਨੂੰ ਰਹਿੰਦ-ਖੂੰਹਦ ਸਾੜਨ ਤੋਂ ਰੋਕਣ ਦੀ ਦਿੱਤੀ ਸਿਖਲਾਈ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਖੇਤਰੀ ਦਫ਼ਤਰ ਫਰੀਦਕੋਟ ਵੱਲੋਂ ਸ਼ਹਿਰ ਵਿੱਚ ਠੋਸ ਰਹਿੰਦ-ਖੂੰਹਦ ਨੂੰ ਸਾੜਨ ਤੋਂ ਰੋਕਣ ਅਤੇ ਸੁੱਕੇ ਤੇ ਗਿੱਲੇ ਕੂੜੇ ਨੂੰ ਸਹੀ ਢੰਗ ਨਾਲ ਵੱਖ ਕਰਨ ਨੂੰ ਉਤਸ਼ਾਹਤ ਕਰਨ ਲਈ ਇੱਕ ਅਹਿਮ ਜਾਗਰੂਕਤਾ-ਕਮ-ਸਿਖਲਾਈ ਸੈਸ਼ਨ ਦਾ ਆਯੋਜਨ ਕੀਤਾ ਗਿਆ।ਇਹ ਸੈਸ਼ਨ ਵਾਤਾਵਰਣ ਇੰਜੀਨੀਅਰ ਰਵੀਦੀਪ ਸਿੰਗਲਾ ਦੀ ਅਗਵਾਈ ਹੇਠ ਨਗਰ ਕੌਂਸਲ ਫ਼ਰੀਦਕੋਟ ਵਿਖੇ ਹੋਇਆ, ਜਿਸ ਵਿੱਚ ਸਮੂਹ ਸਫਾਈ ਸੇਵਕਾਂ ਤੇ ਫੀਲਡ ਸਟਾਫ ਨੇ ਭਾਗ ਲਿਆ।ਸਿਖਲਾਈ ਸੈਸ਼ਨ ਦੌਰਾਨ ਸਹਾਇਕ ਵਾਤਾਵਰਣ ਇੰਜੀਨੀਅਰ ਬਿਕਰਮਜੀਤ ਸਿੰਘ ਨੇ ਭਾਗੀਦਾਰਾਂ ਨੂੰ ਰਹਿੰਦ-ਖੂੰਹਦ ਸਾੜਨ ਦੇ ਗੰਭੀਰ ਸਿਹਤ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ।ਉਨ੍ਹਾ ਪ੍ਰਭਾਵਸ਼ਾਲੀ ਠੋਸ ਰਹਿੰਦ-ਖੂੰਹਦ ਪ੍ਰਬੰਧਨ ਲਈ ਸੁੱਕੇ ਤੇ ਗਿੱਲੇ ਕੂੜੇ ਨੂੰ ਸਰੋਤ (ਘਰ ਜਾਂ ਦਫ਼ਤਰ) 'ਤੇ ਹੀ ਵੱਖ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਸਫ਼ਾਈ ਸੇਵਕਾਂ ਨੂੰ ਕਿਹਾ ਕਿ ਉਹ ਇਸ ਸਮੱਸਿਆ ਨੂੰ ਘਟਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਪ੍ਰੋਗਰਾਮ ਦੇ ਅੰਤ ਵਿੱਚ ਸਾਰੇ ਸਫਾਈ ਸੇਵਕਾਂ ਨੇ ਕਿਸੇ ਵੀ ਕਿਸਮ ਦੇ ਠੋਸ ਰਹਿੰਦ-ਖੂੰਹਦ ਨੂੰ ਨਾ ਸਾੜਨ, ਸੁੱਕੇ ਤੇ ਗਿੱਲੇ ਰਹਿੰਦ-ਖੂੰਹਦ ਨੂੰ ਸਹੀ ਢੰਗ ਨਾਲ ਵੱਖ ਕਰਨ ਨੂੰ ਯਕੀਨੀ ਬਣਾਉਣ ਅਤੇ ਆਪਣੇ-ਆਪਣੇ ਵਾਰਡਾਂ ਦੇ ਵਸਨੀਕਾਂ ਨੂੰ ਸਾਫ਼ ਤੇ ਸਿਹਤਮੰਦ ਵਾਤਾਵਰਨ ਲਈ ਇਨ੍ਹਾਂ ਅਭਿਆਸਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਸੁਪਰਡੈਂਟ ਵੀਰਪਾਲ ਤੇ ਗੁਰਵਿੰਦਰ ਸਿੰਘ ਨਗਰ ਕੌਂਸਲ ਫ਼ਰੀਦਕੋਟ ਤੋਂ ਹਾਜ਼ਰ ਸਨ।

## ਸ੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਨੇ ਗਰਮ ਕੱਪੜੇ ਵੰਡੇ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੰਤ ਸ਼੍ਰੋਮਣੀ ਇੱਛਾਪੂਰਤੀ ਸ੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਸੁਨਾਮ ਵੱਲੋਂ ਸਰਦ ਰੁੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਰੂਰਤਮੰਦ ਵਿਅਕਤੀਆਂ ਨੂੰ ਗਰਮ ਕੱਪੜੇ ਵੰਡੇ ਗਏ।ਸ੍ਰੀ ਬਾਲਾ ਜੀ ਟਰੱਸਟ ਦੇ ਮੈਂਬਰ ਗੌਰਵ ਜਨਾਲੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਸਰਦੀਆਂ ਦੀ ਸ਼ੁਰੂਆਤ ਨੂੰ ਦੇਖਦੇ ਹੋਏ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਝੁੱਗੀਆਂ-ਝੌਂਪੜੀਆਂ ਵਿੱਚ ਜਾ ਕੇ ਜ਼ਰੂਰਤਮੰਦ ਲੋਕਾਂ ਨੂੰ ਨਵੇਂ ਤੇ ਪੁਰਾਣੇ ਕੱਪੜੇ ਵੰਡੇ ਗਏ ਹਨ।ਉਨ੍ਹਾਂ ਕਿਹਾ ਕਿ ਬੇਸਹਾਰਾ ਤੇ ਜ਼ਰੂਰਤਮੰਦਾਂ ਦੀ ਸੇਵਾ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ ਤੇ ਨਾਲ ਹੀ ਪ੍ਰਮਾਤਮਾ ਦਾ ਆਸ਼ੀਰਵਾਦ ਵੀ ਪ੍ਰਾਪਤ ਹੁੰਦਾ ਹੈ। ਜਨਾਲੀਆ ਨੇ ਦੱਸਿਆ ਕਿ ਸ੍ਰੀ ਬਾਲਾ ਜੀ ਟਰੱਸਟ ਵੱਲੋਂ ਜ਼ਰੂਰਤਮੰਦ ਲੋਕਾਂ ਦੀ ਸੇਵਾ ਲਈ ਲਗਾਤਾਰ ਮੈਡੀਕਲ ਕੈਂਪ ਵੀ ਲਗਾਏ ਜਾ ਰਹੇ ਹਨ।ਉਨ੍ਹਾਂ ਸਾਰੇ ਸ਼ਹਿਰ ਵਾਸੀਆਂ ਨੂੰ ਬੇਨਤੀ ਕੀਤੀ ਕਿ ਸਾਨੂੰ ਜ਼ਰੂਰਤਮੰਦਾਂ ਦੀ ਜਿੰਨੀ ਵੀ ਮਦਦ ਹੋ ਸਕੇ, ਜ਼ਰੂਰ ਕਰਨੀ ਚਾਹੀਦੀ ਹੈ, ਤਾਂ ਜੋ ਆਉਣ ਵਾਲੀ ਨੌਜਵਾਨ ਪੀੜ੍ਹੀ ਨੂੰ ਵੀ ਸਮਾਜ ਸੇਵਾ ਦੇ ਕੰਮ ਕਰਨ ਦੀ ਪ੍ਰੇਰਣਾ ਮਿਲ ਸਕੇ।ਇਸ ਮੌਕੇ ਦੇਵਰਾਜ ਸਿੰਗਲਾ, ਪ੍ਰਵੇਸ਼ ਅਗਰਵਾਲ, ਲਵ ਸ਼ਰਮਾ, ਵਿਕਾਸ ਕਾਂਸਲ, ਰਾਜੀਵ ਜੈਨ, ਅਨਿਲ ਕੁਮਾਰ, ਸੋਨੂੰ ਸਿੰਗਲਾ, ਚਕਸ਼ੂ, ਵਿਭੇਸ਼ ਕਾਂਸਲ, ਕਮਲ ਗੋਇਲ ਆਦਿ ਹਾਜ਼ਰ ਸਨ।

## ਸ਼ਹੀਦ ਬਲਵਿੰਦਰ ਸਿੰਘ ਨਗਰ ਦੀ ਧਰਮਸ਼ਾਲਾ 'ਚ ਸ਼ੈੱਡ ਦੀ ਉਸਾਰੀ ਸ਼ੁਰੂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਸ਼ਹੀਦ ਬਲਵਿੰਦਰ ਸਿੰਘ ਯੂਥ ਸਪੋਰਟਸ ਐਂਡ ਵੈੱਲਫੇਅਰ ਕਲੱਬ ਤੇ ਸ਼ਹੀਦ ਬਲਵਿੰਦਰ ਸਿੰਘ ਨਗਰ ਦੀ ਸਮੁੱਚੀ ਸੰਗਤ ਵੱਲੋਂ ਐੱਮ.ਸੀ. ਜਤਿੰਦਰ ਸਿੰਘ ਦੇ ਸਹਿਯੋਗ ਨਾਲ ਨਗਰ ਦੀ ਧਰਮਸ਼ਾਲਾ ਵਿੱਚ ਸ਼ੈੱਡ ਦੀ ਉਸਾਰੀ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ, ਜਿਸ ਨਾਲ ਇਲਾਕੇ ਦੀ ਲੰਬੇ ਸਮੇਂ ਦੀ ਮੰਗ ਪੂਰੀ ਹੋਵੇਗੀ।ਇਸ ਸ਼ੁਭ ਮੌਕੇ ਵਿਸ਼ੇਸ਼ ਤੌਰ 'ਤੇ ਪ੍ਰਧਾਨ ਨਰਸੰਗੀਤ ਸਿੰਘ ਤੇ ਕਲੱਬ ਦੇ ਸਮੂਹ ਮੈਂਬਰ ਸਾਹਿਬਾਨ ਹਾਜ਼ਰ ਸਨ।ਉਨ੍ਹਾਂ ਸੰਗਤ ਨੂੰ ਇਸ ਕਾਰਜ ਵਿੱਚ ਵੱਧ ਚੜ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ।ਇਸ ਮੌਕੇ ਪ੍ਰਧਾਨ ਨਰਸੰਗੀਤ ਸਿੰਘ ਨੇ ਦੱਸਿਆ ਕਿ ਇਹ ਸ਼ੈੱਡ ਧਰਮਸ਼ਾਲਾ ਵਿੱਚ ਸਮਾਜਿਕ ਤੇ ਧਾਰਮਿਕ ਸਮਾਗਮਾਂ ਲਈ ਬਹੁਤ ਲਾਹੇਵੰਦ ਸਾਬਿਤ ਹੋਵੇਗਾ।ਐੱਮ. ਸੀ. ਜਤਿੰਦਰ ਸਿੰਘ ਨੇ ਕਲੱਬ ਤੇ ਸੰਗਤ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।ਇਸ ਮੌਕੇ ਸਮੂਹ ਮੈਂਬਰਾਂ ਨੇ ਮਿਲ ਕੇ ਕਾਰਜ ਦੀ ਸਫ਼ਲਤਾ ਲਈ ਅਰਦਾਸ ਕੀਤੀ।

## ਡੀ ਸੀ ਵੱਲੋਂ ਠੁੱਲ੍ਹੇਵਾਲ 'ਚ ਡਰੈਗਨ ਫ਼ਰੂਟ ਫ਼ਾਰਮ ਦਾ ਦੌਰਾ

### *ਸਤਨਾਮ ਸਿੰਘ 4 ਏਕੜ 'ਚੋਂ 30 ਕੁਇੰਟਲ ਡਰੈਗਨ ਫ਼ਰੂਟ ਦਾ ਕਰਦੈ ਉਤਪਾਦਨ*



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ. ਬੈਨਿਥ ਨੇ ਪਿੰਡ ਠੁੱਲੇਵਾਲ (ਬਰਨਾਲਾ) ਵਿਖੇ ਸਥਿਤ ਅਗਾਂਹਵਧੂ ਕਿਸਾਨ ਸਤਨਾਮ ਸਿੰਘ ਦੇ ਡਰੈਗਨ ਫ਼ਰੂਟ ਫ਼ਾਰਮ ਦਾ ਦੌਰਾ ਕੀਤਾ।ਇਸ ਮੌਕੇ ਕਿਸਾਨ ਸਤਨਾਮ ਸਿੰਘ ਨੇ ਦੱਸਿਆ ਕਿ ਉਸ ਨੇ 2016 'ਚ 2 ਕਨਾਲਾਂ ਦੇ ਰਕਬੇ 'ਚ ਡਰੈਗਨ ਫ਼ਰੂਟ ਦੀ ਖੇਤੀ ਸ਼ੁਰੂ ਕੀਤੀ ਸੀ ਅਤੇ ਹੁਣ ਉਹ 4 ਏਕੜ ਰਕਬੇ 'ਚ ਡਰੈਗਨ ਫ਼ਰੂਟ ਦੀ ਕਾਸ਼ਤ ਕਰ ਰਿਹਾ ਹੈ।ਇਸ ਵਿੱਚ ਇੱਕ ਏਕੜ 'ਚ ਉਸ ਨੇ ਨੈੱਟ ਹਾਊਸ ਲਗਾਇਆ ਹੈ।ਸਤਨਾਮ ਸਿੰਘ ਅਨੁਸਾਰ, ਇੱਕ ਏਕੜ ਵਿੱਚ ਇੱਕ ਸੀਜ਼ਨ ਦਾ ਲਗਭਗ 30 ਕੁਇੰਟਲ ਉਤਪਾਦਨ ਹੁੰਦਾ ਹੈ, ਜਿਸ ਨੂੰ ਉਹ 150 ਤੋਂ 200 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਮਾਰਕੀਟ ਵਿੱਚ ਉਹ ਵੇਚਦੇ ਹਨ।ਉਨ੍ਹਾਂ ਦੇ ਫ਼ਾਰਮ 'ਡਰੈਗਨ ਔਲਖ ਠੁੱਲੇਵਾਲ' ਦੀ ਕਾਸ਼ਤ ਅਮਰੀਕਨ ਬਿਊਟੀ (ਪੀ ਏ ਯੂ ਵੱਲੋਂ ਵਿਕਸਤ ਪੰਜਾਬ ਨੰਬਰ 1 ਵਰਾਇਟੀ) ਦੀ ਚੰਡੀਗੜ੍ਹ ਸਮੇਤ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਬਹੁਤ ਮੰਗ ਹੈ।ਉਹ ਪੀ ਏ ਯੂ ਵੱਲੋਂ ਸਨਮਾਨਤ ਵੀ ਕੀਤੇ ਜਾ ਚੁੱਕੇ ਹਨ।ਉਹ ਸਾਲ ਭਰ ਡਰੈਗਨ ਫ਼ਰੂਟ ਦੀ ਪਨੀਰੀ ਵੀ ਤਿਆਰ ਕਰਕੇ ਵੇਚਦੇ ਹਨ, ਜਿਸ ਤੋਂ ਉਨ੍ਹਾਂ ਨੂੰ ਵਧੀਆ ਆਮਦਨ ਹੁੰਦੀ ਹੈ।ਸਤਨਾਮ ਸਿੰਘ ਨੇ ਦੱਸਿਆ ਕਿ ਡਰੈਗਨ ਦੀ ਖੇਤੀ ਇੱਕ ਵਾਰ ਲਗਾਉਣ ਵਾਲੀ ਫ਼ਸਲ ਹੈ ਤੇ ਪੌਦਿਆਂ ਦੇ ਦਰਮਿਆਨ ਲਗਭਗ ਅੱਧਾ ਕਿੱਲਾ ਖਾਲੀ ਰਹਿੰਦਾ ਹੈ, ਜਿਸ ਵਿੱਚ ਉਹ ਸਬਜ਼ੀਆਂ, ਛੋਲੇ, ਸਰ੍ਹੋਂ, ਹਲਦੀ ਆਦਿ ਦੀ ਇੰਟਰ ਕਰਾਪਿੰਗ ਕਰਦੇ ਹਨ, ਜਿਸ ਨਾਲ ਵਾਧੂ ਮੁਨਾਫ਼ਾ ਮਿਲਦਾ ਹੈ।ਡਰੈਗਨ ਲਗਾਉਣ ਨਾਲ ਉਨ੍ਹਾਂ ਨੂੰ ਕਣਕ ਝੋਨੇ ਦੇ ਫ਼ਸਲ ਚੱਕਰ ਤੋਂ ਛੁਟਕਾਰਾ ਮਿਲਿਆ ਹੈ ਤੇ ਪਾਣੀ ਦੀ ਘੱਟ ਖ਼ਪਤ ਕਾਰਨ ਜ਼ਮੀਨ ਦੀ ਸਿਹਤ ਵਿੱਚ ਵੀ ਸੁਧਾਰ ਆਇਆ ਹੈ।ਸਤਨਾਮ ਨੇ ਲੰਬੇ ਸਮੇਂ ਦੀ ਕਮਾਈ ਲਈ ਲਗਭਗ ਅੱਧੇ ਏਕੜ ਵਿੱਚ ਚੰਦਨ ਦੇ ਰੁੱਖ ਲਗਾਏ ਹਨ।ਡਿਪਟੀ ਕਮਿਸ਼ਨਰ ਨੇ ਖੇਤੀਬਾੜੀ ਵਿੱਚ ਨਵੀਆਂ ਫ਼ਸਲਾਂ ਤੇ ਉੱਚ ਤਕਨੀਕਾਂ ਦੇ ਪ੍ਰਚਾਰ ਨੂੰ ਮਹੱਤਵਪੂਰਨ ਦੱਸਦਿਆਂ ਕਿਹਾ ਕਿ ਤਬਦੀਲੀ ਵਾਲੀ ਖੇਤੀਬਾੜੀ ਰਾਹੀਂ ਕਿਸਾਨ ਵਧੇਰੇ ਆਮਦਨ ਲੈ ਸਕਦੇ ਹਨ।

# ਮਾਤਾ ਸੁਰਜੀਤ ਕੌਰ ਦੀ ਅੰਤਮ ਅਰਦਾਸ ਮੌਕੇ ਮੈਡੀਕਲ ਤੇ ਖ਼ੂਨਦਾਨ ਕੈਂਪ

### ■ ਖ਼ੂਨਦਾਨ ਕਰਨਾ ਮਨੁੱਖਤਾ ਦੀ ਵਡਮੁੱਲੀ ਸੇਵਾ : ਢੱਡਰੀਆਂ ਵਾਲੇ



**ਨਾਭਾ (ਵਰਿੰਦਰ ਵਰਮਾ)**-ਰਾਜਾ ਯੋਗੀ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਜੀ ਮਹਾਰਾਜ ਈਸਰਪੁਰਾ ਸਿੱਧਸਰ ਸਾਹਿਬ ਦੇ ਚਰਨ ਸੇਵਕ ਬਾਬਾ ਨਰਿੰਦਰ ਸਿੰਘ, ਨੰਬਰਦਾਰ ਸੁਖਦੇਵ ਸਿੰਘ, ਰਣਜੀਤ ਸਿੰਘ, ਹਰਜੀਤ ਕੌਰ ਤੇ ਮਨਜੀਤ ਕੌਰ ਦੇ ਪੂਰਨ ਸਤਿਕਾਰਯੋਗ ਮਾਤਾ ਸੁਰਜੀਤ ਕੌਰ ਜੀ ਦੇ ਅੰਤਿਮ ਅਰਦਾਸ ਸਮਾਗਮ ਮੌਕੇ ਪਿੰਡ ਸ਼ੰਕਰਪੁਰ ਵਿਖੇ ਮੈਡੀਕਲ ਚੈੱਕਅਪ ਕੈਂਪ ਅਤੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਨੌਜਵਾਨਾਂ ਨੇ ਵੱਧ ਚੜ੍ਹ ਕੇ ਖ਼ੂਨਦਾਨ ਕੀਤਾ, ਜਿਨ੍ਹਾਂ ਨੂੰ ਸਰਟੀਫਿਕੇਟ ਤੇ ਗਮਛਾ ਦੇ ਕੇ ਸਨਮਾਨਤ ਕੀਤਾ ਗਿਆ।ਇਸ ਪੀ.ਐੱਚ.ਸੀ. ਕੌਲੀ ਵੱਲੋਂ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ 'ਚ ਲੋੜਵੰਦਾਂ ਨੂੰ ਦਵਾਈ ਮੁਫਤ ਵੰਡੀਆਂ ਗਈਆਂ।ਆਨੰਦ ਈਸ਼ਰ ਅੱਖਾਂ ਦੇ ਹਸਪਤਾਲ ਵੱਲੋਂ ਡਾਕਟਰ ਸੀਮਾ ਸ਼ਰਮਾ ਵੱਲੋਂ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਅੱਖਾਂ ਦੇ ਆਈ ਡਰਾਪਸ ਮੁਫਤ ਵੰਡੇ ਗਏ।ਸਵ: ਮਾਤਾ ਸੁਰਜੀਤ ਕੌਰ ਦੇ ਹੋਣਹਾਰ ਸਪੁੱਤਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਟਰੱਸਟ ਅਲੌਹਰਾਂ ਸਾਹਿਬ ਦੇ ਡਿਪਟੀ ਚੇਅਰਮੈਨ ਬਾਬਾ ਨਰਿੰਦਰ ਸਿੰਘ ਦੀ ਹਾਜ਼ਰੀ 'ਚ ਵਿਸ਼ਵ ਪ੍ਰਸਿੱਧ ਸਿੱਖ ਕੌਮ ਦੇ ਮਹਾਨ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਖ਼ੂਨਦਾਨੀਆਂ ਨੂੰ ਸਨਮਾਨਤ ਕਰਦਿਆਂ ਕਿਹਾ ਕਿ ਖ਼ੂਨਦਾਨ ਕਰਨਾ ਮਨੁੱਖਤਾ ਦੀ ਵੱਡਮੁੱਲੀ ਸੇਵਾ ਹੈ, ਕਿਉਂਕਿ ਇਸ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ ਤੇ ਮਨੁੱਖੀ ਖ਼ੂਨ ਇੱਕ ਅਜਿਹਾ ਤਰਲ ਹੈ, ਜੋ ਡੁਪਲੀਕੇਟ ਨਹੀਂ ਬਣਾਇਆ ਜਾ ਸਕਦਾ।ਇਸ ਲਈ ਸਮੂਹ ਤੰਦਰੁਸਤ ਇਨਸਾਨਾਂ ਨੂੰ ਤਿੰਨ ਮਹੀਨਿਆਂ ਬਾਅਦ ਖ਼ੁਦ ਖ਼ੂਨ ਦਾਨ ਕਰਨਾ ਚਾਹੀਦਾ ਹੈ।ਇਸ ਮੌਕੇ ਵਿਸ਼ਵ ਪ੍ਰਸਿੱਧ ਪ੍ਰੀਤ ਕੰਬਾਈਨ ਤੇ ਟਰੈਕਟਰ ਨਿਰਮਾਤਾ ਕੰਪਨੀ ਦੇ ਡਾਇਰੈਕਟਰ ਪ੍ਰੇਮ ਸਿੰਘ, ਉੱਘੇ ਸਿੱਖ ਚਿੰਤਕ ਤੇ ਭਾਕਿਯੂ ਜ਼ਿਲ੍ਹਾ ਪ੍ਰਧਾਨ ਅਬਜਿੰਦਰ ਸਿੰਘ ਜੋਗੀ ਗਰੇਵਾਲ ਨਾਨੋਕੀ, ਡਾ. ਪਵਨ ਕੁਮਾਰ ਪੱਪੀ, ਸਾ: ਇੰਸਪੈਕਟਰ ਧਰਮ ਦੇਵ, ਮਨਮੋਹਨ ਸਿੰਘ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇਜਿੰਦਰ ਸਿੰਘ ਤੇਜੀ ਰੋਹਟਾ, ਖ਼ੂਨਦਾਨ ਸੇਵਾ 'ਚ ਮੋਹਰੀ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਸਟਾਰ ਬਲੱਡ ਡੋਨਰ ਭਾਈ ਰਵਿੰਦਰ ਸਿੰਘ ਭਾਂਖਰ, ਗੁਰਧਿਆਨ ਸਿੰਘ ਸਕਰਾਲੀ, ਸਾਬਕਾ ਚੇਅਰਮੈਨ ਛੱਜੂ ਸਿੰਘ ਮਾਂਗੇਵਾਲ ਆਦਿ ਹਾਜ਼ਰ ਸਨ।

## ਹੈਰੋਇਨ ਸਮੇਤ 2 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਤੇ ਥਾਣਾ ਮੱਲਾਂਵਾਲਾ ਦੀ ਪੁਲਸ ਨੇ ਐੱਸਐੱਸਪੀ ਫਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਬੀਤੇ ਦਿਨ ਗਸ਼ਤ ਤੇ ਚੈਕਿੰਗ ਦੌਰਾਨ ਦੋ ਲੋਕਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 9 ਗ੍ਰਾਮ ਹੈਰੋਇਨ ਤੇ ਨਸ਼ਾ ਕਰਨ ਵਾਲਾ ਸਾਮਾਨ ਬਰਾਮਦ ਕੀਤਾ ਹੈ।

ਉਕਤ ਮਾਮਲਿਆਂ ਵਿੱਚ ਪੁਲਸ ਨੇ ਗ੍ਰਿਫਤਾਰ ਕੀਤੇ ਲੋਕਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਅਨੁਸਾਰ ਥਾਣਾ ਸਿਟੀ ਫਿਰੋਜ਼ਪੁਰ ਦੇ ਏਐੱਸਆਈ ਸੁਖਚੈਨ ਸਿੰਘ ਨੇ ਪੁਲਸ ਪਾਰਟੀ ਨਾਲ ਗਸ਼ਤ ਤੇ ਚੈਕਿੰਗ ਦੌਰਾਨ ਰਜਿੰਦਰ ਉਰਫ਼ ਸ਼ੈਕੀ ਪੁੱਤਰ ਅਸ਼ੋਕ ਕੁਮਾਰ ਵਾਸੀ ਬਸਤੀ ਆਵਾ ਨਜ਼ਦੀਕ ਚਰਚ ਫਿਰੋਜ਼ਪੁਰ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ 'ਚੋਂ 9 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ, ਜਦਕਿ ਦੂਜੇ ਮਾਮਲੇ ਵਿੱਚ ਥਾਣਾ ਮੱਲਾਂਵਾਲਾ ਦੇ ਐੱਸ ਆਈ ਗੁਰਦੀਪ ਸਿੰਘ ਨੇ ਪੁਲਸ ਪਾਰਟੀ ਨਾਲ ਗਸ਼ਤ ਤੇ ਚੈਕਿੰਗ ਦੌਰਾਨ ਹੈਰੋਇਨ ਦਾ ਨਸ਼ਾ ਕਰਦੇ ਹੋਏ ਲਖਵਿੰਦਰ ਸਿੰਘ ਉਰਫ਼ ਲੱਖਾ ਪੁੱਤਰ ਕਰਨੈਲ ਸਿੰਘ ਵਾਸੀ ਧਰਮਪੁਰਾ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ 'ਚੋਂ ਹੈਰੋਇਨ ਲੱਗੀ ਹੋਈ ਪੰਨੀ, ਲਾਈਟਰ, 1 ਪਲਾਸਟਿਕ ਪਾਈਪ ਬਰਾਮਦ ਕੀਤੀ ਹੈ। ਮਾਮਲਿਆਂ ਦੀ ਜਾਂਚ ਕਰ ਰਹੇ ਸੁਖਚੈਨ ਸਿੰਘ ਤੇ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲਿਆਂ ਵਿੱਚ ਦੋਵਾਂ ਦੋਸ਼ੀਆਨ 'ਤੇ ਮਾਮਲੇ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਹੈਵੀ ਕਮਰਸ਼ੀਅਲ ਵਹੀਕਲਾਂ ਦੇ ਦਿਨ ਵੇਲੇ ਸ਼ਹਿਰ ਅੰਦਰ ਦਾਖ਼ਲ ਹੋਣ 'ਤੇ ਰੋਕ : ਜ਼ਿਲ੍ਹਾ ਮੈਜਿਸਟ੍ਰੇਟ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਰਾਜੇਸ਼ ਧੀਮਾਨ ਨੇ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਬਠਿੰਡਾ ਸ਼ਹਿਰ ਅੰਦਰ ਟ੍ਰੈਫ਼ਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੈਵੀ ਕਮਰਸ਼ੀਅਲ ਵਹੀਕਲਾਂ (ਟਰੱਕ, ਟਰਾਲੇ, ਤੇਲ ਵਾਲੀਆਂ ਗੱਡੀਆਂ ਆਦਿ) ਦੀ ਸਵੇਰੇ 7 ਤੋਂ ਰਾਤ 8 ਵਜੇ ਤੱਕ ਸ਼ਹਿਰ ਅੰਦਰ ਦਾਖ਼ਲ ਹੋਣ 'ਤੇ ਪਾਬੰਦੀ ਲਗਾਈ ਗਈ ਹੈ।ਹੁਕਮਾਂ ਅਨੁਸਾਰ ਬਠਿੰਡਾ ਸ਼ਹਿਰ ਦੀ ਆਬਾਦੀ ਕਾਫ਼ੀ ਵਧ ਗਈ ਹੈ ਤੇ ਆਬਾਦੀ ਵਧਣ ਕਾਰਨ ਸ਼ਹਿਰ ਅੰਦਰ ਗੱਡੀਆਂ ਦੀ ਗਿਣਤੀ 'ਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ।ਇਸ ਤੋਂ ਇਲਾਵਾ ਸ਼ਹਿਰ ਅੰਦਰ ਕਾਫ਼ੀ ਗਿਣਤੀ 'ਚ ਹੈਵੀ ਕਮਰਸ਼ੀਅਲ ਵਹੀਕਲ ਵੀ ਦਾਖ਼ਲ ਹੁੰਦੇ ਹਨ, ਜਿਨ੍ਹਾਂ ਦੀ ਡਾਇਵਰਸ਼ਨ ਪਲਾਨ ਤਿਆਰ ਕੀਤਾ ਗਿਆ ਹੈ।

ਹੁਕਮਾਂ ਅਨੁਸਾਰ ਮਾਨਸਾ ਸਾਈਡ ਤੋਂ ਆਉਣ ਵਾਲਾ ਟ੍ਰੈਫ਼ਿਕ ਆਈ.ਟੀ.ਆਈ. ਚੌਕ ਰਾਹੀਂ ਹੁੰਦਾ ਹੋਇਆ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ।ਇਸੇ ਤਰ੍ਹਾਂ ਡੱਬਵਾਲੀ ਸਾਈਡ ਤੋਂ ਆਉਣ ਵਾਲਾ ਟ੍ਰੈਫ਼ਿਕ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ।ਇਸੇ ਤਰ੍ਹਾਂ ਮਲੋਟ/ਮੁਕਤਸਰ ਸਾਈਡ ਤੋਂ ਆਉਣ ਵਾਲਾ ਟ੍ਰੈਫ਼ਿਕ ਟੀ-ਪੁਆਇੰਟ ਰਿੰਗ ਰੋਡ ਤੋਂ ਆਈ.ਟੀ.ਆਈ. ਚੌਕ, ਘਨੱਈਆ ਚੌਕ ਤੇ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ।

ਇਸੇ ਤਰ੍ਹਾਂ ਗੋਨਿਆਣਾ ਸਾਈਡ ਤੋਂ ਆਉਣ ਵਾਲਾ ਟ੍ਰੈਫ਼ਿਕ ਘਨੱਈਆ ਚੌਕ ਬਠਿੰਡਾ, ਟੀ-ਪੁਆਇੰਟ ਰਿੰਗ ਰੋਡ ਮਲੋਟ ਰੋਡ ਤੋਂ ਰਿੰਗ ਰੋਡ, ਘਨੱਈਆ ਚੌਕ ਤੋਂ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ। ਇਸੇ ਤਰ੍ਹਾਂ ਚੰਡੀਗੜ੍ਹ ਸਾਈਡ ਤੋਂ ਆਉਣ ਵਾਲਾ ਟ੍ਰੈਫ਼ਿਕ ਬੀਬੀਵਾਲਾ ਚੌਕ ਬਠਿੰਡਾ ਤੋਂ ਘਨੱਈਆ ਚੌਕ ਤੋਂ ਅੱਗੇ ਜਾਵੇਗਾ।

ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖ਼ੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਮਾਮਲੇ ਵੱਲੋਂ ਪੱਤਰ ਰਾਹੀਂ ਫ਼ੂਡ ਗਰੇਨ ਦੇ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਲਈ ਛੋਟ ਦੀ ਮੰਗ ਕੀਤੀ ਗਈ ਹੈ।

ਇਨ੍ਹਾਂ ਫ਼ੂਡ ਗਰੇਨ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਤੋਂ ਪਹਿਲਾਂ, ਟਰੱਕ ਮਾਲਕਾਂ ਵੱਲੋਂ ਜ਼ਿਲ੍ਹਾ ਕੰਟਰੋਲਰ ਖ਼ੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਬਠਿੰਡਾ ਤੋਂ ਸਪੈਸ਼ਲ ਪਾਸ ਜਾਰੀ ਕਰਵਾਏ ਜਾਣਗੇ।ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖ਼ੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਬਠਿੰਡਾ ਵੱਲੋਂ ਇਹ ਪਾਸ ਸੀਨੀਅਰ ਕਪਤਾਨ ਪੁਲਸ ਬਠਿੰਡਾ ਨਾਲ ਤਾਲਮੇਲ ਕਰਕੇ ਜਾਰੀ ਕੀਤੇ ਜਾਣਗੇ।ਇਹ ਹੁਕਮ 9 ਫਰਵਰੀ 2026 ਤੱਕ ਲਾਗੂ ਰਹੇਗਾ।

# ਗੁਰਦੁਆਰਾ ਗੁਰੂ ਰਾਮਦਾਸ ਵਿਖੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਸਮਾਗਮ



**ਜਗਰਾਓਂ (ਅਮਿਤ ਖੰਨਾ)**-ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਵਿਖੇ ਸਮਾਗਮ ਹੋਏ, ਜਿਸ ਵਿੱਚ ਪ੍ਰਸਿੱਧ ਰਾਗੀ ਜਥਿਆਂ ਭਾਈ ਬਲਪ੍ਰੀਤ ਸਿੰਘ ਲੁਧਿਆਣੇ ਵਾਲੇ, ਭਾਈ ਪਰਮਿੰਦਰ ਸਿੰਘ ਜੱਟਪੁਰੀ ਤੇ ਭਾਈ ਇੰਦਰਜੀਤ ਸਿੰਘ ਵਿੱਕੀ ਨੇ ਸ਼ਹੀਦੀ ਸਾਕੇ ਨੂੰ ਸਮਰਪਤ ਢੁੱਕਵੇਂ ਸ਼ਬਦਾਂ ਦਾ ਗਾਇਨ ਕੀਤਾ, ਜਿੱਥੇ ਸੰਗਤਾਂ ਨੇ ਕਥਾ ਕੀਰਤਨ ਦਾ ਆਨੰਦ ਮਾਣਿਆ, ਉੱਥੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਸੰਗਤਾਂ ਵੱਲੋਂ ਘਰਾਂ ਵਿੱਚ ਕੀਤੇ ਸਹਿਜ ਪਾਠਾਂ ਦੇ ਭੋਗ ਵੀ ਪਾਏ ਗਏ ਤੇ ਪ੍ਰਬੰਧਕਾਂ ਵੱਲੋਂ ਸਹਿਜ ਪਾਠ ਕਰਨ ਵਾਲਿਆਂ ਪਰਵਾਰਾਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਇੰਦਰਬੀਰ ਸਿੰਘ ਰਿੱਕੀ ਚਾਵਲਾ ਨੇ ਦੱਸਿਆ ਕਿ ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਸੰਗਤਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਘਰਾਂ ਵਿੱਚ ਬੈਠ ਕੇ ਸਹਿਜ ਪਾਠ ਕਰਨ ਸੰਗਤਾਂ ਨੂੰ ਸੈਂਚੀਆਂ ਵੀ ਉਪਲਬਧ ਕਰਵਾਈਆਂ ਗਈਆਂ ਸਨ ਤੇ 31 ਪਰਵਾਰਾਂ ਵੱਲੋਂ ਘਰਾਂ ਵਿੱਚ ਸਹਿਜ ਪਾਠ ਕੀਤੇ ਅਤੇ ਅੱਜ ਸਮੂਹਕ ਰੂਪ ਵਿੱਚ ਸਹਿਜ ਪਾਠਾਂ ਦੇ ਭੋਗ ਪਾਏ ਗਏ।ਸਹਿਜ ਪਾਠ ਕਰਨ ਵਾਲੇ ਪਰਵਾਰਾਂ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਰਿੰਕੀ ਚਾਵਲਾ ਨੇ ਆਖਿਆ ਕਿ ਜੇ ਸੰਗਤਾਂ ਇਸੇ ਲੜੀ ਨੂੰ ਜਾਰੀ ਰੱਖਣ ਤੇ ਸਹਿਜ ਪਾਠ ਕਰਨ ਤੇ ਵਿਸਾਖੀ ਸਮੇਂ ਭੋਗ ਪਾਏ ਜਾਣ। ਇੰਦਰਵੀਰ ਸਿੰਘ ਰਿੰਕੀ ਚਾਵਲਾ ਨੇ ਆਖਿਆ ਕਿ ਸਾਡੇ ਵੱਡੇ ਭਾਗ ਹਨ ਕਿ ਸਾਡੇ ਜੀਵਨ ਕਾਲ ਵਿੱਚ ਸ਼ਤਾਬਦੀ ਆਈ ਹੈ, ਜਿਨਾਂ ਨੇ ਸਾਨੂੰ ਧਾਰਮਿਕ ਆਜ਼ਾਦੀ ਦਿਵਾਈ, ਜਿਸ ਦਾ ਅੱਜ ਅਸੀਂ ਨਿੱਘ ਮਾਣ ਰਹੇ ਹਾਂ।ਇਸ ਮੌਕੇ ਪ੍ਰਸਿੱਧ ਰਾਗੀ ਭਾਈ ਬਲਪ੍ਰੀਤ ਸਿੰਘ ਨੇ ਬਹੁਤ ਹੀ ਸੁੰਦਰ ਤੇ ਪ੍ਰਚਲਤ ਸ਼ਬਦਾਂ ਦਾ ਗਾਇਨ ਕਰਕੇ ਸਮਾਂ ਬੰਨ੍ਹ ਦਿੱਤਾ।ਇਸ ਮੌਕੇ ਛੋਟੇ ਛੋਟੇ ਬੱਚਿਆਂ ਵੱਲੋਂ ਵੀ ਇੱਕ ਕਵਿਤਾ ਰਾਹੀਂ ਆਪਣੀ ਹਾਜ਼ਰੀ ਲਵਾਈ ਗਈ।ਇਸ ਮੌਕੇ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਪ੍ਰਬੰਧਕ ਕਮੇਟੀ ਦੇ ਮੈਂਬਰ ਪ੍ਰਿਥਵੀਪਾਲ ਸਿੰਘ ਚੱਡਾ, ਗੁਰਵਿੰਦਰ ਸਿੰਘ ਪੱਪੂ, ਅਮਰੀਕ ਸਿੰਘ ਬੈਂਕ ਵਾਲੇ, ਜਸਵੰਤ ਸਿੰਘ ਚਾਵਲਾ, ਬਿੱਟੂ ਮੱਕੜ ਜੀ, ਸ਼ਾਮ ਸਿੰਘ ਖਜ਼ਾਨਚੀ ਤੇ ਸੰਗਤਾਂ ਵਿੱਚ ਹਰਵਿੰਦਰ ਸਿੰਘ ਸਰਨਾ, ਜਤਵਿੰਦਰ ਪਾਲ ਸਿੰਘ ਜੇਪੀ, ਦਵਿੰਦਰ ਸਿੰਘ ਗਾਲਬ, ਅਜੀਤ ਸਿੰਘ ਮਿਗਲਾਨੀ, ਜਸਪਾਲ ਸਿੰਘ ਛਾਬੜਾ, ਰਣਜੀਤ ਸਿੰਘ ਹੈਪੀ, ਹਰਪ੍ਰੀਤ ਸਿੰਘ ਆੜ੍ਹਤੀ, ਕਵਲਜੀਤ ਸਿੰਘ ਪ੍ਰਿੰਸ ਖਾਲਸਾ ਆਦਿ ਹਾਜ਼ਰ ਸਨ।

## ਬਲਵੰਤ ਚੁਹਾਣਕੇ ਨੂੰ ਸਦਮਾ, ਦਾਦੀ ਦਾ ਦਿਹਾਂਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪ੍ਰੈੱਸ ਕਲੱਬ ਮਹਿਲ ਕਲਾਂ (ਬਰਨਾਲਾ) ਦੇ ਜਥੇਬੰਦਕ ਸਕੱਤਰ ਬਲਵੰਤ ਸਿੰਘ ਚੁਹਾਣਕੇ ਦੇ ਸਤਿਕਾਰਯੋਗ ਦਾਦੀ ਜੀ ਤੇ ਹੈੱਡ ਗ੍ਰੰਥੀ ਭਾਈ ਮਨਪ੍ਰੀਤ ਸਿੰਘ ਚੁਹਾਣਕੇ ਦੇ ਮਾਤਾ ਬੇਬੇ ਹਰਬੰਸ ਕੌਰ (95) ਦਾ ਅੱਜ ਦਿਹਾਂਤ ਹੋ ਗਿਆ।ਇਸ ਦੁੱਖ ਦੀ ਘੜੀ ਵਿੱਚ ਵੱਖ-ਵੱਖ ਰਾਜਸੀ, ਧਾਰਮਿਕ ਤੇ ਸਮਾਜਿਕ ਆਗੂਆਂ ਤੋਂ ਇਲਾਵਾ ਸਮੂਹ ਪੱਤਰਕਾਰ ਭਾਈਚਾਰੇ ਨੇ ਚੁਹਾਣਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਪਰਿਵਾਰਕ ਸੂਤਰਾਂ ਅਨੁਸਾਰ ਮਾਤਾ ਹਰਬੰਸ ਕੌਰ ਦਾ ਅੰਤਿਮ ਸੰਸਕਾਰ 15 ਦਸੰਬਰ ਨੂੰ ਸਵੇਰੇ 11 ਵਜੇ ਪਿੰਡ ਚੁਹਾਣਕੇ ਕਲਾਂ (ਬਰਨਾਲਾ) ਵਿਖੇ ਹੋਵੇਗਾ।

## ਗੁਰੂ ਨਾਨਕ ਮਾਡਲ ਸਕੂਲ ਵਿਖੇ ਸੈਮੀਨਾਰ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿਖੇ ਵੱਖ-ਵੱਖ ਸੀ.ਬੀ.ਐੱਸ.ਈ. ਸਕੂਲਾਂ ਦੇ ਅਧਿਆਪਕਾਂ ਲਈ ਮਹੱਤਵਪੂਰਨ ਵਿਸ਼ੇ ਲਿੰਗ ਸੰਵੇਦਨਸ਼ੀਲਤਾ ਸੰਬੰਧੀ ਜਾਣਕਾਰੀ ਦੇਣ ਹਿੱਤ ਸੀ.ਬੀ.ਐੱਸ.ਈ. ਟ੍ਰੇਨਿੰਗ ਅਧੀਨ ਸੈਮੀਨਾਰ ਕੀਤਾ ਗਿਆ।ਇਸ ਸੈਮੀਨਾਰ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਜਮਾਤਾਂ ਵਿੱਚ ਲਿੰਗ-ਅਧਾਰਤ ਭੇਦ-ਭਾਵ ਨੂੰ ਸਮਝਣ ਤੇ ਬਰਾਬਰਤਾ ਵਾਲਾ ਸਿੱਖਣ ਮਾਹੌਲ ਪੈਦਾ ਕਰਨ ਲਈ ਸਿਖਲਾਈ ਦੇਣਾ ਸੀ।ਸੈਮੀਨਾਰ ਦੀ ਅਗਵਾਈ ਪ੍ਰਮੁੱਖ ਸ਼ਖ਼ਸੀਅਤਾਂ ਪ੍ਰਿੰਸੀਪਲ ਪ੍ਰੇਮ ਸਿੰਘ ਖਿਮਟਾ ਤੇ ਪ੍ਰਿੰਸੀਪਲ ਬੰਦਨਾ ਸੇਠੀ ਦੁਆਰਾ ਕੀਤੀ ਗਈ, ਜੋ ਕਿ ਕ੍ਰਮਵਾਰ ਐੱਸ.ਵੀ.ਐੱਮ. ਸਕੂਲ, ਮਲੇਰਕੋਟਲਾ ਤੇ ਆਤਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ ਵਿਖੇ ਸੇਵਾਵਾਂ ਨਿਭਾਅ ਰਹੇ ਹਨ।ਸੈਮੀਨਾਰ ਦੌਰਾਨ, ਮਾਹਰਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕੀਤੀ, ਜਿਸ ਦਾ ਮੁੱਖ ਮਕਸਦ ਲਿੰਗਕ ਰੂੜੀਵਾਦੀ ਧਾਰਨਾਵਾਂ ਨੂੰ ਤੋੜਨਾ, ਲਿੰਗ ਸੰਵੇਦਨਸ਼ੀਲ ਸਕੂਲ ਵਾਤਾਵਰਨ ਬਣਾਉਣਾ ਤੇ ਵਿਦਿਆਰਥੀਆਂ ਵਿੱਚ ਲਿੰਗ ਬਰਾਬਰਤਾ ਪ੍ਰਤੀ ਜਾਗਰੂਕਤਾ ਵਧਾਉਣਾ ਸੀ।ਇਸ ਮੌਕੇ ਗੁਰੂ ਨਾਨਕ ਪ੍ਰਬੰਧਕ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਕਿਹਾ ਕਿ ਇਹ ਸੈਮੀਨਾਰ ਅਧਿਆਪਕਾਂ ਨੂੰ ਲਿੰਗਕ-ਨਿਰਪੱਖਤਾ ਨੂੰ ਉਤਸ਼ਾਹਤ ਕਰਨ ਅਤੇ ਵਿਦਿਆਰਥੀਆਂ ਨੂੰ ਇੱਕ ਸੁਰੱਖਿਅਤ ਤੇ ਸਨਮਾਨਜਨਕ ਮਾਹੌਲ ਪ੍ਰਦਾਨ ਕਰਨ ਵਿੱਚ ਸਹਾਇਕ ਸਿੱਧ ਹੋਵੇਗਾ।ਸਕੂਲ ਕਾਰਜਕਾਰੀ ਪ੍ਰਸ਼ਾਸਕ ਰੁਪਿੰਦਰ ਕੌਰ ਬਰਾੜ ਨੇ ਕਿਹਾ ਕਿ ਇਹ ਸੈਮੀਨਾਰ ਅਜਿਹਾ ਸਮਾਜ ਬਣਾਉਣ ਬਾਰੇ ਹੈ ਜਿੱਥੇ ਸਾਰੇ ਵਿਅਕਤੀਆਂ ਨੂੰ ਬਰਾਬਰ ਮੌਕੇ ਮਿਲਣ ਅਤੇ ਲਿੰਗ ਦੇ ਅਧਾਰ 'ਤੇ ਕੋਈ ਵਿਤਕਰਾ ਨਾ ਹੋਵੇ।ਸਕੂਲ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਵੱਲੋਂ ਇਸ ਸੈਮੀਨਾਰ ਨੂੰ ਕਰਵਾਉਣ 'ਤੇ ਸ਼ਲਾਘਾ ਕੀਤੀ ਗਈ।ਸਕੂਲ ਪ੍ਰਿੰਸੀਪਲ ਡਾ. ਡੀ. ਪੀ. ਠਾਕੁਰ ਨੇ ਸਕੂਲ ਪ੍ਰਬੰਧਕ ਕਮੇਟੀ ਦਾ ਇਸ ਪ੍ਰੋਗਰਾਮ 'ਚ ਸਹਿਯੋਗ ਦੇਣ 'ਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਸੈਮੀਨਾਰ ਦਾ ਉਦੇਸ਼ ਲਿੰਗ ਭੇਦ-ਭਾਵ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਤੇ ਸਿਹਤਮੰਦ ਸਮਾਜਿਕ ਰਵੱਈਏ ਨੂੰ ਉਤਸ਼ਾਹਤ ਕਰਨਾ ਹੈ, ਜੋ ਸਾਰਿਆਂ ਨੂੰ ਲਿੰਗ ਸਮਾਨਤਾ ਤੇ ਆਦਰ ਬਾਰੇ ਸਿਖਾਉਂਦਾ ਹੈ।ਅੰਤ ਵਿੱਚ ਪ੍ਰਿੰਸੀਪਲ ਸਾਹਿਬ ਨੇ ਦੋਨਾਂ ਰਿਸੋਰਸ ਪਰਸਨਜ਼ ਪ੍ਰਿੰਸੀਪਲ ਪ੍ਰੇਮ ਸਿੰਘ ਖਿਮਟਾ ਤੇ ਪ੍ਰਿੰਸੀਪਲ ਬੰਦਨਾ ਸੇਠੀ ਦਾ ਇਸ ਸੈਮੀਨਾਰ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਧੰਨਵਾਦ ਕੀਤਾ।

# ਸਲਾਈਟ ਵਿਖੇ ਦੋ ਰੋਜ਼ਾ ਰਾਸ਼ਟਰੀ ਕਾਨਫਰੰਸ ਸਮਾਪਤ




**ਲੌਂਗੋਵਾਲ (ਪ੍ਰਦੀਪ ਸੱਪਲ)**

ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਲੌਂਗੋਵਾਲ ਦੇ ਫ਼ੂਡ ਇੰਜੀਨੀਅਰਿੰਗ ਤੇ ਤਕਨਾਲੋਜੀ ਵਿਭਾਗ ਵੱਲੋਂ 'ਫ਼ੂਡ ਇਨੋਵੇਸ਼ਨਜ਼, ਫ਼ੂਡ ਐਲਰਜੀਜ਼ ਤੇ ਪਰੰਪਰਾਗਤ ਭੋਜਨ-2025' 'ਤੇ ਰਾਸ਼ਟਰੀ ਕਾਨਫਰੰਸ ਜਾਣਕਾਰੀ ਭਰਪੂਰ ਸੈਸ਼ਨਾਂ, ਮਾਹਰ ਲੈਕਚਰਰਾਂ ਤੇ ਪ੍ਰੇਰਨਾਦਾਇਕ ਖੋਜ ਪੇਸ਼ਕਾਰੀਆਂ ਨਾਲ ਸਮਾਪਤ ਹੋਈ।ਦੂਜੇ ਦਿਨ ਦੇਸ਼ ਭਰ ਦੇ ਅਕਾਦਮਿਕ, ਖੋਜਕਰਤਾਵਾਂ ਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ, ਜਿਸ ਨਾਲ ਦੋ ਰੋਜ਼ਾ ਅਕਾਦਮਿਕ ਕਾਨਫਰੰਸ ਦਾ ਸਫਲ ਸਮਾਪਨ ਹੋਇਆ।

ਕਾਨਫਰੰਸ ਦੌਰਾਨ ਹਾਰਡ ਕਾਪੀ ਤੇ ਕੰਪੈਕਟ ਡਿਸਕ ਵਿੱਚ ਇੱਕ ਐਬਸਟਰੈਕਟ ਕਿਤਾਬਚਾ ਜਾਰੀ ਕੀਤਾ ਗਿਆ ਅਤੇ ਖੋਜਕਰਤਾਵਾਂ, ਅਕਾਦਮਿਕ ਤੇ ਉਦਯੋਗ ਅਧਿਕਾਰੀਆਂ ਲਈ ਜਾਣਕਾਰੀ ਦੇ ਪ੍ਰਸਾਰ ਤੇ ਪਹੁੰਚ ਨੂੰ ਬਿਹਤਰ ਬਣਾਉਣ ਲਈ ਇੱਕ ਰਾਸ਼ਟਰੀ ਕਾਨਫਰੰਸ ਆਨਲਾਈਨ ਪੋਰਟਲ ਵੀ ਲਾਂਚ ਕੀਤਾ ਗਿਆ।ਸਲਾਈਟ-2025 ਦੇ ਚੇਅਰਪਰਸਨ ਪ੍ਰੋਫੈਸਰ ਕਮਲੇਸ਼ ਪ੍ਰਸਾਦ ਨੇ ਦੱਸਿਆ ਕਿ ਐਬਸਟਰੈਕਟ ਕਿਤਾਬਚੇ ਦੀਆਂ ਹਾਰਡ ਕਾਪੀਆਂ ਉਨ੍ਹਾਂ ਸਾਰੀਆਂ ਸੰਸਥਾਵਾਂ ਤੇ ਯੂਨੀਵਰਸਿਟੀਆਂ ਨੂੰ ਭੇਜੀਆਂ ਜਾਣਗੀਆਂ, ਜੋ ਭੋਜਨ ਤਕਨਾਲੋਜੀ 'ਤੇ ਨਿਯਮਤ ਕੋਰਸ ਜਾਂ ਖੋਜ ਦੀ ਪੇਸ਼ਕਸ਼ ਕਰਦੀਆਂ ਹਨ।

ਦਿਨ ਦੀ ਸ਼ੁਰੂਆਤ ਸੱਦੇ ਗਏ ਮਾਹਰ ਭਾਸ਼ਣਾਂ ਨਾਲ ਹੋਈ, ਜਿਨ੍ਹਾਂ ਭੋਜਨ ਖੇਤਰ ਵਿੱਚ ਉੱਭਰ ਰਹੇ ਵਿਕਾਸ ਦੀ ਡੂੰਘੀ ਸਮਝ ਪ੍ਰਦਾਨ ਕੀਤੀ।ਪ੍ਰਮੁੱਖ ਬੁਲਾਰਿਆਂ 'ਚ ਸੀਐਸਆਈਆਰ-ਸੀਐਫਟੀਆਰਆਈ, ਮੈਸੂਰ ਦੇ ਡਾ. ਸੁਕੁਮਾਰ ਦੇਬ ਨਾਥ, ਕੇਂਦਰੀ ਖੇਤੀਬਾੜੀ ਯੂਨੀਵਰਸਿਟੀ ਇੰਫਾਲ ਦੇ ਪ੍ਰੋਫੈਸਰ ਐੱਨ.ਜੀ. ਇਬੋਇਮਾ ਸਿੰਘ ਤੇ ਤੇਜਪੁਰ ਯੂਨੀਵਰਸਿਟੀ ਅਸਾਮ ਦੇ ਪ੍ਰੋਫੈਸਰ ਲਕਸ਼ਮੀਕਾਂਤ ਐੱਸ. ਬਡਵਾਇਕ ਸ਼ਾਮਲ ਸਨ।ਉਨ੍ਹਾਂ ਭਾਸ਼ਣਾਂ ਨੇ ਵਿਹਾਰਕ ਸੂਝ ਪ੍ਰਦਾਨ ਕੀਤੀ ਤੇ ਭਾਰਤ ਦੇ ਭੋਜਨ ਪ੍ਰਣਾਲੀਆਂ ਦੇ ਵਿਕਸਤ ਹੋ ਰਹੇ ਦ੍ਰਿਸ਼ ਨੂੰ ਆਕਾਰ ਦੇਣ ਵਾਲੀ ਚੱਲ ਰਹੀ ਪ੍ਰਗਤੀ ਨੂੰ ਉਜਾਗਰ ਕੀਤਾ।ਸਮਾਗਮ ਨੂੰ ਸੰਬੋਧਨ ਕਰਦੇ ਹੋਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਖ਼ੁਰਾਕ ਵਿਗਿਆਨ ਤੇ ਤਕਨਾਲੋਜੀ ਵਿਭਾਗ ਦੇ ਮਹਿਮਾਨ ਡਾ. ਦਲਬੀਰ ਸਿੰਘ ਸੋਗੀ ਨੇ ਐੱਸਐੱਲਆਈਆਈਟੀ ਦੀ ਇੱਕ ਜੀਵੰਤ ਅਕਾਦਮਿਕ ਪਲੇਟਫਾਰਮ ਬਣਾਉਣ ਲਈ ਪ੍ਰਸ਼ੰਸਾ ਕੀਤੀ, ਜੋ ਫੈਕਲਟੀ ਮੈਂਬਰਾਂ, ਖੋਜਕਰਤਾਵਾਂ ਤੇ ਵਿਦਿਆਰਥੀਆਂ ਵਿੱਚ ਰਚਨਾਤਮਕ ਸੰਵਾਦ ਤੇ ਅਰਥਪੂਰਨ ਸ਼ਮੂਲੀਅਤ ਨੂੰ ਸਮਰੱਥ ਬਣਾਉਂਦਾ ਹੈ।

ਐੱਸਐਲਆਈਆਈਟੀ ਲੌਂਗੋਵਾਲ ਦੇ ਡਾਇਰੈਕਟਰ ਤੇ ਮੁੱਖ ਸਰਪ੍ਰਸਤ ਪ੍ਰੋਫੈਸਰ ਮਣੀਕਾਂਤ ਪਾਸਵਾਨ ਨੇ ਵੀ ਕਾਨਫਰੰਸ ਦੇ ਚੇਅਰਪਰਸਨ ਦਾ ਧੰਨਵਾਦ ਕੀਤਾ।ਕਮਲੇਸ਼ ਪ੍ਰਸਾਦ ਦੇ ਸਮਰਪਤ ਯਤਨਾਂ ਤੇ ਅਕਾਦਮਿਕ ਸੰਸਥਾਵਾਂ ਤੇ ਉਦਯੋਗ ਭਾਈਵਾਲਾਂ ਵਿਚਕਾਰ ਨਿਰੰਤਰ ਸਹਿਯੋਗ ਦੀ ਮਹੱਤਤਾ ਨੂੰ ਉਜਾਗਰ ਕੀਤਾ।ਕਾਨਫਰੰਸ ਪੁਰਸਕਾਰ ਸਮਾਰੋਹ ਨਾਲ ਸਮਾਪਤ ਹੋਈ, ਜਿਸ ਵਿੱਚ ਸ਼ਾਨਦਾਰ ਖੋਜ ਦਾ ਸਨਮਾਨ ਕੀਤਾ ਗਿਆ।ਸਲਾਈਟ ਫੈਕਲਟੀ ਮੈਂਬਰਾਂ ਤੇ ਪਤਵੰਤਿਆਂ ਨੇ ਭਾਗੀਦਾਰਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਵਧਾਈ ਦਿੱਤੀ ਤੇ ਹਾਲ ਤਾੜੀਆਂ ਤੇ ਪ੍ਰਸ਼ੰਸਾ ਨਾਲ ਗੂੰਜ ਉੱਠਿਆ।

## ਜੂਨੀਅਰ ਪੰਜਾਬ ਸਟੇਟ ਤਲਵਾਰਬਾਜ਼ੀ ਚੈਂਪੀਅਨਸ਼ਿਪ 'ਚ ਜੈਸਮੀਨ, ਗੁਰਲੀਨ ਰੱਖੜਾ, ਕੀਰਤਮੀਤ ਦੀ ਨੈਸ਼ਨਲ ਟੀਮ ਲਈ ਚੋਣ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਅੰਡਰ ਜੂਨੀਅਰ 20 ਸਾਲਾ ਸਟੇਟ ਫੈਂਸੀ ਚੈਂਪੀਅਨਸ਼ਿਪ ਪਟਿਆਲਾ ਦੇ ਆਤਮਾ ਰਾਮ ਆਸ਼ਰਮ ਪਟਿਆਲਾ ਵਿਖੇ ਮਹਿਲਾ ਤੇ ਪੁਰਸ਼ਾਂ ਦੀ ਤਿੰਨ ਰੋਜ਼ਾ ਜੂਨੀਅਰ ਪੰਜਾਬ ਸਟੇਟ ਤਲਵਾਰਬਾਜ਼ੀ ਚੈਂਪੀਅਨਸ਼ਿਪ ਹੋਈ।ਇਹ ਚੈਂਪੀਅਨਸ਼ਿਪ ਪੰਜਾਬ ਫੈਨਸਿੰਗ ਐਸੋਸੀਏਸ਼ਨ ਤੇ ਪਟਿਆਲਾ ਫੈਨਸਿੰਗ ਐਸੋਸੀਏਸ਼ਨ ਵੱਲੋਂ ਸਾਂਝੇ ਤੌਰ 'ਤੇ ਕਰਵਾਈ ਗਈ, ਜਿਸ ਵਿੱਚ ਜੂਨੀਅਰ ਸਟੇਟ ਤਲਵਾਰਬਾਜ਼ੀ ਚੈਂਪੀਅਨਸ਼ਿਪ ਦੇ ਫੋਇਲ ਤਲਵਾਰਬਾਜ਼ੀ ਮੁਕਾਬਲਿਆਂ ਵਿੱਚ ਪਟਿਆਲੇ ਦੀਆਂ ਦੋ ਲੜਕੀਆਂ ਨੇ ਬਾਜ਼ੀ ਮਾਰੀ, ਜਿਸ ਵਿੱਚ ਜੈਸਮੀਨ ਪਟਿਆਲਾ ਨੇ ਗੋਲਡ ਮੈਡਲ ਤੇ ਗੁਰਲੀਨ ਕੌਰ ਰੱਖੜਾ ਨੇ ਬ੍ਰਾਉਂਜ ਮੈਡਲ ਹਾਸਲ ਕਰਕੇ ਪਟਿਆਲਾ ਦਾ ਨਾਮ ਚਮਕਾਇਆ ਹੈ, ਉਥੇ ਹੀ ਕੀਰਤਮੀਤ ਕੌਰ ਨੇ ਸਿਲਵਰ ਮੈਡਲ ਜਿੱਤਿਆ ਹੈ, ਉਥੇ ਹੀ ਇਹ ਤਿੰਨੇ ਲੜਕੀਆਂ ਓੜੀਸਾ ਦੇ ਕਟਕ ਸਟੇਡੀਅਮ ਵਿਖੇ 5 ਜਨਵਰੀ 2026 ਤੋਂ ਸ਼ੁਰੂ ਹੋਣ ਜਾ ਜਾ ਰਹੀ ਜੂਨੀਅਰ ਨੈਸ਼ਨਲ ਤਲਵਾਰਬਾਜ਼ੀ ਚੈਂਪੀਅਨਸ਼ਿਪ ਲਈ ਵੀ ਚੁਣੀਆਂ ਗਈਆਂ ਹਨ, ਜਿੱਥੇ ਉਹ ਫਾਈਲ ਇਵੈਂਟ ਮੁਕਾਬਲੇ ਲਈ ਪੰਜਾਬ ਦੀ ਟੀਮ ਵਜੋਂ ਖੇਡਣਗੀਆਂ, ਉਥੇ ਹੀ ਪਟਿਆਲਾ ਵਿਖੇ ਹੋਈ ਜੂਨੀਅਰ ਸਟੇਟ ਚੈਂਪੀਅਨਸ਼ਿਪ ਵਿੱਚ ਇਨ੍ਹਾਂ ਲੜਕੀਆਂ ਨੇ ਖ਼ੂਬ ਨਾਮ ਚਮਕਾਇਆ ਹੈ, ਜਿੱਥੇ ਇਨ੍ਹਾਂ ਲੜਕੀਆਂ ਨੂੰ ਸੈਕਟਰੀ ਅਨਿਲ ਅਰੋੜਾ, ਨਰਿੰਦਰ ਕੁਮਾਰ ਆਦਿ ਹੋਰ ਪਤਵੰਤਿਆਂ ਨੇ ਸਨਮਾਨਤ ਕਰਨ ਦੀ ਰਸਮ ਅਦਾ ਕੀਤੀ।ਇਸ ਮੌਕੇ ਪੀ.ਆਈ.ਐੱਸ. ਮੋਹਾਲੀ ਤੋਂ ਹੋਰ ਫੈਨਸਿੰਗ ਕੋਚ ਵੀ ਹਾਜ਼ਰ ਸਨ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 'ਚ ਮੰਗਾਂ ਬਾਰੇ ਚਰਚਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਫਿਰੋਜ਼ਪੁਰ ਦੀ ਮਾਸਿਕ ਮੀਟਿੰਗ ਗੁਰਪ੍ਰਤਾਪ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਅਜੀਤ ਸਿੰਘ ਸੋਢੀ ਜਨਰਲ ਸਕੱਤਰ ਤੇ ਸੁਰਿੰਦਰ ਕੁਮਾਰ ਜੋਸਨ ਵਿੱਤ ਸਕੱਤਰ ਨੇ ਦੱਸਿਆ ਕਿ ਹੜ੍ਹ ਪੀੜਤ ਪਿੰਡਾਂ ਦੇ ਗਰੀਬ ਜ਼ਿੰਮੀਦਾਰਾਂ ਤੇ ਸਕੂਲੀ ਬੱਚਿਆਂ ਦੀ ਲਗਾਤਾਰ ਵਿਤੀ ਮੱਦਦ ਕੀਤੀ ਜਾ ਰਹੀ ਹੈ। ਸਮਾਰਟ ਪ੍ਰਾਇਮਰੀ ਸਕੂਲ ਟੇਂਡੀਵਾਲਾ ਤੇ ਪ੍ਰਾਇਮਰੀ ਸਮਾਰਟ ਸਕੂਲ ਭੱਖੜਾ ਦੇ ਗਰੀਬ ਬੱਚਿਆਂ ਨੂੰ ਲਗਭਗ 70 ਹਜ਼ਾਰ ਦੀਆਂ ਕਿਤਾਬਾਂ, ਕਾਪੀਆਂ ਦੀ ਸਟੇਸ਼ਨਰੀ ਵੰਡੀ ਗਈ ਹੈ ਅਤੇ ਹੋਰ ਵੀ ਹੜ੍ਹ ਪ੍ਰਭਾਵਿਤ ਗਰੀਬ ਪਰਵਾਰਾਂ ਦੇ ਬੱਚਿਆਂ ਦੀ ਮਦਦ ਇਸ ਜਥੇਬੰਦੀ ਵੱਲੋਂ ਕੀਤੀ ਜਾਵੇਗੀ। ਗੁਰਪ੍ਰਤਾਪ ਸਿੰਘ ਪ੍ਰਧਾਨ, ਬੂਟਾ ਸਿੰਘ ਸੀਨੀਅਰ ਵਾਇਸ ਪ੍ਰਧਾਨ, ਸਵਰਨਜੀਤ ਸਿੰਘ ਵਾਇਸ ਪ੍ਰਧਾਨ ਨੇ ਪੰਜਾਬ ਸਰਕਾਰ ਦੀ ਪੈਨਸ਼ਨਰਾਂ ਪ੍ਰਤੀ ਬੇਰੁਖੀ ਤੇ ਕੋਈ ਵੀ ਮੰਗ ਨਾ ਮੰਨੀ ਜਾਣ 'ਤੇ ਸਰਕਾਰ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਦੱਸਿਆ ਕਿ ਇਸ ਜਥੇਬੰਦੀ ਵੱਲੋਂ ਪੈਨਸ਼ਨਰਜ਼ ਦਿਵਸ 17 ਦਸੰਬਰ 2025 ਨੂੰ ਲਾਇਨਜ਼ ਕਲੱਬ ਸੰਤ ਲਾਲ ਰੋਡ ਫਿਰੋਜ਼ਪੁਰ ਕੈਂਟ ਵਿਚ ਮਨਾਇਆ ਜਾਵੇਗਾ। ਕੇ ਐੱਲ ਗਾਬਾ ਪੈਟਰਨ, ਸ਼ਬੇਗ ਸਿੰਘ ਚੇਅਰਮੈਨ ਗੁਰਚਰਨ ਸਿੰਘ, ਦੀਪਕ ਲਟੋਵਾ, ਮੁਕੇਸ਼ ਜੈਨ, ਓਪੀ ਗੁੰਬਰ, ਦੀਪਕ ਕੁਮਾਰ ਲਟੋਵਾ, ਦੇਵ ਰਾਜ ਨਰੂਲਾ, ਦੀਵਾਨ ਚੰਦ ਸੁਖੀਜਾ, ਗੁਰਚਰਨ ਸਿੰਘ, ਅਮੀਰ ਸਿੰਘ, ਰਾਜੇਸ ਕੁਮਾਰ ਜੇ ਈ ਹਾਜ਼ਰ ਸਨ।

## ਨਿਹਾਲ ਸਿੰਘ ਵਾਲਾ ਕੋਰਟ 'ਚ ਨੈਸ਼ਨਲ ਲੋਕ ਅਦਾਲਤ ਲਗਾਈ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਨਿਹਾਲ ਸਿੰਘ ਵਾਲਾ ਕੋਰਟ ਵਿੱਚ ਨੈਸ਼ਨਲ ਲੋਕ ਅਦਾਲਤ ਲਾਈ ਗਈ, ਜਿਸ ਵਿੱਚ ਜੂਨੀਅਰ ਸਿਵਲ ਜੱਜ ਮਿਸ. ਪ੍ਰਭਜੋਤ ਕੌਰ, ਐਡਵੋਕੇਟ ਗੌਤਮ ਗੋਇਲ, ਐਡਵੋਕੇਟ ਮੀਤੂ ਰਾਣੀ, ਮੈਂਬਰ ਲੋਕ ਅਦਾਲਤ ਹਾਜ਼ਰ ਸਨ।ਲੋਕ ਅਦਾਲਤ ਵਿੱਚ ਘਰੇਲੂ ਝਗੜੇ, ਸਿਵਲ ਸੂਟ, ਪਰਨੋਟਾਂ ਦੇ ਕੇਸ, ਬੈਂਕ ਕਰਜ਼ੇ, ਗੱਡੀਆਂ, ਮੋਟਰਸਾਈਕਲ ਦੇ ਚਲਾਨ ਆਦਿ ਕੇਸਾਂ ਦਾ ਨਿਪਟਾਰਾ ਕਰਵਾਇਆ ਗਿਆ।ਇਸ ਸਮੇਂ ਸੰਜੇ ਮੋਰੀਆ, ਜਜਮੈਂਟ ਰੀਡਰ, ਸੁਨੀਲ ਚੰਦ ਰੀਡਰ, ਜਿੰਦਰ ਸਿੰਘ, ਵਕੀਲ ਸਿੰਘ ਅਰਦਲੀ, ਵਿਵੇਕ, ਸਰਵਰ ਇੰਚਾਰਜ ਗੁਰਪ੍ਰੀਤ ਕੌਰ ਪੀ ਐੱਲ ਵੀ ਹਾਜ਼ਰ ਸਨ।

## ਜਨਤਕ ਨੁਮਾਇੰਦਿਆਂ ਨੂੰ ਹਲਕੇ ਦੇ ਵਿਕਾਸ ਲਈ ਜਵਾਬਦੇਹ ਬਣਾਇਆ ਜਾਵੇ : ਮੰਚ



**ਬਰੇਟਾ (ਰੀਤਵਾਲ)**-ਜਨਤਾ ਦੁਆਰਾ ਚੁਣੇ ਗਏ ਨੁਮਾਇੰਦੇ ਆਪਣੇ ਵੋਟਰਾਂ ਪ੍ਰਤੀ ਜਵਾਬਦੇਹ ਹੋਣੇ ਚਾਹੀਦੇ ਹਨ।ਵੋਟਰਾਂ ਨੇ ਜਿਨ੍ਹਾਂ ਮੁੱਦਿਆਂ ਨੂੰ ਉਠਾਉਣ ਤੇ ਹੱਲ ਕਰਨ ਲਈ ਜਿੱਤ ਦਿਵਾਈ ਹੈ, ਨੁਮਾਇੰਦਾ ਉਨ੍ਹਾਂ ਮੁੱਦਿਆਂ 'ਤੇ ਕੰਮ ਕਰੇ।ਜੇ ਨਾ ਕਰ ਸਕੇ ਤਾਂ ਜਨਤਕ ਤੌਰ 'ਤੇ ਮਾਫੀ ਮੰਗ ਕੇ ਅਹੁਦੇ ਤੋਂ ਅਸਤੀਫ਼ਾ ਦੇ ਦੇਵੇ ਅਤੇ ਅਜਿਹਾ ਕਰਨ ਨਾਲ਼ ਲੋਕਤੰਤਰ ਮਜ਼ਬੂਤ ਹੋਵੇਗਾ।ਇਹ ਵਿਚਾਰ ਇੱਥੇ ਇੱਕ ਬਿਆਨ ਜਾਰੀ ਕਰਨ ਸਮੇਂ ਜਨਤਕ ਸਮਾਜਿਕ ਤੇ ਲੋਕ ਜਥੇਬੰਦਕ ਮੰਚ ਇਲਾਕਾ ਬਰੇਟਾ ਦੇ ਆਗੂਆਂ ਦਸੌਂਦਾ ਸਿੰਘ, ਭੋਲਾ ਸਿੰਘ, ਤਰਸੇਮ ਸਿੰਘ ਆਦਿ ਨੇ ਪ੍ਰਗਟ ਕੀਤੇ।ਮੰਚ ਵੱਲੋਂ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਇਲਾਕੇ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਦੇ ਕੇ ਮੰਗ ਕੀਤੀ ਕਿ ਬਰੇਟਾ ਵਿਖੇ ਰੇਲਵੇ ਓਵਰ ਬਰਿਜ ਬਣਾਇਆ ਜਾਵੇ, ਗੋਬਿੰਦਪੁਰਾ ਵਿਖੇ ਥਰਮਲ ਵਾਲ਼ੀ ਜ਼ਮੀਨ 'ਤੇ ਰੁਜ਼ਗਾਰ ਦੇਣ ਵਾਲ਼ਾ ਪ੍ਰੋਜੈਕਟ ਲਾਇਆ ਜਾਵੇ, ਬਰੇਟਾ ਸਰਕਾਰੀ ਹਸਪਤਾਲ ਵਿੱਚ ਸਾਰੀਆਂ ਆਧੁਨਿਕ ਸਹੂਲਤਾਂ ਦਿੱਤੀਆਂ ਜਾਣ, ਸੜਕਾਂ ਤੇ ਪੀਣ ਵਾਲ਼ੇ ਪਾਣੀ ਦੇ ਨਾਲ਼ ਨਾਲ਼ ਨਹਿਰੀ ਪਾਣੀ ਦੀ ਮਾਤਰਾ ਵਧਾਈ ਜਾਵੇ, ਸਾਰੇ ਸਕੂਲਾਂ ਵਿੱਚ ਲੈਕਚਰਾਰ ਤੇ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਭਰੀਆਂ ਜਾਣ। ਇਸ ਮੌਕੇ ਮੰਚ ਦੇ ਹੋਰ ਆਗੂ ਵੀ ਮੌਜੂਦ ਸਨ।

## ਰਾਜ ਪੱਧਰੀ ਬੈਡਮਿੰਟਨ ਮੁਕਾਬਲੇ 'ਚ ਲਿਟਲ ਫਲਾਵਰ ਸਕੂਲ ਦੂਜੇ ਸਥਾਨ 'ਤੇ ਰਿਹਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਰਾਜ ਪੱਧਰੀ 45ਵੀਂ ਪੰਜਾਬ ਰਾਜ ਅੰਡਰ 11 ਵਰਗ ਲੜਕੇ ਬੈਡਮਿੰਟਨ ਖੇਡ ਮੁਕਾਬਲਿਆਂ ਵਿੱਚ ਲਿਟਲ ਫਲਾਵਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਖਿਡਾਰੀਆਂ ਨੇ ਦੂਜਾ ਸਥਾਨ ਹਾਸਲ ਕੀਤਾ ਹੈ।ਜ਼ਿਕਰਯੋਗ ਹੈ ਕਿ ਇਹ ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਪਟਿਆਲਾ ਵਿਖੇ ਕਰਵਾਈਆਂ ਗਈਆਂ, ਜਿਨ੍ਹਾਂ 'ਚ ਬੈਡਮਿੰਟਨ ਦੇ ਮੁਕਾਬਲੇ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚੋਂ 22 ਟੀਮਾਂ ਨੇ ਭਾਗ ਲਿਆ। ਰਾਜ ਪੱਧਰੀ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਲਿਟਰ ਫਲਾਵਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੀ ਟੀਮ ਦੇ ਖਿਡਾਰੀ ਅਰਿਹੰਤ ਗੋਇਲ, ਧਨਸਹਿਜ ਸਿੰਘ ਸਰਾਂ, ਰਿਹਾਨ ਗਰਗ ਨੇ ਆਪਣੀ ਖੇਡ ਬੈਡਮਿੰਟਨ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਇਲਾਕੇ ਤੇ ਸਕੂਲ ਦਾ ਮਾਣ ਵਧਾਇਆ ਹੈ।ਸਕੂਲ ਪ੍ਰਿੰਸੀਪਲ ਸ਼ੇਰਿਨ ਥਾਮਸ, ਫਾਦਰ ਸ਼ਿਬੂ, ਫਾਦਰ ਬ੍ਰਿਜੇਸ਼ ਬੀ. ਬੈਨੀ, ਡੈਨੀ (ਡੀ ਪੀ) ਤੇ ਜਤਿੰਦਰ ਸਿੰਘ ਸੰਧੂ (ਬੈਡਮਿੰਟਨ ਕੋਚ) ਨੇ ਜੇਤੂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਸਮੇਂ ਖਿਡਾਰੀਆਂ ਲਈ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਿਆਂ ਹੋਰ ਮਿਹਨਤ ਤੇ ਲਗਨ ਨਾਲ ਬੁਲੰਦੀਆਂ ਛੂਹਣ ਦੀ ਪ੍ਰੇਰਣਾ ਦਿੱਤੀ ਅਤੇ ਸਕੂਲ ਦੁਆਰਾ ਸਾਰੇ ਖਿਡਾਰੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮੂਹ ਸਕੂਲ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਇਤਿਹਾਸ ਸਿਰਜਣ 'ਚ ਵਿੱਦਿਅਕ ਗੁਰੂਆਂ ਦੀ ਪ੍ਰੇਰਣਾ ਨਾਲ ਸਥਾਪਤ ਹੋਣਗੇ ਨਵੇਂ ਕੀਰਤੀਮਾਨ : ਪ੍ਰੋ: ਬਲਦੇਵ ਸਿੰਘ

### *ਲੇਖਕ ਵੱਲੋਂ 'ਸੂਫ਼ੀ ਸੰਤਾਂ ਤੇ ਪੀਰਾਂ ਦਾ ਇਤਿਹਾਸ' ਪੁਸਤਕ ਭੇਟ*



**ਸਿਰਸਾ (ਸੁਰਿੰਦਰ ਪਾਲ ਸਿੰਘ)**-ਪਿੰਡ ਕੇਵਲ (ਸਿਰਸਾ) ਦੇ ਪ੍ਰੋਫੈਸਰ ਬਲਦੇਵ ਸਿੰਘ ਚੀਮਾਂ ਨੇ ਆਪਣੇ ਸਾਥੀ ਅਜੀਤ ਸਿੰਘ ਚਾਹਲ ਦੇ ਸਹਿਯੋਗ ਨਾਲ ਲਿਖੀ ਪੁਸਤਕ 'ਸੂਫੀ ਸੰਤਾਂ ਤੇ ਪੀਰਾਂ ਦਾ ਇਤਿਹਾਸ' ਨੂੰ ਆਪਣੇ ਪੁਰਾਣੇ ਗੁਰੂ ਸਾਬਕਾ ਸਿੱਖਿਆ ਅਧਿਕਾਰੀ ਸੁਰਜੀਤ ਸਿੰਘ ਬਰਜੋਤ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਜਾ ਕੇ ਭੇਟ ਕਰਦੇ ਹੋਏ ਕਿਹਾ ਕਿ ਸਾਨੂੰ ਹਮੇਸ਼ਾ ਗੁਰੂ ਪ੍ਰੰਪਰਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਗੁਰੂ ਕਾਸ਼ੀ ਵਿਖੇ ਸੇਵਾਵਾਂ ਨਿਭਾਅ ਰਹੇ ਪ੍ਰੋ: ਬਲਦੇਵ ਸਿੰਘ ਨੇ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਸੰਨ 1989 'ਚ ਜਦੋਂ ਸੁਰਜੀਤ ਸਿੰਘ ਹਾਈ ਸਕੂਲ ਕੇਵਲ ਵਿਖੇ ਹੈੱਡਮਾਸਟਰ ਸਨ ਤਾਂ ਉਹ ਸਾਨੂੰ ਆਪਣੇ ਸਿਲੇਬਸ ਦੇ ਨਾਲ-ਨਾਲ ਸਾਹਿਤ ਪੜ੍ਹਨ ਲਈ ਵੀ ਪ੍ਰੇਰਦੇ ਰਹਿੰਦੇ ਸਨ। ਉਨ੍ਹਾਂ ਕਿਹਾ ਕਿ ਉਸ ਸਮੇਂ ਦੇ ਸਾਡੇ ਗੁਰੂ ਤੋਂ ਸਾਨੂੰ ਸਾਹਿਤ ਸੱਭਿਆਚਾਰ ਤੇ ਸੰਸਕ੍ਰਿਤੀ ਵਾਰੇ ਬਹੁਤ ਕੁਝ ਸਿੱਖਣ ਨੂੰ ਮਿਲਿਆ ਜੋ ਅੱਗੇ ਜਾ ਕੇ ਸਾਡੇ ਲਈ ਮਾਰਗ ਦਰਸ਼ਕ ਬਣਿਆ। ਆਪਣੇ ਪੁਰਣੇ ਵਿਦਿਆਥੀ ਪ੍ਰੋ: ਬਲਦੇਵ ਸਿੰਘ ਤੇ ਅਜੀਤ ਸਿੰਘ ਚਾਹਲ ਦੇ ਸਹਿਯੋਗ ਨਾਲ ਲਿਖੀ ਪੁਸਤਕ 'ਸੂਫੀ ਸੰਤਾਂ ਤੇ ਪੀਰਾਂ ਦਾ ਇਤਿਹਾਸ' ਨੂੰ ਪ੍ਰਾਪਤ ਕਰਦੇ ਹੋਏ ਸਾਬਕਾ ਸਿੱਖਿਆ ਅਧਿਕਾਰੀ ਸੁਰਜੀਤ ਸਿੰਘ ਵੱਲੋਂ ਆਪਣੇ ਸ਼ਾਗਿਰਦਾਂ ਨੂੰ ਖ਼ੁਸ਼ੀ ਨਾਲ ਗਲ ਨਾਲ ਲਾ ਕੇ ਢੇਰ ਸਾਰਾ ਪਿਆਰ ਅਤੇ ਸਤਿਕਰ ਤੇ ਸਾਬਾਸ਼ ਦਿੱਤਾ ਗਿਆ।

## ਐੱਸ ਐੱਚ ਓ ਨੇ ਵੋਟਰਾਂ ਨਾਲ ਕੀਤੀ ਗੱਲਬਾਤ, ਪੋਜੇਵਾਲ ਬੂਥ 'ਤੇ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਬਲਾਚੌਰ (ਜਸਵਿੰਦਰ ਬੈਂਸ)**- ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀ ਚੋਣਾਂ ਲਈ ਅੱਜ ਸਵੇਰ ਤੋਂ ਹੀ ਬੂਥਾ ਉੱਪਰ ਵੋਟਾਂ ਪੈਣੀਆਂ ਆਰੰਭ ਹੋ ਗਈਆਂ। ਵੋਟਾਂ ਨੂੰ ਨਿਰਵਿਘਨ ਅਤੇ ਪਾਰਦਰਸ਼ਾਂ ਨਾਲ ਸਿਰੇ ਚੜਾਉਣ ਲਈ ਤੁਸ਼ਾਰ ਗੁਪਤਾ ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਦਿਆ ਉਪ ਕਪਤਾਨ ਪੁਲਿਸ ਬਲਾਚੌਰ ਹਿੰਮਤ ਮਲਹੋਤਰਾ ਦੀ ਅਗਵਾਈ ਹੇਠ ਥਾਣਾ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦੇ ਮੱਦੇਨਜ਼ਰ ਅੱਜ ਥਾਣਾ ਪੋਜੇਵਾਲ ਦੇ ਐੱਸ ਐੱਚ ਓ ਸਤਨਾਮ ਸਿੰਘ ਵੱਲੋਂ ਵੱਖ-ਵੱਖ ਚੋਣ ਬੂਥਾਂ ਦਾ ਨਿਰੀਖਣ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਸੜੋਆ ਜ਼ੋਨ ਦੇ ਅਧੀਨ ਆਉਂਦੇ ਪਿੰਡ ਪੋਜੇਵਾਲ ਦੇ ਬੂਥ 'ਤੇ ਪਹੁੰਚ ਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਬੂਥ ਦੀ ਚੈਕਿੰਗ ਦੌਰਾਨ ਐਸ.ਐਚ.ਓ. ਸਤਨਾਮ ਸਿੰਘ ਨੇ ਕੇਵਲ ਸੁਰੱਖਿਆ ਹੀ ਨਹੀਂ ਪਰਖੀ, ਸਗੋਂ ਉੱਥੇ ਵੋਟ ਪਾਉਣ ਆਏ ਵੋਟਰਾਂ ਨਾਲ ਖੁਦ ਗੱਲਬਾਤ ਵੀ ਕੀਤੀ। ਉਨ੍ਹਾਂ ਨੇ ਵੋਟਰਾਂ ਤੋਂ ਪੁੱਛਿਆ ਕਿ ਉਨ੍ਹਾਂ ਨੂੰ ਵੋਟ ਪਾਉਣ ਵੇਲੇ ਕਿਸੇ ਕਿਸਮ ਦੀ ਦਿੱਕਤ ਜਾਂ ਕਿਸੇ ਵੱਲੋਂ ਕੋਈ ਡਰ-ਧਮਕਾਵਾ ਤਾਂ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਵੋਟਰਾਂ ਨੂੰ ਭਰੋਸਾ ਦਿਵਾਇਆ ਕਿ ਪੁਲਸ ਪ੍ਰਸ਼ਾਸਨ ਉਨ੍ਹਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ ਐੱਚ ਓ ਨੇ ਕਿਹਾ ਕਿ ਚੋਣਾਂ ਦੌਰਾਨ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਅਮਨ-ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਡਿਊਟੀ 'ਤੇ ਤਾਇਨਾਤ ਮੁਲਾਜ਼ਮਾਂ ਨੂੰ ਵੀ ਸਖ਼ਤ ਨਿਰਦੇਸ਼ ਦਿੱਤੇ ਕਿ ਹਰ ਗਤੀਵਿਧੀ 'ਤੇ ਤਿੱਖੀ ਨਜ਼ਰ ਰੱਖੀ ਜਾਵੇ। ?ਵੋਟਰਾਂ ਨੇ ਪੁਲਸ ਦੀ ਇਸ ਕਾਰਵਾਈ 'ਤੇ ਸੰਤੁਸ਼ਟੀ ਪ੍ਰਗਟਾਈ ਅਤੇ ਬਿਨਾਂ ਕਿਸੇ ਡਰ ਤੋਂ ਆਪਣੇ ਜਮਹੂਰੀ ਹੱਕ ਦਾ ਇਸਤੇਮਾਲ ਕੀਤਾ।



## ਕੰਪਿਊਟੇਸ਼ਨਲ ਡਰੱਗ ਡਿਜ਼ਾਈਨ 'ਤੇ ਤਿੰਨ ਦਿਨਾ ਰਾਸ਼ਟਰੀ ਵਰਕਸ਼ਾਪ

**ਮੋਹਾਲੀ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਨੇ 'ਕੰਪਿਊਟੇਸ਼ਨਲ ਏਡਿਡ ਡਰੱਗ ਡਿਜ਼ਾਈਨ ਅਤੇ ਖੋਜ' 'ਤੇ ਤਿੰਨ ਦਿਨਾਂ ਰਾਸ਼ਟਰੀ ਵਰਕਸ਼ਾਪ-ਕਮ-ਹੈਂਡਸ-ਆਨ ਸਿਖਲਾਈ ਦੀ ਮੇਜ਼ਬਾਨੀ ਕੀਤੀ।ਇਹ ਸਮਾਗਮ ਯੂਨੀਵਰਸਿਟੀ ਸਕੂਲ ਆਫ਼ ਸਾਇੰਸਜ਼ ਦੁਆਰਾ ਆਯੋਜਿਤ ਕੀਤਾ ਗਿਆ ਸੀ ਅਤੇ ਇਸ ਵਿੱਚ ਸੈਂਕੜੇ ਭਾਗੀਦਾਰ ਸ਼ਾਮਲ ਹੋਏ, ਜਿਨ੍ਹਾਂ ਵਿੱਚ 10 ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਿਆਰਥੀ, ਖੋਜ ਵਿਦਵਾਨ ਅਤੇ ਪੇਸ਼ੇਵਰ ਸ਼ਾਮਲ ਸਨ।ਇਸ ਵਰਕਸ਼ਾਪ ਦਾ ਉਦੇਸ਼ ਭਾਗੀਦਾਰਾਂ ਨੂੰ ਆਧੁਨਿਕ ਕੰਪਿਊਟੇਸ਼ਨਲ ਟੂਲਸ ਨਾਲ ਵਿਹਾਰਕ ਸੰਪਰਕ ਪ੍ਰਦਾਨ ਕਰਨਾ ਸੀ ਜੋ ਡਰੱਗ ਖੋਜ ਦੇ ਖੇਤਰ ਨੂੰ ਬਦਲ ਰਹੇ ਹਨ।ਤਿੰਨ ਦਿਨਾਂ ਤੱਕ, ਰਿਆਤ ਬਾਹਰਾ ਯੂਨੀਵਰਸਿਟੀ ਦੇ ਰਸਾਇਣ ਵਿਗਿਆਨ ਦੇ ਸਹਾਇਕ ਪ੍ਰੋਫੈਸਰ ਡਾ. ਪਵਨ ਦੀ ਅਗਵਾਈ ਵਿੱਚ ਤਕਨੀਕੀ ਅਤੇ ਵਿਹਾਰਕ ਸੈਸ਼ਨਾਂ ਦੀ ਇੱਕ ਲੜੀ ਹੋਈ, ਜਿਸ ਵਿੱਚ ਡਾ. ਸੁਮੇਸ਼ ਖੁਰਾਨਾ ਨੇ ਵਰਕਸ਼ਾਪ ਦੌਰਾਨ ਜ਼ਰੂਰੀ ਸਹਾਇਤਾ ਪ੍ਰਦਾਨ ਕੀਤੀ। ਇਸ ਸਮਾਗਮ ਦੀ ਸ਼ੁਰੂਆਤ ਰਿਆਤ ਬਾਹਰਾ ਯੂਨੀਵਰਸਿਟੀ ਦੇ ਪ੍ਰੋ ਵਾਈਸ-ਚਾਂਸਲਰ, ਪ੍ਰੋਫੈਸਰ (ਡਾ.) ਸਤੀਸ਼ ਕੁਮਾਰ ਦੇ ਉਦਘਾਟਨੀ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਫਾਰਮਾਸਿਊਟੀਕਲ ਅਤੇ ਸਿਹਤ ਸੰਭਾਲ ਖੇਤਰਾਂ ਵਿੱਚ ਕੰਪਿਊਟਰ-ਅਧਾਰਤ ਡਰੱਗ ਡਿਜ਼ਾਈਨ ਦੀ ਵੱਧ ਰਹੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਦਵਾਈਆਂ ਦੇ ਵਿਕਾਸ ਨੂੰ ਤੇਜ਼ ਕਰਨ ਲਈ ਅੰਤਰ-ਅਨੁਸ਼ਾਸਨੀ ਖੋਜ, ਜੀਵ ਵਿਗਿਆਨ, ਰਸਾਇਣ ਵਿਗਿਆਨ ਅਤੇ ਕੰਪਿਊਟੇਸ਼ਨਲ ਵਿਗਿਆਨ ਨੂੰ ਏਕੀਕ੍ਰਿਤ ਕਰਨ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ। ਤਕਨੀਕੀ ਸੈਸ਼ਨਾਂ ਦੀ ਸ਼ੁਰੂਆਤ ਰਵਾਇਤੀ ਅਤੇ ਆਧੁਨਿਕ ਦੋਵਾਂ ਤਰ੍ਹਾਂ ਦੇ ਡਰੱਗ ਡਿਜ਼ਾਈਨ ਤਰੀਕਿਆਂ ਦੀ ਜਾਣ-ਪਛਾਣ ਨਾਲ ਹੋਈ। ਭਾਗੀਦਾਰਾਂ ਨੇ ਅਣੂ ਪ੍ਰਤੀਨਿਧਤਾ, ਅਣੂ ਵਰਣਨਕਰਤਾ, ਨਸ਼ੀਲੇ ਪਦਾਰਥਾਂ ਦੀ ਸਮਾਨਤਾ, ਵਰਚੁਅਲ ਸਕ੍ਰੀਨਿੰਗ, ਅਤੇ ਕੰਪਿਊਟਰ-ਏਡਿਡ ਡਰੱਗ ਡਿਜ਼ਾਈਨ ਅਤੇ ਡਿਸਕਵਰੀ ਦੇ ਹੋਰ ਜ਼ਰੂਰੀ ਹਿੱਸਿਆਂ ਬਾਰੇ ਸਿੱਖਿਆ। ਇਹ ਵਰਕਸ਼ਾਪ ਯੂਨੀਵਰਸਿਟੀ ਸਕੂਲ ਆਫ਼ ਸਾਇੰਸਜ਼ ਦੇ ਡੀਨ ਡਾ. ਮਨੋਜ ਬਾਲੀ ਦੀ ਨਿਗਰਾਨੀ ਹੇਠ ਆਯੋਜਿਤ ਕੀਤੀ ਗਈ ਅਤੇ ਰਿਆਤ ਬਾਹਰਾ ਗਰੁੱਪ ਦੇ ਵਾਈਸ-ਚਾਂਸਲਰ ਡਾ. ਸੰਜੇ ਕੁਮਾਰ ਦੀ ਅਗਵਾਈ ਵਿੱਚ ਇੱਕ ਵਿਦਾਇਗੀ ਸੈਸ਼ਨ ਅਤੇ ਸਰਟੀਫਿਕੇਟ ਵੰਡ ਨਾਲ ਸਮਾਪਤ ਹੋਈ, ਜਿਨ੍ਹਾਂ ਨੇ ਇੱਕ ਉਤਸ਼ਾਹਜਨਕ ਅਤੇ ਇੰਟਰਐਕਟਿਵ ਭਾਸ਼ਣ ਸਾਂਝਾ ਕੀਤਾ। ਇਸ ਪ੍ਰੋਗਰਾਮ ਨੂੰ ਫੈਕਲਟੀ ਮੈਂਬਰਾਂ, ਡਾ. ਹਰੀਸ਼ ਕੁਮਾਰ, ਡਾ. ਅਨਿਲ, ਵਿਸ਼ਾਲ ਸ਼ਰਮਾ, ਨਿਸ਼ਾ ਅਤੇ ਸੀਮਾ ਨੇ ਸੈਸ਼ਨਾਂ ਅਤੇ ਸਮੁੱਚੇ ਪ੍ਰਬੰਧਾਂ ਵਿੱਚ ਯੋਗਦਾਨ ਪਾਇਆ, ਡਾ. ਸ਼ਵੇਤਾ ਭਾਰਦਵਾਜ ਨੇ ਤਿੰਨ ਦਿਨਾਂ ਦੌਰਾਨ ਇਸ ਪ੍ਰੋਗਰਾਮ ਦਾ ਤਾਲਮੇਲ ਕੀਤਾ।



## ਡਿਪਟੀ ਕਮਿਸ਼ਨਰ ਵੱਲੋਂ ਨਾਗਰਿਕ ਸੇਵਾਵਾਂ 'ਚ ਜ਼ੀਰੋ ਪੈਂਡੈਂਸੀ ਯਕੀਨੀ ਬਣਾਉਣ ਦੀਆਂ ਹਦਾਇਤਾਂ

**ਜਲੰਧਰ (ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਜਨਤਕ ਸਮੱਸਿਆਵਾਂ ਦੇ ਹੱਲ ਲਈ ਪ੍ਰਾਪਤ ਅਰਜ਼ੀਆਂ ਦਾ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਉਂਦਿਆਂ ਜ਼ੀਰੋ ਪੈਂਡੈਂਸੀ ਦੇ ਟੀਚੇ ਨੂੰ ਹਾਸਿਲ ਕੀਤਾ ਜਾਵੇ। ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਜਾਇਜ਼ਾ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਾ. ਅਗਰਵਾਲ ਨੇ ਕਿਹਾ ਕਿ ਪਿਛਲੇ ਇਕ ਸਾਲ ਦੌਰਾਨ ਜ਼ਿਲ੍ਹੇ ਭਰ ਦੇ ਸੇਵਾ ਕੇਂਦਰਾਂ ਵਿੱਚ 3,75,774 ਬਿਨੈਕਾਰਾਂ ਵਲੋਂ ਵੱਖ-ਵੱਖ ਸੇਵਾਵਾਂ ਦਾ ਲਾਭ ਉਠਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹਾਲੇ ਵੀ 0.22 ਫੀਸਦੀ ਬਕਾਇਆ ਦਰ ਪਾਈ ਜਾ ਰਹੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਿਯਮਤ ਨਿਗਰਾਨੀ ਅਤੇ ਬਕਾਇਆ ਅਰਜ਼ੀਆਂ 'ਤੇ ਤੁਰੰਤ ਕਾਰਵਾਈ ਕਰਦਿਆਂ ਇਸ ਨੂੰ ਜ਼ੀਰੋ 'ਤੇ ਲਿਆਂਦਾ ਜਾਵੇ। ਨਿਸ਼ਚਿਤ ਸਮਾਂ ਸੀਮਾਂ ਦੀ ਸਖਤੀ ਨਾਲ ਪਾਲਣਾ ਕਰਨ 'ਤੇ ਜ਼ੋਰ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਸਪਸ਼ਟ ਕਿਹਾ ਕਿ ਜੋ ਵੀ ਅਧਿਕਾਰੀ ਤੇ ਕਰਮਚਾਰੀ ਬਿਨ੍ਹਾਂ ਵਜਾ ਦੇਰੀ ਕਰਦਾ ਪਾਇਆ ਗਿਆ, ਤਾਂ ਉਸ ਖਿਲਾਫ ਸਖਤ ਕਦਮ ਚੁੱਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਲੋਕਾਂ ਨੂੰ ਨਿਰਵਿਘਨ, ਪਾਰਦਰਸ਼ੀ ਤੇ ਅਸਰਦਾਰ ਢੰਗ ਨਾਲ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਪਹਿਲੀ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸੇ ਵਚਨਬੱਧਤਾ ਤਹਿਤ ਅਨੇਕਾਂ ਕ੍ਰਾਂਤੀਕਾਰੀ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਸਰਕਾਰੀ ਦਫ਼ਤਰਾਂ ਵਿੱਚ ਲੋਕਾਂ ਦੀ ਸਹੂਲਤ ਲਈ ਪ੍ਰਕਿਰਿਆਵਾਂ ਨੂੰ ਸਰਲ ਬਣਾਇਆ ਗਿਆ ਹੈ।ਪਬਲਿਕ ਗ੍ਰੀਵੈਂਸਸ ਰਿਡਰੇਸਲ ਸਿਸਟਮ (ਪੀ ਜੀ ਆਰ ਐੱਸ) ਤਹਿਤ ਬਕਾਇਆ ਅਰਜ਼ੀਆਂ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਡਾ. ਅਗਰਵਾਲ ਨੇ ਵੱਖ-ਵੱਖ ਵਿਭਾਗਾਂ ਨੂੰ ਹਦਾਇਤਾਂ ਕੀਤੀਆਂ ਕਿ ਸਾਰੀਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪੀ ਜੀ ਆਰ ਐੱਸ ਪੋਰਟਲ 'ਤੇ ਸ਼ਿਕਾਇਤ ਦਰਜ ਕਰਨ ਦਾ ਮਤਲਬ ਇਸ ਨੂੰ ਜਲਦ ਤੋਂ ਜਲਦ ਹੱਲ ਕੀਤਾ ਜਾਵੇ ਅਤੇ ਇਸ ਵਿੱਚ ਕੀਤੀ ਗਈ ਦੇਰੀ ਪੋਰਟਲ ਦੇ ਉਦੇਸ਼ ਨੂੰ ਢਾਹ ਲਗਾਉਂਦੀ ਹੈ।

## ਸ੍ਰੀ ਸ਼ਾਰਦਾ ਮਾਤਾ ਮੰਦਰ ਸੰਸਥਾ ਦੀ ਸਾਲਾਨਾ ਚੋਣ ਪ੍ਰਕਿਰਿਆ ਸੰਪੰਨ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸਾਧੂਨਗਰ ਵਿਖੇ ਸਥਿਤ ਪ੍ਰਸਿੱਧ ਸ੍ਰੀ ਸ਼ਾਰਦਾ ਮਾਤਾ ਮੰਦਰ ਦੀ ਸੰਸਥਾ ਸ੍ਰੀ ਸ਼ਾਰਦਾ ਮਾਤਾ ਪਰਵਾਰ ਦੀ ਸਾਲਾਨਾ ਚੋਣ ਬੜੇ ਸੁਚੱਜੇ, ਸ਼ਾਂਤੀਪੂਰਨ ਅਤੇ ਲੋਕਤਾਂਤਰਿਕ ਢੰਗ ਨਾਲ ਸੰਪੰਨ ਹੋਈ। ਇਹ ਚੋਣ ਪ੍ਰਕਿਰਿਆ ਸੰਸਥਾ ਦੇ ਸੀਨੀਅਰ ਮੈਂਬਰਾਂ ਸੁਸ਼ੀਲ ਵਿਆਸ ਅਤੇ ਅੰਮ੍ਰਿਤਪਾਲ ਸਿੰਘ ਮੋਦੀ ਦੀ ਅਗਵਾਈ ਅਤੇ ਦੇਖ-ਰੇਖ ਹੇਠ ਕਰਵਾਈ ਗਈ, ਜਿਸ ਵਿੱਚ ਸੰਸਥਾ ਦੇ ਵੱਡੀ ਗਿਣਤੀ ਵਿੱਚ ਮੈਂਬਰਾਂ ਨੇ ਭਾਗ ਲਿਆ।ਚੋਣ ਪ੍ਰਕਿਰਿਆ ਦੌਰਾਨ ਮੰਦਰ ਪ੍ਰਾਂਗਣ ਵਿੱਚ ਧਾਰਮਿਕ ਅਤੇ ਸੇਵਾਮੁਖੀ ਵਾਤਾਵਰਨ ਬਣਿਆ ਰਿਹਾ। ਸਾਰੇ ਮੈਂਬਰਾਂ ਨੇ ਆਪਸੀ ਸਹਿਮਤੀ ਅਤੇ ਭਾਈਚਾਰੇ ਦੀ ਭਾਵਨਾ ਨਾਲ ਨਵੀਂ ਕਾਰਜ ਕਾਰਨੀ ਦੀ ਚੋਣ ਕੀਤੀ। ਚੋਣਾਂ ਦੇ ਨਤੀਜੇ ਐਲਾਨੇ ਜਾਣ ਉਪਰਾਂਤ ਸੰਸਥਾ ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ।ਚੋਣਾਂ ਵਿੱਚ ਰਾਕੇਸ਼ ਅਚਿੰਤ ਨੂੰ ਸੰਸਥਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਦੀਪਕ ਮੱਗੋ ਨੂੰ ਵਾਈਸ ਪ੍ਰਧਾਨ, ਰਜਨੀਸ਼ ਮਨੀ ਨੂੰ ਸਕੱਤਰ ਅਤੇ ਰਾਜਨ ਜੱਸੀ ਨੂੰ ਖ਼ਜ਼ਾਨਚੀ (ਕੈਸ਼ੀਅਰ) ਦੀ ਜ਼ਿੰਮੇਵਾਰੀ ਸੌਂਪੀ ਗਈ। ਨਵੀਂ ਚੁਣੀ ਗਈ ਕਾਰਜ ਕਰਨੀ ਨੂੰ ਮੰਦਰ ਨਾਲ ਜੁੜੇ ਮੈਂਬਰਾਂ ਵੱਲੋਂ ਭਰਪੂਰ ਸਮਰਥਨ ਮਿਲਿਆ।ਇਸ ਮੌਕੇ ਸੰਸਥਾ ਦੇ ਵਿਸਥਾਰ ਅਤੇ ਮਜ਼ਬੂਤੀ ਲਈ ਨਵੇਂ ਮੈਂਬਰਾਂ ਨੂੰ ਵੀ ਸੰਸਥਾ ਨਾਲ ਜੋੜਿਆ ਗਿਆ। ਨਵੇਂ ਸ਼ਾਮਲ ਕੀਤੇ ਗਏ ਮੈਂਬਰਾਂ ਵਿੱਚ ਰਾਕੇਸ਼ ਮਹਿਤਾ, ਭੁਵਨੇਸ਼ ਚੌਹਾਨ ਅਤੇ ਪ੍ਰਕਾਸ਼ ਕੁਮਾਰ ਦੇ ਨਾਂਅ ਸ਼ਾਮਲ ਹਨ। ਸੰਸਥਾ ਦੇ ਅਹੁਦੇਦਾਰਾਂ ਨੇ ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸੰਸਥਾ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਨਵੀਂ ਬਣੀ ਟੀਮ ਨੇ ਸਾਰੇ ਮੈਂਬਰਾਂ ਨੂੰ ਇਹ ਭਰੋਸਾ ਦਿਵਾਇਆ ਕਿ ਜਿਵੇਂ ਪਿਛਲੇ ਸਮੇਂ ਤੋਂ ਸ੍ਰੀ ਸ਼ਾਰਦਾ ਮਾਤਾ ਮੰਦਰ ਵਿੱਚ ਧਾਰਮਿਕ, ਸਮਾਜਿਕ ਅਤੇ ਸੇਵਾਮੁਖੀ ਕਾਰਜ ਸੁਚੱਜੇ ਤਰੀਕੇ ਨਾਲ ਚਲਦੇ ਆ ਰਹੇ ਹਨ, ਉਹਨਾਂ ਨੂੰ ਭਵਿੱਖ ਵਿੱਚ ਵੀ ਉਸੇ ਗੀਤ ਨਾਲ ਜਾਰੀ ਰੱਖਿਆ ਜਾਵੇਗਾ। ਨਵੀਂ ਕਾਰਜਕਰਨੀ ਨੇ ਕਿਹਾ ਕਿ ਮੰਦਰ ਸਿਰਫ਼ ਇਬਾਦਤ ਦਾ ਸਥਾਨ ਹੀ ਨਹੀਂ, ਸਗੋਂ ਸਮਾਜਿਕ ਸੇਵਾ ਦਾ ਕੇਂਦਰ ਵੀ ਹੈ, ਜਿਸ ਰਾਹੀਂ ਲੋੜਵੰਦ ਲੋਕਾਂ ਦੀ ਮਦਦ ਕਰਨਾ ਸੰਸਥਾ ਦਾ ਮੁੱਖ ਲਕਸ਼ ਰਹੇਗਾ।ਇਸ ਦੌਰਾਨ ਨਵੀਂ ਟੀਮ ਵੱਲੋਂ ਆਉਣ ਵਾਲੀ ਬਸੰਤ ਪੰਚਮੀ ਦੇ ਤਿਉਹਾਰ ਨੂੰ ਲੈ ਕੇ ਵੀ ਇੱਕ ਮਹੱਤਵਪੂਰਨ ਐਲਾਨ ਕੀਤਾ ਗਿਆ। ਸੰਸਥਾ ਨੇ ਫ਼ੈਸਲਾ ਕੀਤਾ ਹੈ ਕਿ ਬਸੰਤ ਪੰਚਮੀ ਦੇ ਸ਼ੁਭ ਅਵਸਰ 'ਤੇ ਇੱਕ ਲੋੜਵੰਦ ਪਰਿਵਾਰ ਦੀ ਧੀ ਦਾ ਵਿਆਹ ਕਰਵਾਇਆ ਜਾਵੇਗਾ। ਨਾਲ ਹੀ ਇਸ ਤਿਉਹਾਰ ਨੂੰ ਧਾਰਮਿਕ ਰਸਮਾਂ, ਭਜਨਾਂ ਅਤੇ ਸਮਾਜਿਕ ਸੇਵਾ ਦੇ ਕਾਰਜਾਂ ਨਾਲ ਹੋਰ ਵੀ ਸ਼ਾਨਦਾਰ ਢੰਗ ਨਾਲ ਮਨਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਫ਼ੈਸਲੇ ਦੀ ਮੰਦਰ ਨਾਲ ਜੁੜੇ ਸਾਰੇ ਮੈਂਬਰਾਂ ਅਤੇ ਇਲਾਕਾ ਵਾਸੀਆਂ ਵੱਲੋਂ ਖ਼ੂਬ ਸਾਰਾਹਨਾ ਕੀਤੀ ਗਈ।ਚੋਣ ਪ੍ਰਕਿਰਿਆ ਵਿੱਚ ਸੰਸਥਾ ਦੇ ਕਈ ਪ੍ਰਮੁੱਖ ਮੈਂਬਰ ਹਾਜ਼ਰ ਰਹੇ, ਜਿਨ੍ਹਾਂ ਵਿੱਚ ਤੁਸ਼ਾਰ ਕੌਸ਼ਿਕ, ਨਿਤਿਨ ਜੈਨ, ਕੁਨਾਲ ਕੌਸ਼ਿਕ, ਦਿਨੇਸ਼ ਗਾਂਧੀ, ਰਵਿੰਦਰ ਕੌਸ਼ਿਕ, ਵਿਕਾਸ ਸ਼ਰਮਾ, ਸੁਮਿਤ ਪੁਰੀ, ਸੁਮਿਤ ਵਰਮਾ, ਅਮਰੀਸ਼ ਭੱਲਾ ਅਤੇ ਸੰਦੀਪ ਭਟਨਾਗਰ ਦੇ ਨਾਂਅ ਖਾਸ ਤੌਰ 'ਤੇ ਸ਼ਾਮਲ ਹਨ। ਸਾਰੇ ਮੈਂਬਰਾਂ ਨੇ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਸੁਚੱਜਾ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ।ਇਸ ਮੌਕੇ ਸੰਸਥਾ ਦੇ ਸਾਬਕਾ ਪ੍ਰਧਾਨ ਤੁਸ਼ਾਰ ਕੌਸ਼ਿਕ ਨੇ ਨਵੀਂ ਬਣੀ ਕਾਰਜਕਾਰਨੀ ਨੂੰ ਦਿਲੋਂ ਵਧਾਈਆਂ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਨਵੀਂ ਟੀਮ ਮੰਦਰ ਅਤੇ ਸੰਸਥਾ ਦੀ ਸ਼ਾਨ ਨੂੰ ਹੋਰ ਉਚਾਈਆਂ 'ਤੇ ਲੈ ਕੇ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਟੀਮ ਵਰਕ, ਸੇਵਾ ਭਾਵਨਾ ਅਤੇ ਸਮਰਪਣ ਨਾਲ ਕੀਤੇ ਗਏ ਕਾਰਜ ਹਮੇਸ਼ਾਂ ਸਮਾਜ ਲਈ ਮਿਸਾਲ ਬਣਦੇ ਹਨ।



## ਦੋਆਬਾ ਕਾਲਜ ਖਰੜ ਵਿਖੇ ਆਈ ਬੀ ਐੱਮ ਦਾ ਇੰਟਰਨਸ਼ਿਪ ਡਰਾਈਵ

ਕਪੂਰਥਲਾ-ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ ਕੇ ਜੀ ਪੀ ਟੀ ਯੂ) ਨੇ ਏ ਆਈ ਸੰਚਾਲਿਤ ਅਰਥਵਿਵਸਥਾ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਵੱਲ ਇੱਕ ਨਿਰਣਾਇਕ ਕਦਮ ਚੁੱਕਦੇ ਹੋਏ ਯੂਨੀਵਰਸਿਟੀ-ਵਿਆਪੀ ਫਾਊਂਡੇਸ਼ਨ ਪ੍ਰੋਗਰਾਮ ਪਾਵਰ ਆਫ ਏ ਆਈ ਲਾਗੂ ਕਰਨ ਦੀ ਪਹਿਲ ਕੀਤੀ ਹੈ। ਇਸਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਯੂਨੀਵਰਸਿਟੀ ਦਾ ਹਰ ਗ੍ਰੈਜੂਏਟ ਏ ਆਈ ਦੀ ਕਾਰਗਰ ਸਮਝ ਨਾਲ ਕੈਂਪਸ ਤੋਂ ਬਾਹਰ ਨਿਕਲੇ ਤੇ ਏ ਆਈ ਨੂੰ ਸਿਰਫ਼ ਇੱਕ ਟੈਕਨਾਲੋਜੀ ਰੁਝਾਨ ਨਹੀਂ, ਸਗੋਂ ਇੱਕ ਵਿਹਾਰਕ ਸਾਧਨ ਵਜੋਂ ਸਮਝੇ ਜੋ ਸੇਵਾਵਾਂ, ਮੈਨੂਫੈਕਚਰਿੰਗ, ਸਿੱਖਿਆ, ਹੈਲਥਕੇਅਰ ਅਤੇ ਬਿਜ਼ਨਸ ਉਪਰੇਸ਼ਨਜ਼ ਸਮੇਤ ਕਈ ਖੇਤਰਾਂ ਨੂੰ ਤੇਜ਼ੀ ਨਾਲ ਬਦਲ ਰਿਹਾ ਹੈ।ਯੂਨੀਵਰਸਿਟੀ ਨੇ ਕੰਪਿਊਟਰ ਸਾਇੰਸ ਤੇ ਆਈ.ਟੀ ਨਾਲ ਸੰਬੰਧਿਤ ਬ੍ਰਾਂਚਾਂ ਵਿੱਚ ਏ ਆਈ-ਕੇਂਦ੍ਰਿਤ ਕੋਰਸਵਰਕ ਸ਼ੁਰੂ ਕਰਨ ਤੇ ਇੰਜੀਨੀਅਰਿੰਗ ਅਤੇ ਹੋਰ ਵਿਗਿਆਨ ਤੇ ਤਕਨਾਲੋਜੀ ਸਟ੍ਰੀਮਾਂ ਦੇ ਵਿਦਿਆਰਥੀਆਂ ਲਈ ਇਸਨੂੰ ਸ਼ੁਰੂ ਕਰਨ ਦਾ ਫੈਂਸਲਾ ਲਿਆ ਹੈ। ਇਸ ਸਬੰਧ ਵਿਚ ਯੂਨੀਵਰਸਿਟੀ ਅਤੇ ਸਾਰਸ ਇੰਸਟੀਟਿਊਟ ਵਿਚਕਾਰ ਇਕ ਕਰਾਰ ਕੀਤਾ ਗਿਆ ਹੈ, ਜਿਸ ਮੁਤਾਬਿਕ ਆਈ ਕੇ ਜੀ ਪੀ ਟੀ ਯੂ ਦੇ ਵਿਦਿਆਰਥੀ ਹੁਣ ਮਾਰਕੀਟ ਮੁਤਾਬਿਕ ਤਿਆਰ ਹੋਣਗੇ ਤੇ ਰੋਜ਼ਗਾਰ, ਉਦਮਤਾ ਚ ਵਾਧਾ ਕਰਨਯੋਗ ਹੋਣਗੇ। ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ (ਡਾ.) ਸੁਸ਼ੀਲ ਮਿੱਤਲ ਨੇ ਦੱਸਿਆ ਕਿ ਪਾਵਰ ਆਫ ਏ ਆਈ ਕੋਰਸ ਵਿਦਿਆਰਥੀਆਂ ਲਈ ਮਾਈਕਰੋਸੋਫਟ, ਗੂਗਲ, ਐਪਲ ਵਰਗੀਆਂ ਵਿਸ਼ਵ-ਪੱਧਰੀ ਟੈਕ ਕੰਪਨੀਆਂ ਨਾਲ ਜੁੜੇ ਪ੍ਰੋਫੈਸ਼ਨਲਜ਼ ਸਮੇਤ ਹੋਰ ਮਾਹਰਾਂ ਦੇ ਸਹਿਯੋਗ ਨਾਲ ਡਿਜ਼ਾਈਨ ਕੀਤਾ ਜਾ ਰਿਹਾ ਹੈ। ਇਹ ਇੰਡਸਟਰੀ-ਅਲਾਇਨਡ ਪਹੁੰਚ ਵਿਦਿਆਰਥੀਆਂ ਨੂੰ ਏ.ਆਈ ਨੂੰ ਅਸਲ ਦੁਨੀਆ ਦੇ ਯੂਜ਼-ਕੇਸਜ਼ ਅਤੇ ਭਵਿੱਖ ਦੀਆਂ ਭੂਮਿਕਾਵਾਂ ਦੇ ਮੁਤਾਬਕ ਸਿੱਖਣ ਵਿੱਚ ਸਹਾਇਤਾ ਕਰੇਗੀ। ਉਹਨਾਂ ਦੱਸਿਆ ਕਿ ਪਾਵਰ ਆਫ ਏ ਆਈ ਪ੍ਰੋਗਰਾਮ ਆਨਲਾਈਨ ਮੋਡ ਵਿੱਚ ਚਲਾਇਆ ਜਾਵੇਗਾ ਤੇ ਯੂਨੀਵਰਸਿਟੀ ਟ੍ਰੇਨਿੰਗ ਦੀ ਪੂਰੀ ਲਾਗਤ ਖੁਦ ਉਠਾਵੇਗੀ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਤੱਕ ਇਸ ਦੀ ਪਹੁੰਚ ਯਕੀਨੀ ਬਣਾਈ ਜਾ ਸਕੇ। ਇਸਨੂੰ ਵਿਦਿਆਰਥੀਆਂ ਲਈ ਲਾਜ਼ਮੀ ਕਰਨ ਦੀ ਵੀ ਯੋਜਨਾ ਹੈ। ਉਪ-ਕੁਲਪਤੀ ਡਾ. ਸੁਸ਼ੀਲ ਮਿੱਤਲ ਨੇ ਕਿਹਾ ਕਿ ਏ ਆਈ ਹੁਣ ਵਿਕਲਪ ਨਹੀਂ ਰਹੀ, ਇਹ ਹਰ ਸੈਕਟਰ ਵਿੱਚ ਕਰੀਅਰ ਲਈ ਇੱਕ ਬੁਨਿਆਦੀ ਹੁਨਰ ਹੈ। ਸਾਡਾ ਮਕਸਦ ਆਈ ਕੇ ਜੀ ਪੀ ਟੀ ਯੂ ਦੇ ਹਰ ਗ੍ਰੈਜੂਏਟ ਨੂੰ ਏ ਆਈ ਦੀ ਲੋੜ, ਇਸ਼ਦੇ ਇਸਤੇਮਾਲ ਤੇ ਜ਼ਿੰਮੇਵਾਰੀ ਨਾਲ ਸਮਝਣ ਤੇ ਵਰਤਣਯੋਗ ਬਣਾਉਣਾ ਹੈ, ਤਾਂ ਜੋ ਉਹ ਭਵਿੱਖ ਵਿੱਚ ਮੁਕਾਬਲਾ ਕਰ ਸਕੇ, ਯੋਗਦਾਨ ਦੇ ਸਕੇ ਅਤੇ ਹਰ ਪੱਧਰ ਤੇ ਅਗਵਾਈ ਕਰ ਸਕੇ। ਇਸ ਮੌਕੇ ਮੌਜੂਦ ਸਾਰਸ ਇੰਸਟੀਟਿਊਟ (ਯੂ ਐੱਸ ਏ) ਦੇ ਪ੍ਰਤੀਨਿਧੀਆਂ ਵਿਚ ਅਮਿਤ ਕਟਾਰੀਆ (ਕੋ-ਫਾਊਂਡਰ) ਅਤੇ ਅਮਨ ਗੁਪਤਾ (ਸੀ ਟੀ ਓ) ਨੇ ਦੱਸਿਆ ਕਿ ਵਿਦਿਆਰਥੀਆਂ ਦੀ ਤਿਆਰੀ ਮਜ਼ਬੂਤ ਕਰਨ ਅਤੇ ਬਿਹਤਰ ਕਰੀਅਰ ਪਾਥ ਵੇ ਬਣਾਉਣ ਲਈ ਉਹ ਹਰ ਨਵੇਕਲਾ ਉਦਮ ਕਰਨਗੇ। ਉਹਨਾਂ ਦੱਸਿਆ ਕਿ ਇਹ ਪ੍ਰੋਗ੍ਰਾਮ ਯੂਨੀਵਰਸਿਟੀ ਨੂੰ ਸਬਸਿਡਾਈਜ਼ਡ ਦਰਾਂ 'ਤੇ ਉਪਲਬਧ ਕਰਵਾਉਣ ਦੀ ਪੇਸ਼ਕਸ਼ ਕੀਤੀ ਗਈ ਹੈ, ਜਿਸ ਦੀ ਲਾਗਤ ਯੂਨੀਵਰਸਿਟੀ ਆਪਣੀ ਵਿਦਿਆਰਥੀ-ਅਪਸਕਿਲਿੰਗ ਵਚਨਬੱਧਤਾ ਦੇ ਤਹਿਤ ਕਰੇਗੀ।



## ਕੌਮੀ ਗੱਤਕਾ ਰਿਫਰੈਸ਼ਰ ਕੋਰਸ : ਵਿਸ਼ਵ ਗੱਤਕਾ ਫੈਡਰੇਸ਼ਨ ਵੱਲੋਂ ਖਿਡਾਰੀਆਂ ਦੇ ਅਨੁਸ਼ਾਸਨਹੀਣ ਵਰਤਾਰੇ 'ਤੇ ਬਲੈਕ ਕਾਰਡ ਲਾਗੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਇੱਥੇ ਗੁਰਦੁਆਰਾ ਬਾਬੇ ਕੇ ਸੈਕਟਰ 53 ਵਿੱਚ ਸ਼ੁਰੂ ਹੋਏ ਤੀਸਰੇ ਕੌਮੀ ਗੱਤਕਾ ਰਿਫਰੈਸ਼ਰ ਕੋਰਸ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਤਕਨੀਕੀ ਅਧਿਕਾਰੀਆਂ ਸ਼ਾਮਲ ਹੋਏ। ਇਸ ਤਿੰਨ ਰੋਜ਼ਾ ਸਸ਼ਕਤੀਕਰਨ ਪ੍ਰੋਗਰਾਮ ਦਾ ਮਕਸਦ ਗੱਤਕਾ ਖੇਡ ਵਿੱਚ ਤਕਨੀਕੀ ਮਾਪਦੰਡਾਂ ਨੂੰ ਮਜ਼ਬੂਤ ਕਰਨਾ, ਨਿਯਮਾਂ ਦੀ ਇਕਸਾਰ ਪਾਲਣਾ ਯਕੀਨੀ ਬਣਾਉਣਾ ਅਤੇ ਮੁਕਾਬਲਿਆਂ ਦੇ ਸੁਚਾਰੂ ਤੇ ਪਾਰਦਰਸ਼ੀ ਸੰਚਾਲਨ ਨੂੰ ਹੋਰ ਮਜ਼ਬੂਤ ਕਰਨਾ ਹੈ। ਇਸ ਕੋਰਸ ਵਿੱਚ ਮਾਹਿਰਾਂ ਨੇ ਸਕੋਰਿੰਗ ਪ੍ਰਣਾਲੀ, ਫਾਊਲ ਮੁਲਾਂਕਣ, ਮੁਕਾਬਲਾ ਯੋਜਨਾ, ਟੂਰਨਾਮੈਂਟ ਪ੍ਰਬੰਧਨ ਅਤੇ ਗੱਤਕਾ ਮੈਦਾਨ ਵਿੱਚ ਆਫੀਸ਼ੀਅਲਾਂ ਦੀ ਕਾਰਗੁਜ਼ਾਰੀ ਵਰਗੇ ਮਹੱਤਵਪੂਰਣ ਵਿਸ਼ਿਆਂ 'ਤੇ ਲੈਕਚਰ ਦਿੱਤੇ। ਗੱਤਕਾ ਅਧਿਕਾਰੀਆਂ ਨੇ ਪ੍ਰੈਕਟੀਕਲ ਸੈਸ਼ਨਾਂ ਵਿੱਚ ਵੀ ਹਿੱਸਾ ਲਿਆ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਸਕੋਰਿੰਗ ਬਾਰੇ ਫ਼ੈਸਲਾ ਲੈਣ ਦੀ ਯੋਗਤਾ ਅਤੇ ਤਕਨੀਕੀ ਕੰਟਰੋਲ ਹੋਰ ਨਿਖਾਰਨ ਦਾ ਮੌਕਾ ਮਿਲਿਆ। ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਨੇ ਉਦਘਾਟਨੀ ਸੈਸ਼ਨ ਦੌਰਾਨ ਗੱਤਕਾ ਖੇਡ ਵਿੱਚ ਅਨੁਸ਼ਾਸਨ ਕਾਇਮ ਰੱਖਣ ਬਾਰੇ ਇੱਕ ਮਹੱਤਵਪੂਰਣ ਐਲਾਨ ਕੀਤਾ। ਗੱਤਕਾ ਪ੍ਰਮੋਟਰ ਗਰੇਵਾਲ, ਜੋ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਵੀ ਪ੍ਰਧਾਨ ਹਨ, ਨੇ ਦੱਸਿਆ ਕਿ ਫੈਡਰੇਸ਼ਨ ਦੀ ਅੰਤਰਰਾਸ਼ਟਰੀ ਗੱਤਕਾ ਨਿਯਮਾਵਲੀ ਵਿੱਚ 'ਬਲੈਕ ਕਾਰਡ' ਨੂੰ ਚੌਥੇ ਫਾਊਲ ਕਾਰਡ ਵਜੋਂ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਦਾ ਉਦੇਸ਼ ਤਕਨੀਕੀ ਆਫੀਸ਼ੀਅਲਾਂ ਦੀ ਗਰਿਮਾ ਤੇ ਮਰਯਾਦਾ ਨੂੰ ਬਰਕਰਾਰ ਰੱਖਣਾ, ਮੁਕਾਬਲਿਆਂ ਦਾ ਸੁਚਾਰੂ ਸੰਚਾਲਨ ਯਕੀਨੀ ਬਣਾਉਣਾ ਅਤੇ ਬਾਊਟ ਦੌਰਾਨ ਖਿਡਾਰੀਆਂ ਵਿੱਚ ਢੁਕਵਾਂ ਅਨੁਸ਼ਾਸਨ ਕਾਇਮ ਰੱਖਣਾ ਹੈ। ਇਹ ਦੰਡ ਕਾਰਡ ਕਿਸੇ ਵੀ ਖਿਡਾਰੀ ਦੇ ਅਨੁਸ਼ਾਸਨਹੀਨ, ਅਸ਼ੋਭਨੀਕ, ਬੇਲਗਾਮ ਜਾਂ ਅਣਚਾਹੇ ਵਰਤਾਰੇ ਮੌਕੇ ਵਰਤਿਆ ਜਾਵੇਗਾ। ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ ਦੇ ਵਾਈਸ-ਚੇਅਰਮੈਨ ਸੁਖਚੈਨ ਸਿੰਘ ਕਲਸਾਨੀ ਨੇ ਕਿਹਾ ਕਿ ਲਗਾਤਾਰ ਸਿਖਲਾਈ ਅਤੇ ਸਮਰੱਥਾ-ਵਿਕਾਸ ਨਿਰਪੱਖ ਖੇਡ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਬਹੁਤ ਜ਼ਰੂਰੀ ਹੈ। ਇਸ ਮੌਕੇ ਬੋਲਦਿਆਂ ਗੱਤਕਾ ਐਸੋਸੀਏਸ਼ਨ ਆਫ ਚੰਡੀਗੜ੍ਹ ਦੇ ਚੇਅਰਮੈਨ ਹਰਦੀਪ ਸਿੰਘ ਬੁਟਰੇਲਾ, ਮਿਊਂਸਿਪਲ ਕੌਂਸਲਰ ਨੇ ਦੱਸਿਆ ਕਿ ਅਜਿਹੇ ਰਿਫਰੈਸ਼ਰ ਕੋਰਸ ਆਫੀਸ਼ੀਅਲਾਂ ਦੀ ਯੋਗਤਾ ਅਤੇ ਤਜਰਬੇ ਵਿੱਚ ਵਾਧਾ ਕਰਦੇ ਹਨ ਅਤੇ ਗੱਤਕਾ ਖੇਡ ਦੀ ਅੰਤਰਰਾਸ਼ਟਰੀ ਭਰੋਸੇਯੋਗਤਾ ਨੂੰ ਵੀ ਮਜ਼ਬੂਤ ਕਰਦੇ ਹਨ। ਅੰਤਰਰਾਸ਼ਟਰੀ ਮਾਮਲੇ ਡਾਇਰੈਕਟੋਰੇਟ ਦੇ ਚੇਅਰਮੈਨ ਫੂਲ ਰਾਜ ਸਿੰਘ ਨੇ ਵਿਸ਼ਵ ਗੱਤਕਾ ਫੈਡਰੇਸ਼ਨ ਦੀਆਂ ਭਵਿੱਖੀ ਯੋਜਨਾਵਾਂ ਦਾ ਵੇਰਵਾ ਦਿੱਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਾਲਾਂ ਦੌਰਾਨ ਵੱਖ-ਵੱਖ ਦੇਸ਼ਾਂ ਵਿੱਚ ਰਾਸ਼ਟਰੀ ਗੱਤਕਾ ਫੈਡਰੇਸ਼ਨਾਂ ਬਣਾਉਣ, ਤਕਨੀਕੀ ਆਫੀਸ਼ੀਅਲਾਂ ਲਈ ਉੱਚ-ਪੱਧਰੀ ਸਿਖਲਾਈ ਪ੍ਰੋਗਰਾਮ ਕਰਵਾਉਣੇ ਅਤੇ ਹੋਰ ਅੰਤਰਰਾਸ਼ਟਰੀ ਮੁਕਾਬਲੇ ਆਯੋਜਿਤ ਕਰਨ ਵਾਸਤੇ ਕਦਮ ਤੇਜ਼ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਯਤਨ ਗੱਤਕਾ ਖੇਡ ਨੂੰ ਵਿਸ਼ਵ ਖੇਡ ਮੰਚ 'ਤੇ ਹੋਰ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਦਦਗਾਰ ਸਾਬਤ ਹੋਣਗੇ। ਇਸ ਰਿਫਰੈਸ਼ਰ ਕੋਰਸ ਦੌਰਾਨ ਸਿਖਲਾਈ ਵਰਕਸ਼ਾਪਾਂ, ਪ੍ਰੈਕਟੀਕਲ ਅਭਿਆਸ, ਮੁਲਾਂਕਣ ਅਤੇ ਮਸਨੂਈ ਮੁਕਾਬਲਿਆਂ ਰਾਹੀਂ ਸਰਟੀਫਾਈਡ ਆਫੀਸ਼ੀਅਲਾਂ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਤਿਆਰੀ ਅਤੇ ਯੋਗਤਾ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਰਜਿੰਦਰ ਕੁਮਾਰ, ਗੱਤਕਾ ਐਸੋਸੀਏਸ਼ਨ ਆਫ ਪੰਜਾਬ ਦੇ ਸੰਯੁਕਤ ਸਕੱਤਰ ਬਲਜੀਤ ਸਿੰਘ ਸੈਣੀ, ਨੈਸ਼ਨਲ ਕੋਆਰਡੀਨੇਟਰ ਹਰਸਿਮਰਨ ਸਿੰਘ ਤੇ ਸਟੇਟ ਕੋਆਰਡੀਨੇਟਰ ਸ਼ੈਰੀ ਸਿੰਘ, ਨਰਿੰਦਰਪਾਲ ਸਿੰਘ ਸੀਨੀਅਰ ਰੈਫਰੀ, ਨਰਿੰਦਰਪਾਲ ਸਿੰਘ ਸੰਯੁਕਤ ਸਕੱਤਰ ਹਰਿਆਣਵੀ ਗੱਤਕਾ ਐਸੋਸੀਏਸ਼ਨ ਅਤੇ ਸ਼ਿਵ ਕੁਮਾਰ ਵੀ ਹਾਜ਼ਰ ਸਨ।



## ਵਿਸ਼ੇਸ਼ ਟੀਕਾਕਰਨ ਹਫ਼ਤਾ ਅੱਜ ਤੋਂ

**ਮੋਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹਾ ਸਿਹਤ ਵਿਭਾਗ ਵਲੋਂ ਜ਼ਿਲ੍ਹੇ ਵਿਚ ਵਿਸ਼ੇਸ਼ ਟੀਕਾਕਰਨ ਹਫ਼ਤਾ 15 ਦਸੰਬਰ ਤੋਂ 22 ਦਸੰਬਰ ਤਕ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ ਨੇ ਦਸਿਆ ਕਿ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਮਨਾਏ ਜਾ ਰਹੇ ਇਸ ਵਿਸ਼ੇਸ਼ ਹਫ਼ਤੇ ਦਾ ਉਦੇਸ਼ ਟੀਕਾਕਰਨ ਪ੍ਰੋਗਰਾਮ ਨੂੰ ਹੋਰ ਮਜ਼ਬੂਤ ਬਣਾਉਣਾ ਹੈ। ਉਨ੍ਹਾਂ ਦਸਿਆ ਕਿ ਟੀਕਾਕਰਨ ਹਫ਼ਤੇ ਤਹਿਤ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਅਤੇ ਹੋਰ ਵੱਖ-ਵੱਖ ਥਾਈਂ ਲੱਗਣ ਵਾਲੇ ਟੀਕਾਕਰਨ ਕੈਂਪਾਂ ਵਿਚ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹੇ ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਕਵਰ ਕੀਤਾ ਜਾਵੇਗਾ। ਇਹ ਕੈਂਪ ਵਿਸ਼ੇਸ਼ ਤੌਰ ਤੇ ਪ੍ਰਵਾਸੀ ਆਬਾਦੀ ਵਾਲੇ ਖੇਤਰਾਂ, ਝੁੱਗੀਆਂ, ਬਸਤੀਆਂ ਆਦਿ ਵਿਚ ਰਹਿਣ ਵਾਲੀਆਂ ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਨੂੰ ਕਵਰ ਕਰਨ ਕਰਨਗੇ। ਇਸ ਸਬੰਧ ਵਿਚ ਬੀਤੇ ਦਿਨੀਂ ਜ਼ਿਲ੍ਹੇ ਦੀਆਂ ਐੱਲ ਐੱਚ ਵੀਜ਼. ਅਤੇ ਏ ਐੱਨ ਐਮਜ਼. ਦੀ ਵਿਸ਼ੇਸ਼ ਸਿਖਲਾਈ ਡਬਲਿਊ ਐੱਚ ਓ ਦੇ ਐੱਸ ਐੱਮ ਓ. ਡਾ. ਵਿਕਰਮ ਗੁਪਤਾ ਦੀ ਅਗਵਾਈ ਹੇਠ ਕਰਵਾਈ ਗਈ। ਡਾ. ਡੋਗਰਾ ਨੇ ਕਿਹਾ ਕਿ ਟੀਕਾਕਰਨ ਦੀ ਬਦੌਲਤ ਪੋਲੀਓ ਸਮੇਤ ਹੋਰ ਕਈ ਬੀਮਾਰੀਆਂ ਤੋਂ ਮੁਕਤੀ ਮਿਲੀ ਹੈ। ਇਸ ਲਈ ਟੀਕਾਕਰਨ ਸਰੀਰਕ ਤੰਦਰੁਸਤੀ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਟੀਕਾਕਰਨ ਦੀ ਸਫ਼ਲਤਾ ਲਈ ਵਿਸ਼ੇਸ਼ ਸੈਸ਼ਨ ਲਗਾਏ ਜਾਣਗੇ। ਜ਼ਿਲ੍ਹੇ ਦੇ ਤਮਾਮ ਸੀਨੀਅਰ ਮੈਡੀਕਲ ਅਫਸਰਾਂ ਨੂੰ ਪਹਿਲਾਂ ਹੀ ਹਦਾਇਤਾਂ ਕੀਤੀਆਂ ਜਾ ਚੁੱਕੀਆਂ ਹਨ, ਜਿਹੜੇ ਆਪੋ ਅਪਣੇ ਖੇਤਰ ਵਿਚ ਸਾਰੇ ਲੋੜੀਂਦੇ ਪ੍ਰਬੰਧ ਕਰਨਗੇ। ਉਨ੍ਹਾਂ ਲਾਭਪਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਕਿਸੇ ਕਾਰਨ ਵਾਂਝੇ ਰਹਿ ਗਏ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕਰਵਾਇਆ ਜਾਵੇ।



## ਬਾਬਾ ਫਤਿਹ ਸਿੰਘ ਦੇ ਪ੍ਰਕਾਸ਼ ਦਿਹਾੜੇ 'ਤੇ ਲੰਗਰ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਮੁੱਖਲਿਆਣਾ ਵਿਖੇ ਭਾਈ ਜਗਦੀਪ ਸਿੰਘ ਨਿਹੰਗ ਸਿੰਘ ਛਬੀਲ ਘਰ ਸਮੂਹ ਨਗਰ ਨਿਵਾਸੀ, ਐੱਨ ਆਰ ਆਈ ਦੇ ਸਹਿਯੋਗ ਨਾਲ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਭਾਈ ਜਗਦੀਪ ਸਿੰਘ ਨਿਹੰਗ ਸਿੰਘ ਦੇ ਜਨਮ ਦਿਹਾੜੇ ਮੌਕੇ ਚਾਹ ਅਤੇ ਮਠਿਆਈਆਂ ਦੇ ਲੰਗਰ ਮੁੱਖ ਸੇਵਾਦਾਰ ਭਾਈ ਰਵਿੰਦਰ ਸਿੰਘ ਮੁੱਖਲਿਆਣਾ ਇਟਲੀ ਦੀ ਅਗਵਾਈ ਹੇਠ ਲਗਾਏ ਗਏ। ਇਸ ਮੌਕੇ ਮੁੱਖ ਸੇਵਾਦਾਰ ਭਾਈ ਰਵਿੰਦਰ ਸਿੰਘ ਮੁੱਖਲਿਆਣਾ ਇਟਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਚਾਹ ਅਤੇ ਮਠਿਆਈਆਂ ਦੇ ਲੰਗਰ ਦੀ ਭਾਈ ਜੁਗਰਾਜ ਸਿੰਘ ਮੁੱਖ ਗ੍ਰੰਥੀ ਨੇ ਅਰਦਾਸ ਕਰਕੇ ਆਰੰਭਤਾ ਕੀਤੀ। ਇਸ ਮੌਕੇ ਚਾਹ ਅਤੇ ਮਠਿਆਈਆਂ ਦੇ ਲੰਗਰ ਮੌਕੇ ਸਮੂਹ ਸੇਵਾਦਾਰਾਂ ਵੱਲੋਂ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਚਾਹ ਅਤੇ ਮਠਿਆਈਆਂ ਦੇ ਲੰਗਰ ਛਕਾਏ ਗਏ। ਇਸ ਮੌਕੇ ਮੁੱਖ ਸੇਵਾਦਾਰ ਭਾਈ ਰਵਿੰਦਰ ਸਿੰਘ ਮੁੱਖਲਿਆਣਾ ਨੇ ਲੰਗਰ ਦੀ ਸੇਵਾ ਵਿਚ ਯੋਗਦਾਨ ਪਾਉਣ ਤੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮੁੱਖ ਸੇਵਾਦਾਰ ਭਾਈ ਰਵਿੰਦਰ ਸਿੰਘ ਮੁੱਖਲਿਆਣਾ ਇਟਲੀ, ਬਾਬਾ ਜਰਨੈਲ ਸਿੰਘ ਖਾਲਸਾ, ਮਨਦੀਪ ਸਿੰਘ ਬਸੀ ਹਸਤ ਖਾਂ, ਅੰਸ਼ਦੀਪ ਸਿੰਘ, ਮਨਦੀਪ ਸਿੰਘ, ਸਰਬਜੀਤ ਕੌਰ, ਬਾਬਾ ਅਜਮੇਰ ਸਿੰਘ ਮੁੱਖਲਿਆਣਾ, ਮਨਪ੍ਰੀਤ ਸਿੰਘ, ਸ਼ੁੱਭਮ, ਗੁਰਬੀਰ ਸਿੰਘ, ਤਰਲੋਚਨ ਸਿੰਘ, ਸੁਰਜੀਤ ਸਿੰਘ ਸੋਨੂੰ, ਜਨ ਪੀਰੋ ਇਟਲੀ, ਲੰਬਰਦਾਰ ਮੋਹਨ ਲਾਲ, ਪਾਲੀ ਪੰਡੋਰੀ ਕੱਦ ਤੋ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।





## ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਤੇ ਸੈਮੀਨਾਰ

**ਬੰਗਾ (ਅਵਤਾਰ ਕਲੇਰ)**- ਮਾਣਯੋਗ ਸ੍ਰੀਮਤੀ ਪ੍ਰਿਆ ਸੂਦ ਜਿਲ੍ਹਾ ਅਤੇ ਸੈਸ਼ਨ ਜੱਜ- ਕਮ- ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਡਾ. ਅਮਨਦੀਪ ਸਿੰਘ ਸੀ.ਜੇ.ਐਮ -ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ ਬੀ ਐੱਸ ਨਗਰ ਦੀ ਅਗਵਾਈ ਹੇਠ ਜਿਲ੍ਹੇ ਵਿੱਚ ਇੱਕ ਵਿਸ਼ੇਸ਼ ਮੁਹਿੰਮ 'ਯੂਥ ਅਗੇਂਸਟ ਡਰੱਗਜ਼ (ਨਸ਼ਿਆਂ ਵਿਰੁੱਧ ਯੁਵਾ)' ਆਰੰਭ ਕੀਤੀ ਹੋਈ ਹੈ ਜੋ ਕਿ ਮਿਤੀ 6 ਦਸੰਬਰ 2025 ਤੋਂ 6 ਜਨਵਰੀ 2026 ਤੱਕ ਚੱਲੇਗੀ ।ਇਸ ਦੇ ਸਬੰਧ ਵਿੱਚ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਟੀਮ ਵੱਲੋਂ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਅਤੇ ਸੈਮੀਨਾਰ ਕਰਵਾਇਆ ਗਿਆ। ਪੈਰਾ ਲੀਗਲ ਵਲੰਟੀਅਰਜ਼ ਅਵਤਾਰ ਚੰਦ ਚੁੰਬਰ, ਰਵਜੋਤ ਸਿੰਘ ਚੁੰਬਰ ਅਤੇ ਮੈਡਮ ਜਸਵਿੰਦਰ ਕੌਰ ਰਾਣੀ ਨੇ ਨਰਸਿੰਗ ਵਿਦਿਆਰਥੀਆਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ । ਉਨ੍ਹਾਂ ਨੇ ਵਿਦਿਆਰਥੀਆਂ ਨੂੰ 'ਨਸ਼ਿਆਂ ਵਿਰੁੱਧ ਯੁਵਾ' ਮੁਹਿੰਮ ਤਹਿਤ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ।ਉਹਨਾਂ ਵਿਦਿਆਰਥੀਆਂ ਨੂੰ ਉਹਨਾਂ ਦੇ ਅਧਿਕਾਰਾਂ, ਸਿੱਖਿਆ ਦਾ ਅਧਿਕਾਰ, ਪੋਕਸੋ ਐਕਟ 2012, ਚਾਈਲਡ ਹੈਲਪ ਲਾਈਨ ਨੰਬਰ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਮੈਡਮ ਰਮਨਦੀਪ ਕੌਰ ਪ੍ਰਿੰਸੀਪਲ ਵਿਖੇ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਸ਼ਿਆਂ ਵਿਰੁੱਧ ਰੈਲੀ ਅਤੇ ਵਿਸ਼ੇਸ਼ ਸੈਮੀਨਾਰ ਕਰਕੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਧੰਨਵਾਦ ਕੀਤਾ। ਇਸ ਸੈਮੀਨਾਰ ਵਿਚ ਕਾਲਜ ਵਿਦਿਆਰਥੀਆਂ ਮਨਗੀਤ ਕੌਰ ਜੀ ਐੱਨ ਐੱਮ, ਤਰਨਪ੍ਰੀਤ ਕੌਰ ਬੀ ਐੱਸ ਸੀ ਨਰਸਿੰਗ ਅਤੇ ਅਮਨੀਤ ਕੌਰ ਜੀ ਐੱਨ ਐੱਮ ਨੇ ਨਸ਼ਿਆਂ ਅਤੇ ਹੋਰ ਬੁਰਾਈਆਂ ਖਿਲਾਫ ਗੀਤ, ਕਵਿਤਾ ਅਤੇ ਗੀਤ ਪੇਸ਼ ਕਰਕੇ ਨਾਲ ਸਮੂਹ ਸਰੋਤਿਆਂ ਦਾ ਮਨ ਮੋਹ ਲਿਆ। ਇਸ ਮੌਕੇ ਸੁਖਮਿੰਦਰ ਕੌਰ ਉਬੀ, ਮਨਿੰਦਰ ਕੌਰ, ਰੋਜ਼ਾ ਗਰੇਵਾਲ, ਜਸਬੀਰ ਕੌਰ, ਹਰਲੀਨ ਕੌਰ, ਮੁਹੰਮਦ ਯੂਨਸ ਵਾਨੀ ਅਤੇ ਆਕੀਬ ਮੁਹੰਮਦ ਵੀ ਹਾਜ਼ਰ ਸਨ। ਇਸ ਤੋਂ ਪਹਿਲਾਂ ਇਸ ਮੌਕੇ ਕਾਲਜ ਵਿਦਿਆਰਥੀਆਂ ਨੇ ਨਸ਼ਾ ਵਿਰੋਧੀ ਬੈਨਰ ਅਤੇ ਪੋਸਟਰਾਂ ਨਾਲ ਕਾਲਜ ਤੋਂ ਚੱਲ ਕੇ ਢਾਹਾਂ ਕਲੇਰਾਂ ਕਲੋਨੀ ਵਿੱਚ ਜੀ ਟੀ ਰੋਡ ਤੇ ਨਸ਼ਿਆਂ ਵਿਰੁੱਧ ਰੈਲੀ ਕੱਢੀ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੁਕ ਕੀਤਾ।




## ਕੌਮੀ ਲੋਕ ਅਦਾਲਤ 'ਚ 23,731 ਕੇਸਾਂ ਦਾ ਨਿਪਟਾਰਾ : ਸੈਸ਼ਨ ਜੱਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ ਲਾਈ ਗਈ ਸਾਲ ਦੀ ਆਖਰੀ ਅਤੇ ਚੌਥੀ ਕੌਮੀ ਲੋਕ ਅਦਾਲਤ ਵਿੱਚ ਕੁੱਲ 24,764 ਕੇਸ ਨਿਪਟਾਰੇ ਲਈ ਰੱਖੇ ਗਏ, ਜਿਨ੍ਹਾਂ ਵਿੱਚੋਂ 23,731 ਕੇਸਾਂ ਦਾ ਨਿਪਟਾਰਾ ਕਰਕੇ ਕੁੱਲ 74,86,12,447/- ਕੀਮਤ ਦੇ ਅਵਾਰਡ ਪਾਸ ਕੀਤੇ ਗਏ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੁਲ ਕਸਾਨਾ ਨੇ ਦੱਸਿਆ ਕਿ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਵਲੋਂ ਭੇਜੇ ਗਏ ਪ੍ਰੋਗਰਾਮ ਅਨੁਸਾਰ ਅਤੇ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ, ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਜਸਟਿਸ ਮਹਾਂਬੀਰ ਸਿੰਘ ਸਿੰਧੂ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਐਡਮਿਨਿਸਟ੍ਰੇਟਿਵ ਜੱਜ, ਸੈਸ਼ਨਜ਼ ਡਵੀਜ਼ਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਜੀ ਦੀ ਸਰਪ੍ਰਸਤੀ ਹੇਠ ਲਾਈ ਗਈ ਇਸ ਲੋਕ ਅਦਾਲਤ ਵਿਚ ਰਾਜੀਨਾਮਾ ਯੋਗ ਫੌਜਦਾਰੀ ਕੇਸ, ਚੈਕ ਬਾਊਂਸ ਕੇਸ, ਬੈਂਕ ਰਿਕਵਰੀ ਕੇਸ, ਵਿਵਾਹਿਕ ਝਗੜੇ, ਐਮ.ਏ.ਸੀ.ਟੀ ਕੇਸ, ਕਿਰਤ ਸਬੰਧੀ ਝਗੜੇ, ਲੈਂਡ ਐਕਿਉਜ਼ਿਸ਼ਨ ਕੇਸ, ਬਿਜਲੀ ਅਤੇ ਪਾਣੀ ਦੇ ਬਿਲਾਂ ਸਬੰਧੀ ਮਾਮਲੇ, ਮਾਲ ਵਿਭਾਗ ਨਾਲ ਸਬੰਧਤ ਅਤੇ ਹਰ ਤਰ੍ਹਾਂ ਦੇ ਦੀਵਾਨੀ ਕੇਸ ਨਿਪਟਾਰੇ ਲਈ ਰੱਖੇ ਗਏ।ਉਨ੍ਹਾਂ ਦੱਸਿਆ ਕਿ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ, ਸ਼੍ਰੀਮਤੀ ਨਵਜੋਤ ਕੌਰ ਨੇ ਮੋਹਾਲੀ ਜ਼ਿਲ੍ਹਾ ਅਦਾਲਤ ਵਿਖੇ ਕੇਸਾਂ ਦੇ ਹੱਲ ਲਈ ਸਥਾਪਤ ਕੀਤੇ ਗਏ ਕਾਨੂੰਨੀ ਬੈਂਚਾਂ ਦੀ ਕਾਰਵਾਈ ਦਾ ਵੀ ਨਿਰੀਖਣ ਕੀਤਾ। ਲੋਕ ਅਦਾਲਤ ਦੌਰਾਨ 10 ਦੇ ਕਰੀਬ ਜੋੜਿਆਂ ਨੂੰ ਆਪਸ ਵਿੱਚ ਮਿਲਾ ਕੇ ਵਿਵਾਹਿਕ ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾਇਆ ਗਿਆ। ਇਨ੍ਹਾਂ ਕੇਸਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਅਦਾਲਤ ਮੋਹਾਲੀ ਵਿੱਚ 19 ਬੈਂਚਾਂ, ਡੇਰਾਬੱਸੀ ਵਿਖੇ 7 ਬੈਂਚਾਂ ਅਤੇ ਖਰੜ ਵਿਖੇ 5 ਬੈਂਚਾਂ ਦਾ ਗਠਨ ਕੀਤਾ ਗਿਆ। ਮੋਹਾਲੀ ਵਿਖੇ ਬੈਂਚਾਂ ਦੀ ਪ੍ਰਧਾਨਗੀ ਹਰਦੀਪ ਸਿੰਘ, ਵਧੀਕ ਜਿਲ੍ਹਾ ਅਤੇ ਸੈਸ਼ਨ ਜੱਜ, ਨੀਤਿਕਾ ਵਰਮਾ, ਵਧੀਕ ਜਿਲ੍ਹਾ ਅਤੇ ਸੈਸ਼ਨ ਜੱਜ, ਹਰਸਿਮਰਨਜੀਤ ਸਿੰਘ, ਵਧੀਕ ਜਿਲ੍ਹਾ ਅਤੇ ਸੈਸ਼ਨ ਜੱਜ, ਪ੍ਰਸ਼ਾਂਤ ਵਰਮਾ, ਵਧੀਕ ਜਿਲ੍ਹਾ ਅਤੇ ਸੈਸ਼ਨ ਜੱਜ, ਤੇਜਪ੍ਰਤਾਪ ਸਿੰਘ ਰੰਧਾਵਾ, ਵਧੀਕ ਜਿਲ੍ਹਾ ਅਤੇ ਸੈਸ਼ਨ ਜੱਜ, ਅਮਨਪ੍ਰੀਤ ਸਿੰਘ, ਵਧੀਕ ਪ੍ਰਿੰਸੀਪਲ ਜੱਜ, ਫੈਮਲੀ ਕੋਰਟ, ਮੇਘਾ ਧਾਲੀਵਾਲ, ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ, ਮਨਪ੍ਰੀਤ ਕੌਰ, ਵਧੀਕ ਸਿਵਲ ਜੱਜ (ਸੀਨੀਅਰ ਡਵੀਜਨ), ਅਭੇ ਰਾਜਨ ਸ਼ੁਕਲਾ, ਸਿਵਲ ਜੱਜ (ਜੂਨੀਅਰ ਡਵੀਜ਼ਨ), ਪੂਨਮ ਕਸ਼ਿਅਪ, ਸਿਵਲ ਜੱਜ (ਜੂਨੀਅਰ ਡਵੀਜ਼ਨ), ਸੰਗਮ ਕੌਸ਼ਲ, ਸਿਵਲ ਜੱਜ (ਜੂਨੀਅਰ ਡਵੀਜ਼ਨ), ਹਰਅੰਮ੍ਰਿਤ ਕੌਰ, ਸਿਵਲ ਜੱਜ (ਜੂਨੀਅਰ ਡਵੀਜ਼ਨ), ਪੱਲਵ ਅਰੋੜਾ, ਸਿਵਲ ਜੱਜ (ਜੂਨੀਅਰ ਡਵੀਜ਼ਨ), ਸਰਵੀਸ਼ਾ ਸ਼ਰਮਾ, ਸਿਵਲ ਜੱਜ (ਜੂਨੀਅਰ ਡਵੀਜ਼ਨ), ਅਨੁ ਚੌਧਰੀ, ਸਿਵਲ ਜੱਜ (ਜੂਨੀਅਰ ਡਵੀਜ਼ਨ), ਕਮਲ ਵਰਿੰਦਰ, ਪ੍ਰਜ਼ਾਈਡਿੰਗ ਅਫਸਰ, ਇੰਡਸਟਰੀਅਲ ਟ੍ਰਿਬਿਊਨਲ, ਗੁਰਮੀਤ ਕੌਰ, ਚੇਅਰਪਰਸਨ, ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ), ਤਹਿਸੀਲਦਾਰ, ਐਸ.ਏ.ਐਸ. ਨਗਰ ਅਤੇ ਨਾਇਬ ਤਹਿਸੀਲਦਾਰ ਬਨੂੜ ਵਲੋਂ ਕੀਤੀ ਗਈ। ਸੁਰਭੀ ਪਰਾਸ਼ਰ, ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਕੁੱਲ 24764 ਕੇਸ ਨਿਪਟਾਰੇ ਲਈ ਰੱਖੇ ਗਏ ਜਿਨ੍ਹਾਂ ਵਿੱਚੋਂ 23731 ਕੇਸਾਂ ਦਾ ਨਿਪਟਾਰਾ ਕਰਕੇ ਕੁੱਲ 74,86,12,447/- ਕੀਮਤ ਦੇ ਅਵਾਰਡ ਪਾਸ ਕੀਤੇ ਗਏ।




## ਅੱਖਾਂ ਦੀ ਜਾਂਚ ਦਾ ਮੁਫਤ ਕੈਂਪ ਅੱਜ





**ਬਲਾਚੌਰ (ਜਸਵਿੰਦਰ ਬੈਂਸ)**- ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਚੌਰ ਤੋਂ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਦੇ ਮਾਲਕ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਦੀ ਤਜ਼ਰਬੇਕਾਰ ਡਾਕਟਰਾਂ ਦੀ ਟੀਮ ਵੱਲੋਂ ਸਰਸਵਤੀ ਪਬਲਿਕ ਸਕੂਲ ਗਹੂੰਣ ਰੋਡ ਬਲਾਚੌਰ ਦੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਸਬੰਧੀ ਮੁਫਤ ਕੈਂਪ 15 ਦਸੰਬਰ ਨੂੰ ਲਗਾਇਆ ਜਾ ਰਿਹਾ ਹੈ। ਕੈਂਪ ਸਬੰਧੀ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਸਰਸਵਤੀ ਸਕੂਲ ਦੇ ਐੱਮ ਡੀ ਰਵੀ ਬਜਾਜ ਅਤੇ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਨੇ ਦੱਸਿਆ ਕਿ ਸਕੂਲ ਦੇ ਬੱਚਿਆਂ ਦੀਆਂ ਅੱਖਾਂ ਦੀ ਜਾਂਚ ਕਰਨ ਉਪਰੰਤ ਜ਼ਰੂਰਤਮੰਦ ਬੱਚਿਆਂ ਨੂੰ ਮੁਫਤ ਦਵਾਈਆਂ ਅਤੇ ਐਨਕਾ ਦਿੱਤੀਆਂ ਜਾਣਗੀਆਂ।

## ਚੋਣਾਂ ਨੂੰ ਪ੍ਰਭਾਵਤ ਕਰਨ ਲਈ ਸੂਟ ਵੰਡਦੀ ਰੰਗੇ-ਹੱਥੀਂ ਫੜੀ ਗਈ ਕਾਂਗਰਸ : ਆਪ

**ਚੰਡੀਗੜ੍ਹ, (ਨ ਜ ਸ)**- ਆਮ ਆਦਮੀ ਪਾਰਟੀ (ਆਪ ) ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਦੌਰਾਨ ਬਟਾਲਾ ਵਿੱਚ ਸ਼ਰਾਬ, ਔਰਤਾਂ ਦੇ ਸੂਟ, ਹਥਿਆਰ, ਜ਼ਿੰਦਾ ਕਾਰਤੂਸ ਅਤੇ ਕਾਂਗਰਸ ਪਾਰਟੀ ਦੇ ਝੰਡਿਆਂ ਤੋਂ ਭਰੀ ਇੱਕ ਗੱਡੀ ਫੜੀ ਜਾਣ ਤੋਂ ਬਾਅਦ ਕਾਂਗਰਸ 'ਤੇ ਤਿੱਖਾ ਹਮਲਾ ਕੀਤਾ ਹੈ। 'ਆਪ' ਪੰਜਾਬ ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਇਸ ਘਟਨਾ ਨੇ ਕਾਂਗਰਸ ਦੀ ਨਿਰਾਸ਼ਾ, ਘਬਰਾਹਟ ਅਤੇ ਲੋਕਤੰਤਰ ਵਿਰੋਧੀ ਸੋਚ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਨਤੀਜਿਆਂ ਤੋਂ ਪਹਿਲਾਂ ਹੀ ਆਪਣੀ ਹਾਰ ਮੰਨ ਲਈ ਹੈ। ਪੰਨੂ ਨੇ ਕਿਹਾ ਕਿ ਸ਼ੁਰੂ ਵਿੱਚ ਵਿਰੋਧੀ ਪਾਰਟੀਆਂ ਨੇ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਅਤੇ ਝੂਠਾ ਦੋਸ਼ ਲਗਾਇਆ ਕਿ 'ਆਪ' ਨੇ ਉਨ੍ਹਾਂ ਦੇ ਨਾਮਜ਼ਦਗੀ ਪੱਤਰ ਰੱਦ ਕਰਵਾ ਦਿੱਤੇ ਹਨ। ਪਰ ਹੁਣ ਜਦੋਂ ਉਮੀਦਵਾਰਾਂ ਦੀ ਅੰਤਿਮ ਸੂਚੀ ਜਾਰੀ ਹੋ ਗਈ ਹੈ ਅਤੇ ਇਹ ਸਪੱਸ਼ਟ ਹੋ ਗਿਆ ਹੈ ਕਿ ਸਾਰੀਆਂ ਪਾਰਟੀਆਂ ਦੇ ਉਮੀਦਵਾਰ ਚੋਣ ਮੈਦਾਨ ਵਿੱਚ ਹਨ, ਤਾਂ ਕਾਂਗਰਸ ਵਰਗੀਆਂ ਰਵਾਇਤੀ ਪਾਰਟੀਆਂ ਆਪਣੇ ਪੁਰਾਣੇ ਅਤੇ ਸ਼ਰਮਨਾਕ ਤਰੀਕਿਆਂ ਸ਼ਰਾਬ, ਸੂਟ ਅਤੇ ਪੈਸੇ ਵੰਡ ਕੇ ਵੋਟਾਂ ਖਰੀਦਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਬਟਾਲਾ ਘਟਨਾ ਦਾ ਹਵਾਲਾ ਦਿੰਦੇ ਹੋਏ, ਬਲਤੇਜ ਪੰਨੂ ਨੇ ਕਿਹਾ ਕਿ ਬਟਾਲਾ ਤੋਂ 'ਆਪ' ਵਿਧਾਇਕ ਤੇ 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਨੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਸ਼ਰਾਬ ਅਤੇ ਔਰਤਾਂ ਦੇ ਸੂਟ ਵੰਡਣ ਲਈ ਕਥਿਤ ਤੌਰ 'ਤੇ ਵਰਤੀ ਜਾ ਰਹੀ ਇੱਕ ਗੱਡੀ ਨੂੰ ਰੋਕਿਆ। ਉਨ੍ਹਾਂ ਕਿਹਾ ਕਿ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਉਸ ਗੱਡੀ ਵਿੱਚੋਂ ਹਥਿਆਰ, ਜ਼ਿੰਦਾ ਕਾਰਤੂਸ ਅਤੇ ਕਾਂਗਰਸ ਦੇ ਝੰਡੇ ਵੀ ਬਰਾਮਦ ਕੀਤੇ ਗਏ ਹਨ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਕਾਂਗਰਸ ਪਾਰਟੀ ਚੋਣਾਂ ਜਿੱਤਣ ਲਈ ਕਿਸ ਹੱਦ ਤੱਕ ਜਾ ਸਕਦੀ ਹੈ।ਇਸ ਨੂੰ 'ਸਪੱਸ਼ਟ ਗੁੰਡਾਗਰਦੀ' ਦੱਸਦੇ ਹੋਏ ਪੰਨੂ ਨੇ ਕਿਹਾ ਕਿ ਅਜਿਹੇ ਕੰਮਾਂ ਦੀ ਲੋਕਤੰਤਰ ਵਿੱਚ ਕੋਈ ਥਾਂ ਨਹੀਂ ਹੈ। ਕਾਂਗਰਸ ਅਜੇ ਵੀ ਮੰਨਦੀ ਹੈ ਕਿ ਉਹ ਸ਼ਰਾਬ ਅਤੇ ਕੱਪੜੇ ਵੰਡ ਕੇ ਪੰਜਾਬ ਦੇ ਲੋਕਾਂ ਦਾ ਫਤਵਾ ਖਰੀਦ ਸਕਦੀ ਹੈ। ਇਹ ਉਨ੍ਹਾਂ ਦੀ ਨਿਰਾਸ਼ਾ ਅਤੇ ਨਿਸ਼ਚਿਤ ਹਾਰ ਦੇ ਡਰ ਦਾ ਪ੍ਰਤੀਬਿੰਬ ਹੈ। ਬਲਤੇਜ ਪੰਨੂ ਨੇ ਦੁਹਰਾਇਆ ਕਿ ਆਮ ਆਦਮੀ ਪਾਰਟੀ ਕਿਸੇ ਵੀ ਕੀਮਤ 'ਤੇ ਅਜਿਹੀ ਗੁੰਡਾਗਰਦੀ ਨੂੰ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਕਾਨੂੰਨ ਵਿਵਸਥਾ ਵਿੱਚ ਕਿਸੇ ਵੀ ਤਰ੍ਹਾਂ ਦੀ ਵਿਘਨ ਨੂੰ ਬਰਦਾਸ਼ਤ ਨਹੀਂ ਕਰੇਗੀ। ਪੰਜਾਬ ਦੇ ਲੋਕ ਜਾਗਰੂਕ ਹਨ ਅਤੇ ਸ਼ਰਾਬ ਜਾਂ ਸੂਟ ਲਈ ਆਪਣੀਆਂ ਵੋਟਾਂ ਨਹੀਂ ਵੇਚਣਗੇ। 'ਆਪ' ਸਰਕਾਰ ਦੀ ਕਾਰਗੁਜ਼ਾਰੀ ਨੂੰ ਉਜਾਗਰ ਕਰਦੇ ਹੋਏ, ਪੰਨੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿਕਾਸ ਅਤੇ ਕੰਮ ਦੇ ਆਧਾਰ 'ਤੇ ਵੋਟਾਂ ਮੰਗ ਰਹੀ ਹੈ। 600 ਯੂਨਿਟ ਮੁਫ਼ਤ ਬਿਜਲੀ, ਕਿਸਾਨਾਂ ਨੂੰ ਦਿਨ ਭਰ ਨਿਰਵਿਘਨ ਬਿਜਲੀ ਸਪਲਾਈ, ਮੁਹੱਲਾ ਕਲੀਨਿਕ, ਵਿਸ਼ਵ ਪੱਧਰੀ ਸਰਕਾਰੀ ਸਕੂਲ ਅਤੇ ਲੋਕ-ਪੱਖੀ ਨੀਤੀਆਂ ਆਪ ਸਰਕਾਰ ਦੇ ਕੰਮਾਂ ਦੇ ਉਦਾਹਰਣ ਹਨ। ਮਾਨ ਸਰਕਾਰ ਨੇ ਆਪਣੇ ਵਾਅਦੇ ਪੂਰੇ ਕੀਤੇ ਹਨ, ਅਤੇ ਜਨਤਾ ਕੰਮ ਲਈ ਵੋਟ ਦੇਵੇਗੀ, ਰਿਸ਼ਵਤ ਲਈ ਨਹੀਂ। ਉਨ੍ਹਾਂ ਕਿਹਾ ਕਿ ਬਟਾਲਾ ਘਟਨਾ ਸਾਬਤ ਕਰਦੀ ਹੈ ਕਿ ਰਵਾਇਤੀ ਪਾਰਟੀਆਂ ਪੰਜਾਬ ਦੀ ਬਦਲਦੀ ਰਾਜਨੀਤਿਕ ਚੇਤਨਾ ਨੂੰ ਸਮਝਣ ਵਿੱਚ ਅਸਫਲ ਰਹੀਆਂ ਹਨ। ਪੰਨੂ ਨੇ ਕਿਹਾ ਕਿ ਕਾਂਗਰਸ ਦੇ ਬਿਆਨ ਅਤੇ ਕਾਰਵਾਈਆਂ ਸਪੱਸ਼ਟ ਤੌਰ 'ਤੇ ਦਰਸਾਉਂਦੀਆਂ ਹਨ ਕਿ ਉਸਨੇ ਹਾਰ ਸਵੀਕਾਰ ਕਰ ਲਈ ਹੈ। ਪੰਜਾਬ ਤਰੱਕੀ ਵੱਲ ਵੱਧ ਰਿਹਾ ਹੈ, ਪਰ ਇਹ ਪਾਰਟੀਆਂ ਅਜੇ ਵੀ ਸ਼ਰਾਬ ਅਤੇ ਡਰ ਦੀ ਰਾਜਨੀਤੀ ਵਿੱਚ ਫਸੀਆਂ ਹੋਈਆਂ ਹਨ।



## ਗਰਭਵਤੀ ਔਰਤ ਦਾ ਸੰਸਥਾਗਤ ਜਣੇਪਾ ਯਕੀਨੀ ਕਰਵਾਇਆ ਜਾਵੇ : ਬੈਂਸ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ.ਬਲਬੀਰ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਮਨਪ੍ਰੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਸੀ ਐੱਚ ਸੀ ਹਾਰਟਾ ਬਡਲਾ ਵਿਖੇ ਆਸ਼ਾ ਵਰਕਰਾਂ ਅਤੇ ਆਸ਼ਾ ਫੈਸੀਲੀਟੇਟਰਾਂ ਨਾਲ ਮਾਤਰੀ ਮੌਤ ਸੰਬੰਧੀ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦਾ ਮਕਸਦ ਮਾਤਰੀ ਮੌਤ ਦੇ ਮਾਮਲਿਆਂ ਦੀ ਵਿਸਥਾਰ ਨਾਲ ਸਮੀਖਿਆ ਕਰਨਾ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕਣਾ ਸੀ ।ਮੀਟਿੰਗ ਦੌਰਾਨ ਸੀਨੀਅਰ ਮੈਡੀਕਲ ਅਫ਼ਸਰ ਡਾ.ਬੈਂਸ ਵੱਲੋਂ ਆਸ਼ਾ ਵਰਕਰਾਂ ਨੂੰ ਗਰਭਾਵਸਥਾ ਦੌਰਾਨ ਸਮੇਂ ਸਿਰ ਐਂਟੀਨੈਟਲ ਜਾਂਚ, ਉੱਚ ਜੋਖਮ ਵਾਲੀਆਂ ਗਰਭਵਤੀਆਂ ਦੀ ਪਛਾਣ, ਸੰਸਥਾਗਤ ਡਿਲਿਵਰੀ ਅਤੇ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਰੈਫਰਲ ਦੀ ਮਹੱਤਤਾ ਬਾਰੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਉਨਾਂ ਆਸ਼ਾ ਵਰਕਰਾਂ ਦੀ ਮੈਦਾਨੀ ਪੱਧਰ 'ਤੇ ਭੂਮਿਕਾ ਨੂੰ ਬਹੁਤ ਮਹੱਤਵਪੂਰਨ ਦੱਸਦਿਆਂ ਉਨ੍ਹਾਂ ਨੂੰ ਜਾਗਰੂਕਤਾ ਵਧਾਉਣ ਅਤੇ ਮਾਂ ਤੇ ਨਵ-ਜਨਮੇ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ। ਉਨਾਂ ਕਿਹਾ ਕਿ ਮਾਤਰੀ ਮੌਤਾਂ ਨੂੰ ਰੋਕਣ ਲਈ ਸਭ ਤੋਂ ਪਹਿਲਾਂ ਹਾਈਰਿਸਕ ਗਰਭਵਤੀ ਔਰਤਾਂ ਦੀ ਪਹਿਚਾਨ ਕਰਨ ਉਪਰੰਤ ਸਾਰੇ ਲੋੜੀਂਦੇ ਟੈਸਟ ਕਰਵਾਉਣੇ ਯਕੀਨੀ ਬਣਾਏ ਜਾਣ। ਜ਼ਰੂਰਤ ਮੁਤਾਬਿਕ ਉਹਨਾਂ ਦਾ ਇਲਾਜ ਕੀਤਾ ਜਾਵੇ ਅਤੇ ਆਸ਼ਾ, ਏ ਐੱਨ ਐੱਮ ਵੱਲੋਂ ਉਹਨਾਂ ਦਾ ਲਗਾਤਾਰ ਫਾਲੋਅਪ ਕੀਤਾ ਜਾਵੇ ਤਾਂ ਜੋ ਲੋੜ ਪੈਣ ਤੇ ਸਮੇਂ ਰਹਿੰਦਿਆਂ ਉਨ੍ਹਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ ਅਤੇ ਮਾਤਰੀ ਮੌਤ ਦੇ ਖਤਰੇ ਨੂੰ ਰੋਕਿਆ ਜਾ ਸਕੇ ।ਉਨਾਂ ਸਮੂਹ ਆਸ਼ਾ ਵਰਕਰਾਂ ਅਤੇ ਆਸ਼ਾ ਫੈਸੀਲੀਟੇਟਰਾਂ ਨੂੰ ਸਖਤ ਹਦਾਇਤ ਕੀਤੀ ਕਿ ਹੋਮ ਡਲੀਵਰੀ ਦੀ ਥਾਂ ਸੰਸਥਾਂਗਤ ਜਣੇਪਾ ਕਰਵਾਇਆ ਜਾਵੇ।ਜੇਕਰ ਫਿਰ ਵੀ ਕਿਸੇ ਪਿੰਡਾਂ ਵਿੱਚ ਦਾਈਆਂ ਜਣੇਪਾ ਕਰਦੀਆਂ ਹਨ ਤਾਂ ਤੁਰੰਤ ਸਿਹਤ ਵਿਭਾਗ ਨੂੰ ਸੂਚਿਤ ਕੀਤੇ ਜਾਵੇ। ਉਨਾਂ ਕਿਹਾ ਕਿ ਹਰ ਗਰਭਵਤੀ ਔਰਤ ਨੂੰ ਜਿੰਨੀ ਜਲਦੀ ਹੋ ਸਕੇ ਰਜਿਸਟਰ ਕੀਤਾ ਜਾਵੇ। ਉਸ ਦੇ ਸਾਰੇ ਚੈਕਅਪ ਜਿਵੇਂ ਕਿ ਵਜ਼ਨ, ਬਲੱਡ ਪ੍ਰੈਸ਼ਰ, ਸ਼ੂਗਰ ਐਚਬੀ, ਥਾਇਰਾਇਡ, ਹੈਪੈਟਾਇਟਸ, ਐਲਐਫਟੀ, ਸਕੈਨ, ਈ.ਸੀ.ਜੀ ਅਤੇ ਹੋਰ ਜਰੂਰੀ ਚੈੱਕਅਪ ਸਮੇਂ ਸਿਰ ਕੀਤੇ ਜਾਣ ਤਾਂ ਜੋ ਸਮਾਂ ਰਹਿੰਦੀਆਂ ਕਿਸੇ ਵੀ ਮੁਸ਼ਕਿਲ ਦਾ ਪਤਾ ਲਗਾ ਕੇ ਉਸ ਦਾ ਇਲਾਜ਼ ਕੀਤਾ ਜਾ ਸਕੇ। ਕਿਸੇ ਵੀ ਮੁਸ਼ਕਿਲ ਸਥਿਤੀ ਵਿੱਚ 108 ਤੇ ਕਾਲ ਕਰਕੇ ਗਰਭਵਤੀ ਔਰਤਾਂ ਨੂੰ ਪੰਜਾਬ ਸਰਕਾਰ ਵਲੋਂ ਦਿੱਤੀ ਜਾ ਰਹੀ ਫ੍ਰੀ ਐਂਬੂਲੈਂਸ ਸੇਵਾ ਦੁਆਰਾ ਸਿਹਤ ਸੰਸਥਾਂ ਵਿਖੇ ਪਹੁੰਚਾਇਆ ਜਾਵੇ। ਉਨਾਂ ਹਦਾਇਤ ਕੀਤੀ ਕਿ ਸੀ.ਐਚ.ਸੀ ਹਾਰਟਾ ਵਿਖੇ ਹਰ ਮਹੀਨੇ ਦੀ 9 ਅਤੇ 23 ਤਰੀਕ ਨੂੰ ਪੀ ਐਮ ਐਸ ਐਮ ਏ ਵਾਲੇ ਦਿਨ ਹਰ ਗਰਭਵਤੀ ਔਰਤ ਦਾ ਮਾਹਿਰ ਡਾਕਟਰਾਂ ਵਲੋਂ ਲੋੜੀਂਦੇ ਚੈਕ-ਅੱਪ ਅਤੇ ਟੈਸਟ ਯਕੀਨੀ ਬਣਾਏ ਜਾਣ। ਇਸ ਮੌਕੇ ਆਸ਼ਾ ਵਰਕਰਾਂ ਨੇ ਆਪਣੇ ਅਨੁਭਵ ਵੀ ਸਾਂਝੇ ਕੀਤੇ ।



15-Dec-PAGE-9-Dec-25-Final-25.qxd 12/14/2025 9:30 PM Page 1



# ਸਨੌਰ ਹਲਕੇ ਅਧੀਨ ਆਉਂਦੇ ਪਿੰਡਾਂ 'ਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਅਮਨ-ਅਮਾਨ ਨਾਲ ਸੰਪੰਨ

ਸਨੌਰ (ਰਾਜਿੰਦਰ ਸਿੰਘ ਥਿੰਦ)-ਸਨੌਰ ਹਲਕੇ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਲਈ ਹੋਈਆਂ ਚੋਣਾਂ ਪੂਰੀ ਤਰ੍ਹਾਂ ਅਮਨ-ਚੈਨ ਅਤੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸੰਪੰਨ ਹੋਈਆਂ।ਪਿੰਡ ਪੱਧਰ 'ਤੇ ਲੋਕਤੰਤਰਕ ਪ੍ਰਕਿਰਿਆ ਨੂੰ ਅੱਗੇ ਵਧਾਉਂਦਿਆਂ ਵੋਟਰਾਂ ਨੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ, ਹਾਲਾਂਕਿ ਵੋਟਿੰਗ ਦੀ ਦਰ ਹਰ ਪਿੰਡ ਵਿੱਚ ਇੱਕੋ ਜਿਹੀ ਨਹੀਂ ਰਹੀ।ਚੋਣਾਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਹਿੰਸਕ ਘਟਨਾ, ਟਕਰਾਅ ਜਾਂ ਬੂਥ ਨਾਲ ਸੰਬੰਧਿਤ ਗੜਬੜ ਦੀ ਕੋਈ ਸੂਚਨਾ ਨਹੀਂ ਮਿਲੀ।ਪੁਲਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਪਹਿਲਾਂ ਤੋਂ ਹੀ ਕੀਤੇ ਗਏ ਇੰਤਜ਼ਾਮ ਕਾਰਨ ਹਾਲਾਤ ਪੂਰੇ ਦਿਨ ਕਾਬੂ ਵਿੱਚ ਰਹੇ।ਐੱਸ.ਐੱਸ.ਪੀ. ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਹਰੇਕ ਸੰਵੇਦਨਸ਼ੀਲ ਅਤੇ ਆਮ ਪੋਲਿੰਗ ਸਟੇਸ਼ਨ 'ਤੇ ਪੁਲਸ ਫੋਰਸ ਦੀ ਤਾਇਨਾਤੀ ਕੀਤੀ ਗਈ ਸੀ।



ਪ੍ਰਸ਼ਾਸਨਿਕ ਜਾਣਕਾਰੀ ਮੁਤਾਬਕ ਸ਼ਾਮ ਸਾਢੇ ਚਾਰ ਵਜੇ ਤੱਕ ਸਥਿਤੀ ਬਿਲਕੁਲ ਸਧਾਰਣ ਰਹੀ ਅਤੇ ਵੋਟਿੰਗ ਨਿਰਵਿਘਨ ਤੌਰ 'ਤੇ ਚੱਲਦੀ ਰਹੀ। ਵੋਟਰਾਂ ਦੇ ਰੁਝਾਨਾਂ ਦੀ ਗੱਲ ਕਰੀਏ ਤਾਂ ਕੁਝ ਪਿੰਡਾਂ ਵਿੱਚ ਚੰਗਾ ਉਤਸ਼ਾਹ ਵੇਖਣ ਨੂੰ ਮਿਲਿਆ।ਪਿੰਡ ਬੋਲੜ ਕਲਾਂ ਵਿੱਚ ਦੋਵੇਂ ਭਾਗਾਂ ਵਿੱਚ ਵੋਟਿੰਗ ਦੀ ਦਰ ਪੰਜਾਹ ਫ਼ੀਸਦੀ ਤੋਂ ਉੱਪਰ ਰਹੀ, ਜੋ ਵੋਟਰਾਂ ਦੀ ਸਰਗਰਮ ਭਾਗੀਦਾਰੀ ਨੂੰ ਦਰਸਾਉਂਦੀ ਹੈ।ਪਿੰਡ ਬਲਮਗੜ੍ਹ ਅਤੇ ਲਲੀਨਾ ਵਿੱਚ ਵੀ ਵੋਟਰਾਂ ਨੇ ਸੰਤੋਸ਼ਜਨਕ ਗਿਣਤੀ ਵਿੱਚ ਆਪਣੇ ਵੋਟ ਪਾਏ।ਇਸਦੇ ਉਲਟ ਪਿੰਡ ਭਾਂਖਰ ਵਿੱਚ ਵੋਟਿੰਗ ਪ੍ਰਤੀ ਰੁਝਾਨ ਕਾਫ਼ੀ ਕਮਜ਼ੋਰ ਰਿਹਾ, ਜਿੱਥੇ ਦੋਵੇਂ ਬੂਥਾਂ 'ਤੇ ਘੱਟ ਹਾਜ਼ਰੀ ਦਰਜ ਕੀਤੀ ਗਈ।ਭਾਂਖਰ ਵਿੱਚ ਘੱਟ ਵੋਟਿੰਗ ਸਥਾਨਕ ਪੱਧਰ 'ਤੇ ਚਰਚਾ ਦਾ ਕੇਂਦਰ ਬਣੀ ਰਹੀ।ਖ਼ਬਰ ਲਿਖੇ ਜਾਣ ਤੱਕ ਚੋਣ ਅਮਲਾ ਪੋਲਿੰਗ ਸਟੇਸ਼ਨਾਂ 'ਤੇ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ ਅਤੇ ਇਹ ਯਕੀਨੀ ਬਣਾਇਆ ਗਿਆ ਕਿ ਆਖ਼ਰੀ ਵੋਟਰ ਤੱਕ ਹਰ ਕਿਸੇ ਨੂੰ ਮਤਦਾਨ ਦਾ ਮੌਕਾ ਮਿਲੇ।ਚੋਣ ਪ੍ਰਕਿਰਿਆ ਦੇ ਸ਼ਾਂਤਮਈ ਰਹਿਣ ਨਾਲ ਪ੍ਰਸ਼ਾਸਨ ਨੇ ਰਾਹਤ ਮਹਿਸੂਸ ਕੀਤੀ।

# 4 ਕਿੱਲੋ ਹੈਰੋਇਨ, 3.90 ਲੱਖ ਰੁਪਏ ਡਰੱਗ ਮਨੀ ਤੇ ਪਿਸਤੌਲ ਸਮੇਤ ਚਾਰ ਮੁਲਜ਼ਮ ਕਾਬੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ਨਰਿੰਦਰ ਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਵਿਦੇਸ਼ ਅਧਾਰਤ ਤਸਕਰਾਂ ਨਾਲ ਜੁੜੇ ਡਰੱਗ ਸਪਲਾਈ ਮਾਡਿਊਲ ਦੇ ਚਾਰ ਕਾਰਕੁਨਾਂ ਨੂੰ 4 ਕਿਲੋ ਹੈਰੋਇਨ, 3.90 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕ .32 ਬੋਰ ਪਿਸਤੌਲ, ਮੈਗਜ਼ੀਨ ਤੇ ਪੰਜ ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ।

ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਯੁਵਰਾਜ ਸਿੰਘ ਵਾਸੀ ਰੋੜੀਵਾਲ, ਅੰਮ੍ਰਿਤਸਰ; ਵਰਿੰਦਰ ਸਿੰਘ ਵਾਸੀ ਧੌਲ ਕਲਾਂ, ਅੰਮ੍ਰਿਤਸਰ; ਜਗਰੂਪ ਸਿੰਘ ਵਾਸੀ ਸੰਗਨਾ, ਅੰਮ੍ਰਿਤਸਰ ਅਤੇ ਜੁਗਰਾਜ ਸਿੰਘ ਵਾਸੀ ਸਰਕਾਰੀਆ ਐਨਕਲੇਵ, ਅੰਮ੍ਰਿਤਸਰ ਵਜੋਂ ਹੋਈ ਹੈ।

ਪੁਲਸ ਟੀਮ ਨੇ ਉਨ੍ਹਾਂ ਦਾ ਕਾਲੇ ਰੰਗ ਦਾ ਹੀਰੋ ਸਪਲੈਂਡਰ ਮੋਟਰਸਾਈਕਲ (ਪੀਬੀ-02-ਈਈ-0627) ਅਤੇ ਚਿੱਟੇ ਰੰਗ ਦੀ ਹੌਂਡਾ ਐਕਟਿਵਾ (ਪੀਬੀ-02-ਈਐਕਸ-2265) ਜਿਸਦੀ ਵਰਤੋਂ ਉਹ ਖੇਪ ਡਲਿਵਰ ਕਰਨ ਲਈ ਕਰ ਰਹੇ ਸਨ, ਨੂੰ ਵੀ ਜ਼ਬਤ ਕਰ ਲਿਆ ਹੈ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸੀਆਈ ਅੰਮ੍ਰਿਤਸਰ ਦੀਆਂ ਪੁਲਸ ਟੀਮਾਂ ਨੂੰ ਭਰੋਸੇਯੋਗ ਜਾਣਕਾਰੀ ਮਿਲੀ ਸੀ ਕਿ ਵਿਦੇਸ਼ੀ ਹੈਂਡਲਰ ਲਖਵਿੰਦਰ ਸਿੰਘ ਉਰਫ਼ ਬਾਬਾ ਲੱਖਾ ਦੇ ਸਾਥੀਆਂ ਯੁਵਰਾਜ




ਅਤੇ ਵਰਿੰਦਰ ਨੇ ਅਜਨਾਲਾ ਸੈਕਟਰ ਤੋਂ ਹੈਰੋਇਨ ਦੀ ਇੱਕ ਖੇਪ ਪ੍ਰਾਪਤ ਕੀਤੀ ਹੈ ਅਤੇ ਉਹ ਸੰਭਾਵਿਤ ਤੌਰ ਤੇ ਇਸ ਖੇਪ ਨੂੰ ਅੰਮ੍ਰਿਤਸਰ ਦੇ ਗੁਰਦੁਆਰਾ ਮੋਰਚਾ ਸਾਹਿਬ ਨੇੜੇ ਸ਼ੱਕੀ ਜਗਰੂਪ ਸਿੰਘ ਨੂੰ ਡਲਿਵਰ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਜਾਣਕਾਰੀ ਤੇ ਤੁਰੰਤ ਕਾਰਵਾਈ ਕਰਦਿਆਂ ਪੁਲਸ ਟੀਮਾਂ ਨੇ ਜਾਲ ਵਿਛਾਇਆ ਅਤੇ ਤਿੰਨਾਂ ਮੁਲਜ਼ਮਾਂ ਨੂੰ ਨਸ਼ੀਲੇ ਪਦਾਰਥਾਂ ਦੀ ਖੇਪ ਅਤੇ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ।

ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਜਗਰੂਪ ਸਿੰਘ ਨੇ ਪੁੱਛਗਿੱਛ ਦੌਰਾਨ ਖੁਲਾਸਾ ਕੀਤਾ ਕਿ ਉਹ ਦਇਆ ਸਿੰਘ ਉਰਫ਼ ਪ੍ਰੀਤ ਸੇਖੋਂ, ਜੋ ਇਸ ਸਮੇਂ ਸ੍ਰੀ ਮੁਕਤਸਰ ਸਾਹਿਬ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਹੈ, ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ ਅਤੇ ਪ੍ਰੀਤ ਸੇਖੋਂ ਨੇ ਉਸ ਨੂੰ ਗੁਰਦੁਆਰਾ ਮੋਰਚਾ ਸਾਹਿਬ ਦੇ ਨੇੜਿਓਂ ਹੈਰੋਇਨ ਦੀ ਖੇਪ ਪ੍ਰਾਪਤ ਕਰਨ ਦੇ ਨਿਰਦੇਸ਼ ਦਿੱਤੇ ਸਨ।

ਡੀ ਜੀ ਪੀ ਨੇ ਦੱਸਿਆ ਕਿ ਹੋਰ ਪੁੱਛਗਿੱਛ ਦੌਰਾਨ, ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਯੁਵਰਾਜ ਅਤੇ ਵਰਿੰਦਰ ਨੇ ਆਪਣੇ ਇੱਕ ਹੋਰ ਸਾਥੀ ਜੁਗਰਾਜ ਸਿੰਘ ਬਾਰੇ ਖੁਲਾਸਾ ਕੀਤਾ, ਜਿਸ ਨੂੰ ਬਾਅਦ ਵਿੱਚ ਅੰਮ੍ਰਿਤਸਰ ਸਿਟੀ ਤੋਂ 3.90 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ।ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।ਇਸ ਸਬੰਧੀ, ਐੱਫਆਈਆਰ ਨੰਬਰ 73 ਮਿਤੀ 13.12.25 ਨੂੰ ਥਾਣਾ ਐੱਸ ਐੱਸ ਓ ਸੀ ਅੰਮ੍ਰਿਤਸਰ ਵਿਖੇ ਐੱਨ ਡੀ ਪੀ ਐੱਸ ਐਕਟ ਦੀ ਧਾਰਾ 21, 25 ਅਤੇ 29 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਦਰਜ ਕੀਤੀ ਗਈ ਹੈ।

# ਵਿਧਾਇਕ ਧਾਲੀਵਾਲ ਨੇ ਪੁਰਾਣੇ ਵਰਕਰਾਂ ਦੇ ਘਰੀਂ ਪਹੁੰਚ ਕੇ ਪਿਛਲੇ ਗਿਲੇ-ਸ਼ਿਕਵੇ ਕੀਤੇ ਦੂਰ

## * ਗੁਰਜੰਟ ਗਿੱਲ ਤੇ ਬਾਬਾ ਨਿਸ਼ਾਨ ਸਿੰਘ ਸਮੇਤ ਕਈ ਹੋਰ ਵਰਕਰਾਂ ਨਾਲ 2014 ਤੋਂ ਸ਼ੁਰੂ ਕੀਤਾ ਸੀ ਟੀਮ ਵਰਕ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਵਿਧਾਨ ਸਭਾ ਹਲਕਾ ਅਜਨਾਲਾ ਤੋਂ ਵਿਧਾਇਕ ਅਤੇ ਸਾਬਕਾ ਕੈਬਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਆਮ ਆਦਮੀ ਪਾਰਟੀ ਦੇ ਟਕਸਾਲੀ ਆਗੂ ਬਾਬਾ ਨਿਸ਼ਾਨ ਸਿੰਘ ਦੇ ਗ੍ਰਹਿ ਪਿੰਡ ਬੱਲੜਵਾਲ ਵਿਖੇ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰ ਗੁਰਜੰਟ ਸਿੰਘ ਗਿੱਲ ਸਮੇਤ ਹੋਰਨਾਂ ਪੁਰਾਣੇ ਵਰਕਰਾਂ ਅਤੇ ਮੋਹਤਬਾਰਾਂ ਨਾਲ ਮੀਟਿੰਗ ਕੀਤੀ ਅਤੇ ਆਪਸੀ ਪਿਛਲੇ ਗਿਲੇ ਸ਼ਿਕਵੇ ਭੁਲਾ ਕੇ ਅੱਗੇ ਤੋਂ ਪਾਰਟੀ ਲਈ ਇੱਕਮੁੱਠ ਹੋ ਕੇ ਕੰਮ ਕਰਨ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਵਿਚਾਰ-ਵਟਾਂਦਰਾ ਕੀਤਾ।ਇਸ ਮੌਕੇ ਸਾਬਕਾ ਮੰਤਰੀ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਸਾਰੇ ਨਿਰਾਸ਼ ਵਰਕਰਾਂ ਤੇ ਆਗੂਆਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਪਾਰਟੀ ਦੇ ਹਰੇਕ ਵਰਕਰ ਲਈ ਮੇਰੇ ਘਰ ਦੇ ਦਰਵਾਜ਼ੇ 24 ਘੰਟੇ ਖੁੱਲ੍ਹੇ ਹਨ ਤੇ ਹਰ ਵਰਕਰ ਤੇ ਮੋਹਤਬਰ ਨੂੰ ਪਹਿਲਾਂ ਵਾਂਗ ਹੀ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ, ਕਿਉਂਕਿ ਵਰਕਰ ਹੀ ਹਰੇਕ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਇਸ ਲਈ ਅਸੀਂ ਅਪਣੇ ਵਰਕਰਾਂ ਨੂੰ ਕਮਜ਼ੋਰ ਨਹੀਂ ਹੋਣ ਦੇਵਾਂਗੇ ਸਗੋਂ ਉਨ੍ਹਾਂ ਨੂੰ ਹੋਰ ਮਜ਼ਬੂਤ ਕਰਾਂਗੇ



ਕਿਉਂਕਿ ਵਰਕਰਾਂ ਨੂੰ ਸੰਭਾਲਣਾ ਅਤੇ ਉਨ੍ਹਾਂ ਦੇ ਕੰਮ ਕਰਵਾਉਣਾ ਸਾਡੇ ਨਾਲ ਮੁੱਢਲਾ ਫਰਜ਼ ਹੈ।ਉਨ੍ਹਾਂ ਕਿਹਾ ਕਿ 2014 ਤੋਂ ਗੁਰਜੰਟ ਸਿੰਘ ਗਿੱਲ ਤੇ ਬਾਬਾ ਨਿਸ਼ਾਨ ਸਿੰਘ ਜੀ ਬੱਲੜਵਾਲ ਸਮੇਤ ਕਈ ਹੋਰ ਜੁਝਾਰੂ ਵਰਕਰਾਂ ਨਾਲ ਮਿਲ ਕੇ ਹੀ ਟੀਮ ਵਰਕ ਸ਼ੁਰੂ ਕੀਤਾ ਸੀ, ਜਿਸ ਦੀ ਬਦੌਲਤ ਹੀ ਅਸੀਂ 2022 ਵਿੱਚ ਬਣੀ ਮਾਨ ਨੇ ਸਰਕਾਰ ਦਾ ਹਿੱਸਾ ਬਣੇ! ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਰਾਜਾਸਾਂਸੀ ਤੋਂ ਫਾਊਂਡਰ ਮੈਂਬਰ ਗੁਰਜੰਟ ਸਿੰਘ ਗਿੱਲ ਅਤੇ ਟਕਸਾਲੀ ਵਰਕਰ ਬਾਬਾ ਨਿਸ਼ਾਨ ਸਿੰਘ ਬੱਲੜਵਾਲ ਸਮੇਤ ਸਮੂਹ ਵਰਕਰਾਂ ਨੇ ਵਿਧਾਇਕ ਧਾਲੀਵਾਲ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਅਸੀਂ ਪਹਿਲਾ ਵੀ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਦੇ ਸਿਪਾਹੀ ਵਜੋਂ ਪਾਰਟੀ ਨਾਲ ਖੜੇ ਸੀ, ਖੜੇ ਹਾਂ ਤੇ ਖੜੇ ਰਵਾਂਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਤੁਸੀਂ ਜਿੱਥੇ ਸਾਡੀ ਡਿਊਟੀ ਲਗਾਓਗੇ ਅਸੀਂ ਓਸ ਡਿਊਟੀ ਨੂੰ ਤਨ ਮਨ ਧਨ ਨਾਲ ਨਿਭਾਵਾਂਗੇ ਤੇ 2027 ਦੀਆਂ ਚੋਣਾਂ ਵਿੱਚ 2022 ਵਾਂਗ ਫਿਰ ਤੋਂ ਤੁਹਾਨੂੰ ਵੱਡੀ ਲੀਡ ਨਾਲ ਜਿਤਾ ਕੇ ਆਮ ਆਦਮੀ ਪਾਰਟੀ ਦੇ ਹੱਥ ਮਜ਼ਬੂਤ ਕਰਾਂਗੇ। ਇਸ ਮੌਕੇ ਮਾਰਕੀਟ ਕਮੇਟੀ ਅਜਨਾਲਾ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਹਲਕਾ ਰਾਜਾਸਾਂਸੀ ਤੋਂ ਫਾਊਂਡਰ ਮੈਂਬਰ ਗੁਰਜੰਟ ਸਿੰਘ ਗਿੱਲ, ਟਕਸਾਲੀ ਆਗੂ ਬਾਬਾ ਨਿਸ਼ਾਨ ਸਿੰਘ ਬਲੜਵਾਲ, ਸਰਪੰਚ ਸਰਬਜੀਤ ਸਿੰਘ, ਬਾਬਾ ਸੁਵਿੰਦਰ ਸਿੰਘ, ਅਮਨਦੀਪ ਸਿੰਘ, ਗੁਰਲਾਲ ਸਿੰਘ, ਗੁਰਮੁਖ ਸਿੰਘ ਅਤੇ ਦਰਜਨਾਂ ਆਗੂ ਅਤੇ ਵਰਕਰ ਹਾਜ਼ਰ ਸਨ।

# ਲੇਖ਼ਕ ਮੰਚ ਨੇ ਬਹੁ-ਭਾਸ਼ਾਵੀ ਕਵੀ ਰਾਮ ਕਮਲ ਦੋਰਾਹਾ ਨੂੰ ਕੀਤਾ ਸਨਮਾਨਿਤ

ਸਮਰਾਲਾ, (ਸੁਰਜੀਤ ਸਿੰਘ)-ਲੇਖ਼ਕ ਮੰਚ ਸਮਰਾਲਾ ਦੀ ਮਾਸਿਕ ਇਕੱਤਰਤਾ ਸਥਾਨਕ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਦਫਤਰ ਵਿਚ ਰਾਜਵਿੰਦਰ ਸਮਰਾਲਾ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਬਹੁ-ਭਾਸ਼ਾਵੀ ਕਵੀ ਰਾਮ ਕਮਲ ਦੋਰਾਹਾ ਨੂੰ ਉਨ੍ਹਾਂ ਦੀ ਵੱਡੀ ਸਾਹਿਤਕ ਦੇਣ ਲਈ ਸਨਮਾਨਿਤ ਕੀਤਾ ਗਿਆ।ਰਾਮ ਕਮਲ ਨੇ ਮੰਚ ਦੇ ਹਾਜ਼ਰ ਮੈਂਬਰਾਂ ਨਾਲ ਆਪਣੀ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਬੇਸ਼ੱਕ ਉਹ ਇੱਕ ਕਾਰੋਬਾਰੀ ਹਨ, ਪਰ ਸਾਹਿਤ ਵਿਚ ਡੂੰਘੀ ਦਿਲਚਸਪੀ ਰੱਖਦੇ ਹਨ।ਉਨ੍ਹਾਂ ਲੇਖਕ ਮੰਚ ਨੂੰ ਆਪਣੀ ਪੁਸਤਕ 'ਮੈਂ ਕੁਝ ਨਵਾਂ ਕਹਿਣਾ ਹੈ' ਭੇਟ ਕੀਤੀ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਤਿੰਨ ਪੁਸਤਕਾਂ ਛੇਤੀ ਮਾਰਕੀਟ ਵਿਚ ਆ ਜਾਣਗੀਆਂ। ਉਨ੍ਹਾਂ ਦੱਸਿਆ ਕਿ ਉਹ ਦੋਰਾਹਾ ਕਸਬੇ ਵਿਚ ਸ਼ੁਰੂ ਕੀਤੀ ਸੰਸਥਾ 'ਲਿਟਰੇਰੀ ਮੰਚ ਦੋਰਾਹਾ' ਲਈ ਕਰੀਬ 150 ਲੇਖਕ ਮਹਿਮਾਨਾਂ ਦੀ ਸਮਰੱਥਾ ਵਾਲਾ ਹਾਲ ਤਿਆਰ ਕਰ ਰਹੇ ਹਨ, ਜਿਸ ਵਿਚ ਸਾਹਿਤਕ ਗਤੀਵਿਧੀਆਂ ਹੋਇਆ ਕਰਨਗੀਆਂ।ਇਸ ਮੌਕੇ ਉਨ੍ਹਾਂ ਪੰਜਾਬੀ, ਹਿੰਦੀ, ਇੰਗਲਿਸ਼ ਅਤੇ ਉਰਦੂ ਵਿਚ ਲਿਖੀਆਂ ਆਪਣੀਆਂ ਰਚਨਾਵਾਂ ਸੁਣਾ ਕੇ ਹਾਜ਼ਰ ਲੇਖਕਾਂ ਨੂੰ ਸਰਸ਼ਾਰ ਕੀਤਾ।ਇਸ ਤੋਂ ਪਹਿਲਾਂ ਮਾਸਟਰ ਤਰਲੋਚਨ ਯਾਦਗਾਰੀ ਸਮਾਗਮ ਦਾ ਲੇਖਾ-ਜੋਖਾ ਕੀਤਾ ਗਿਆ ਜਿਸ ਵਿਚ ਹਾਜ਼ਰ ਮੈਂਬਰਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਮਾਗਮ ਨੂੰ ਸਫ਼ਲ ਅਤੇ ਅਨੁਸ਼ਾਸਤ ਪ੍ਰੋਗਰਾਮ ਦੱਸਿਆ।ਵਿੱਤ ਸਕੱਤਰ ਹਰਜਿੰਦਰਪਾਲ ਸਿੰਘ ਨੇ ਸਮਾਗਮ ਦੇ ਖਰਚੇ ਦਾ ਲੇਖਾ-ਜੋਖਾ ਹਾਊਸ ਸਾਮ੍ਹਣੇ ਰੱਖਿਆ, ਜਿਸ ਦੀ ਹਾਊਸ ਨੇ ਸ਼ਲਾਘਾ ਕੀਤੀ ਅਤੇ ਖਰਚੇ ਦਾ ਹਿਸਾਬ ਸਰਬਸੰਮਤੀ ਨਾਲ ਪਾਸ ਕੀਤਾ।ਰਚਨਾਵਾਂ ਦੇ ਦੌਰ ਵਿੱਚ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਸੁਖਵਿੰਦਰ ਰਾਮਪੁਰੀ, ਸੁਰਜੀਤ ਰਾਮਪੁਰੀ, ਗੁਰਚਰਨ ਰਾਮਪੁਰੀ, ਮਹਿੰਦਰ ਰਾਮਪੁਰੀ ਅਤੇ ਮਹਿੰਦਰ ਕੈਦੀ ਦੁਆਰਾ ਰਚਿਤ ਕਵਿਤਾਵਾਂ ਅਤੇ ਗੀਤ ਪੇਸ਼ ਕੀਤੀਆਂ। ਨਵਜੀਤ ਸਿੰਘ ਕੋਟਾਲਾ ਨੇ ਧਰਮ ਕੰਮੇਆਣਾ ਦਾ ਲਿਖਿਆ ਗੀਤ ਪੇਸ਼ ਕੀਤਾ, ਨੇਤਰ ਸਿੰਘ ਨੇਤਰ ਨੇ ਕਵਿਤਾ 'ਸਮਾਂ ਕਈ ਵਾਰ', ਕਰਮਜੀਤ ਬਾਸੀ ਨੇ ਕਵਿਤਾ 'ਹੋਕਾ' ਪੇਸ਼ ਕੀਤੀ।ਪੱਤਰਕਾਰ ਕਰਮਜੀਤ 'ਆਜ਼ਾਦ' ਨੇ



ਗੀਤ 'ਮੈਨੂੰ ਤੇਰੇ ਗਮ ਨੇ ਮਾਰ ਦੇਣਾ' ਤਰੰਨੁਮ ਵਿਚ ਗਾ ਕੇ ਸੁਣਾਇਆ। ਇਸੇ ਤਰਾਂ ਮਾਸਟਰ ਆਤਮਾ ਸਿੰਘ ਕੋਟਾਲਾ ਨੇ ਮਾ. ਤਰਲੋਚਨ ਸਿੰਘ ਨਾਲ ਜੁੜੀਆਂ ਯਾਦਾਂ ਨਾਲ ਸਾਂਝ ਪਾਈ।ਪੇਸ਼ ਕੀਤੀਆਂ ਰਚਨਾਵਾਂ 'ਤੇ ਲੇਖਕਾਂ ਨੇ ਨਿੱਠ ਕੇ ਚਰਚਾ ਕੀਤੀ ਅਤੇ ਉਸਾਰੂ ਸੁਝਾਅ ਦਿੱਤੇ।ਇਸ ਤੋਂ ਪਹਿਲਾਂ ਮੰਚ ਦੇ ਪ੍ਰਧਾਨ ਰਾਜਵਿੰਦਰ ਸਮਰਾਲਾ ਨੇ ਆਏ ਲੇਖਕਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ।ਪ੍ਰਧਾਨਗੀ ਮੰਡਲ ਵਿਚ ਜਥੇਦਾਰ ਅਮਰਜੀਤ ਸਿੰਘ ਬਲਿਓਂ, ਪ੍ਰਿੰਸੀਪਲ ਬੈਨੀਪਾਲ, ਰਾਜਵਿੰਦਰ ਸਮਰਾਲਾ ਅਤੇ ਰਾਮ ਕਮਲ ਦੋਰਾਹਾ ਸਸ਼ੋਭਿਤ ਰਹੇ।ਇਸ ਮੌਕੇ ਮਾਸਟਰ ਪ੍ਰੇਮ ਨਾਥ ਅਤੇ ਰਾਜਿੰਦਰ ਸਿੰਘ ਉਚੇਚੇ ਤੌਰ 'ਤੇ ਮੀਟਿੰਗ ਵਿਚ ਹਾਜ਼ਰ ਰਹੇ।ਮੰਚ ਸੰਚਾਲਨ ਹਰਜਿੰਦਰਪਾਲ ਸਿੰਘ ਨੇ ਬਾਖੂਬੀ ਕੀਤਾ।

# ਰਾਜ ਪੱਧਰੀ ਵੁਸ਼ੂ ਮੁਕਾਬਲੇ ਵਿੱਚ ਮਾਰੀਆਂ ਮੱਲਾਂ



ਬਟਾਲਾ: (ਡਾ. ਮਲਵਿੰਦਰ ਸਿੰਘ)-ਬੀਤੇ ਦਿਨ ਨੌਵਾਂ ਪੰਜਾਬ ਸਟੇਟ ਵਸ਼ੂ ਫੈਡਰੇਸ਼ਨ ਕੱਪ ਮੁਕਾਬਲਾ ਲਵਲੀ ਯੂਨੀਵਰਸਿਟੀ ਜਲੰਧਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚ ਦੇਸ.ਰਾਜ ਡੀ. ਏ. ਵੀ. ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ।ਬਾਰ੍ਹਵੀਂ ਜਮਾਤ ਦੇ ਹਿੰਮਤ ਸ਼ੈਲੀ ਨਾਂਅ ਦੇ ਵਿਦਿਆਰਥੀ ਨੇ ਵਿਸ਼ਵ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਚਾਂਦੀ ਦਾ ਤਮਗਾ ਜਿੱਤ ਕੇ ਪੰਜਾਬ ਸਟੇਟ ਵਿੱਚੋਂ ਦੂਜਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਸਵਿਤਾ ਭਾਸਕਰ ਨੇ ਵਿਦਿਆਰਥੀ ਦੇ ਮਾਤਾ ਪਿਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਾਰਿਆਂ ਬੱਚਿਆਂ ਨੂੰ ਵੀ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।

# 'ਬਰਕਤ ਕੀ ਬਾਰਿਸ਼' ਪ੍ਰੋਗਰਾਮ ਮਨਾਉਂਦਿਆਂ ਈਸਾਈ ਭਾਈਚਾਰੇ ਨੇ ਕ੍ਰਿਸਮਸ ਦੇ ਜਸ਼ਨ ਮਨਾਏ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਕ੍ਰਿਸਮਸ ਤੋਂ ਪਹਿਲਾਂ ਸੇਂਟ ਪੌਲ ਚਰਚ ਕੋਰਟ ਰੋਡ, ਅੰਮ੍ਰਿਤਸਰ ਵਿਖੇ ਡਾਇਓਸਿਸ ਆਫ ਅੰਮ੍ਰਿਤਸਰ ਚਰਚ ਆਫ ਨੌਰਥ ਇੰਡੀਆ ਦੁਆਰਾ ਆਯੋਜਿਤ ਇੱਕ ਸ਼ਰਧਾ ਸਮਾਗਮ, 'ਬਰਕਤ ਕੀ ਬਾਰਿਸ਼' ਦੌਰਾਨ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ 600 ਤੋਂ ਵੱਧ ਈਸਾਈ ਪਰਮਾਤਮਾ ਦੇ ਬੇਅੰਤ ਪਿਆਰ ਅਤੇ ਉਸ ਤੋਂ ਜਾਰੀ ਹੋਣ ਵਾਲੀਆਂ ਅਸੀਸਾਂ ਦਾ ਜਸ਼ਨ ਮਨਾਉਣ ਲਈ ਇਕੱਠੇ ਹੋਏ।ਪ੍ਰੇਮ ਦਾ ਤਿਉਹਾਰ ਥੀਮ ਵਾਲੇ ਇਸ ਪ੍ਰੋਗਰਾਮ ਦਾ ਆਯੋਜਨ ਸ਼ਾਂਤੀ, ਉਮੀਦ, ਪਿਆਰ ਅਤੇ ਆਨੰਦ ਦੇ ਸੰਦੇਸ਼ ਨੂੰ ਫੈਲਾਉਣ ਲਈ ਸੇਂਟ ਪੌਲ ਚਰਚ, ਅੰਮ੍ਰਿਤਸਰ ਦੇ ਬਲੈਸਡ ਕੁਆਇਰ ਦੇ ਸਹਿਯੋਗ ਨਾਲ ਕੀਤਾ ਗਿਆ ਸੀ। ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ ਵਿਖੇ ਸਥਿਤ ਡਾਇਓਸਿਸ ਦੇ ਚਰਚਾਂ ਦੇ ਕੁੱਲ 14 ਕੁਆਇਰਆਂ ਨੇ ਇਸ ਜਸ਼ਨ ਵਿਚ ਉਤਸ਼ਾਹ ਨਾਲ ਹਿੱਸਾ ਲਿਆ।ਇਸ ਦੌਰਾਨ, ਜਦੋਂ ਸੇਂਟ ਪੌਲ ਚਰਚ, ਕੋਰਟ ਰੋਡ, ਅੰਮ੍ਰਿਤਸਰ ਦੇ ਪ੍ਰੈਸਬੀਟਰ-ਇਨਚਾਰਜ, ਰੈਵਰੈਂਡ ਵਿਨੈ ਸੰਨੀ ਦੀ ਅਗਵਾਈ ਹੇਠ ਡਾਇਓਸਿਸ ਦੇ ਪਾਦਰੀਆਂ ਨੇ ਦੇਸ਼, ਇਸਦੇ ਨੇਤਾਵਾਂ ਅਤੇ ਇਸਦੇ ਲੋਕਾਂ ਦੀ ਸ਼ਾਂਤੀ ਅਤੇ ਬੇਹਤਰੀ ਲਈ ਪ੍ਰਾਰਥਨਾ ਕੀਤੀ ਤਾਂ ਸਾਰਿਆਂ ਦੇ ਸਿਰ ਸਤਿਕਾਰ ਨਾਲ ਝੁਕ ਗਏ। ਡਾਇਓਸਿਸ ਆਫ ਅੰਮ੍ਰਿਤਸਰ, ਸੀਐੱਨਆਈ ਦੇ ਸਕੱਤਰ, ਰਾਹੁਲ ਰਕੇਸ਼ ਕੌਲ ਨੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ।ਜਦੋਂ ਅਸੀਂ ਕ੍ਰਿਸਮਸ ਮਨਾਉਣ ਦੀ ਤਿਆਰੀ ਕਰਦੇ ਹਾਂ, ਮੈਨੂੰ ਪਰਮਾਤਮਾ ਦੇ ਬੇਅੰਤ ਪ੍ਰੇਮ ਦਾ ਸੰਦੇਸ਼ ਸਾਂਝਾ ਕਰਨ ਵਿੱਚ ਖੁਸ਼ੀ ਹੋ ਰਹੀ ਹੈ।"ਪਰਮਾਤਮਾ ਨੇ 2,000 ਸਾਲ ਪਹਿਲਾਂ ਕ੍ਰਿਸਮਸ ਤੇ ਆਪਣੇ ਇਕਲੌਤੇ ਪੁੱਤਰ ਪ੍ਰਭੂ ਯਿਸੂ ਮਸੀਹ ਦੇ ਰੂਪ ਵਿੱਚ ਸਾਨੂੰ ਆਪਣਾ ਪ੍ਰੇਮ ਭੇਜਿਆ ਸੀ।ਉਸਦਾ ਪ੍ਰੇਮ ਸਾਨੂੰ ਉਮੀਦ, ਦਇਆ ਅਤੇ ਸ਼ਾਂਤੀ ਦੇ ਦੀਵੇ ਬਣਨ ਲਈ ਪ੍ਰੇਰਿਤ ਕਰੇ ਜੋ ਸਾਡੇ ਭਾਈਚਾਰਿਆਂ ਅਤੇ ਇਸ ਤੋਂ ਅੱਗੇ ਵੀ ਚਮਕਦੇ ਰਹਿਣ" -ਦਿ ਰਾਈਟ ਰੈਵਰੈਂਡ ਮਨੋਜ ਚਰਨ ਬਿਸ਼ਪ ਡਾਇਓਸਿਸ ਆਫ ਅੰਮ੍ਰਿਤਸਰ ਚਰਚ ਆਫ ਨੌਰਥ ਇੰਡੀਆ ਨੇ ਕਿਹਾ।ਜਸ਼ਨ ਦੇ ਵਿਸ਼ੇ ਬਾਰੇ ਬੋਲਦਿਆਂ ਬਿਸ਼ਪ ਚਰਨ ਨੇ ਕਿਹਾ ਕਿ ਕ੍ਰਿਸਮਸ ਤੋਂ ਵੱਡਾ ਪਰਮਾਤਮਾ ਦੇ ਪ੍ਰੇਮ ਦਾ ਹੋਰ ਕੋਈ ਸਬੂਤ ਨਹੀਂ ਹੋ ਸਕਦਾ।ਪਰਮਾਤਮਾ ਨੇ ਸਾਨੂੰ ਆਪਣਾ ਇਕਲੌਤਾ ਪੁੱਤਰ ਪ੍ਰਭੂ ਯਿਸੂ ਮਸੀਹ ਦਿੱਤਾ ਜਿਸਨੇ ਬਦਲੇ ਵਿੱਚ ਸਾਡੇ ਪਾਪਾਂ ਦੀ ਮਾਫ਼ੀ ਲਈ ਸਲੀਬ 'ਤੇ ਆਪਣੀ ਜਾਨ ਦੇ ਕੇ ਸਾਡੇ ਲਈ ਪਰਮਾਤਮਾ ਦਾ ਪ੍ਰੇਮ ਪ੍ਰਦਰਸ਼ਿਤ ਕੀਤਾ'—ਉਨ੍ਹਾਂ ਨੇ ਕਿਹਾ। ਬਰਕਤ ਕੀ ਬਾਰਿਸ਼ ਦੇ ਕਨਵੀਨਰ ਅਲਵਾਨ ਮਸੀਹ ਨੇ ਕ੍ਰਿਸਮਸ ਕੈਰਲਜ਼ ਦੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਬਾਰੇ ਸੰਗਤ ਨੂੰ ਜਾਗਰੂਕ ਕੀਤਾ।ਕੈਰਲਜ਼ ਮੂਲ ਰੂਪ ਵਿੱਚ ਵੱਖ-ਵੱਖ ਕਬੀਲਿਆਂ ਦੁਆਰਾ ਰੁੱਤਾਂ ਦਾ ਸਨਮਾਨ ਕਰਨ ਲਈ ਗਾਏ ਜਾਂਦੇ ਮੂਰਤੀ-ਪੂਜਕ ਗੀਤ ਸਨ। ਉਨ੍ਹਾਂ ਨੂੰ ਤੀਜੀ ਜਾਂ ਚੌਥੀ ਸਦੀ ਦੇ ਆਸਪਾਸ ਕ੍ਰਿਸਮਸ ਨਾਲ ਜੋੜਿਆ ਜਾਣ ਲੱਗਾ ਸੀ,-ਉਨ੍ਹਾਂ ਨੇ ਕਿਹਾ। ਪ੍ਰੰਪਰਾਗਤ ਪੰਜਾਬੀ ਢੋਲ ਦੇ ਰੂਪ ਵਿੱਚ ਸੱਭਿਆਚਾਰ ਦੇ ਸੁਮੇਲ ਅਤੇ ਕਲਾਸਿਕ ਕ੍ਰਿਸਮਸ ਕੈਰਲਜ਼ ਦੀ ਵਿਸ਼ਵਵਿਆਪੀ ਕ੍ਰਿਸਮਸ ਵਿਰਾਸਤ ਨੇ ਪਰਮਾਤਮਾ ਦੇ ਬ੍ਰਹਮ ਪਿਆਰ ਦੀ ਸਰਵਵਿਆਪਕਤਾ ਨੂੰ ਉਜਾਗਰ ਕਰਨ ਵਿੱਚ ਮਦਦ ਕੀਤੀ। ਜਸ਼ਨਾਂ ਵਿੱਚ ਬਿਸ਼ਪ ਮਨੋਜ ਚਰਨ ਦੁਆਰਾ ਇੱਕ ਰਸਮੀ ਕੇਕ ਕਟਾਈ, ਇੱਕ ਪ੍ਰਤੀਕਾਤਮਕ ਗੁਬਾਰਾ ਛੁਡਾਈ ਅਤੇ ਸੇਂਟ ਪੌਲ ਚਰਚ ਅੰਮ੍ਰਿਤਸਰ ਦੀ ਬਲੈਸਡ ਕੁਆਇਰ ਦੁਆਰਾ ਗਾਇਆ ਗਿਆ ਕ੍ਰਿਸਮਸ ਕੈਰੋਲ ਜੌਏ ਟੂ ਦ ਵਰਲਡ, ਜਿਸਨੂੰ ਕ੍ਰਿਸ਼ਚੀਅਨ ਬ੍ਰੌਡਕਾਸਟਿੰਗ ਨੈੱਟਵਰਕ ਦੁਆਰਾ ਰਿਕਾਰਡ ਕੀਤਾ ਗਿਆ ਸੀ, ਦਾ ਲਾਂਚ ਸ਼ਾਮਲ ਸਨ।

# 'ਸਮਾਜ ਵਿਰੋਧੀ ਅਨਸਰਾਂ ਵੱਲੋਂ ਸਕੂਲਾਂ ਨੂੰ ਧਮਕਾਉਣਾ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ'

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਪਿਛਲੇ ਦਿਨੀਂ ਅੰਮ੍ਰਿਤਸਰ ਦੇ ਦੋ ਸਕੂਲਾਂ ਨੂੰ ਮਿਲੀਆਂ ਬੰਬ ਦੀਆਂ ਧਮਕੀ ਵਾਲੀਆਂ ਈਮੇਲਾਂ ਡੂੰਘੀ ਚਿੰਤਾ ਦਾ ਕਾਰਨ ਹਨ ਤੇ ਸੂਬੇ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ।ਸਮਾਜ-ਵਿਰੋਧੀ ਅਤੇ ਅੱਤਵਾਦੀ ਸੋਚ ਵਾਲੇ ਅਨਸਰਾਂ ਨੇ ਹੁਣ ਸਕੂਲ ਇਮਾਰਤਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ, ਜੋ ਸਿੱਖਿਆ ਅਤੇ ਸੰਸਕਾਰਾਂ ਦੇ ਮੰਦਰ ਹਨ, ਜਿੱਥੇ ਮਾਸੂਮ ਬੱਚੇ ਵਿਦਿਆ ਗ੍ਰਹਿਣ ਕਰਦੇ ਹਨ ਅਤੇ ਦੇਸ਼ ਦਾ ਭਵਿੱਖ ਘੜਿਆ ਜਾਂਦਾ ਹੈ।ਹਰ ਰੋਜ਼ ਡਰ ਅਤੇ ਦਹਿਸ਼ਤ ਦੀਆਂ ਘਟਨਾਵਾਂ ਸਾਹਮਣੇ ਆ ਰਹੀਆ ਹਨ ਤੇ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਲੈ ਕੇ ਗੈਂਗਸਟਰ ਗਤੀਵਿਧੀਆਂ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਸ੍ਰੀ ਦਰਬਾਰ ਸਾਹਿਬ ਨੂੰ ਧਮਕੀਆਂ ਅਤੇ ਹੁਣ ਸਕੂਲਾਂ ਨੂੰ ਬੰਬ ਧਮਾਕਿਆਂ ਦੀਆਂ ਧਮਕੀਆਂ ਘਟਨਾਵਾਂ ਸਪੱਸ਼ਟ ਤੌਰ 'ਤੇ ਪੰਜਾਬ ਸਰਕਾਰ ਦੀ ਕਮਜ਼ੋਰ ਕਾਰਗੁਜ਼ਾਰੀ ਅਤੇ ਬੇਵਸੀ ਨੂੰ ਦਰਸਾਉਂਦੀਆਂ ਹਨ।ਸਭ ਤੋਂ ਦੁਖਦਾਈ ਅਤੇ ਖ਼ਤਰਨਾਕ ਗੱਲ ਇਹ ਹੈ ਕਿ ਸਮਾਜ ਵਿਰੋਧੀ ਅਨਸਰਾਂ ਦੀਆਂ ਨਜ਼ਰਾਂ ਹੁਣ ਸਿੱਧੇ ਤੌਰ 'ਤੇ ਵਿੱਦਿਅਕ ਸੰਸਥਾਵਾਂ ਅਤੇ ਸਕੂਲ ਕੈਂਪਸਾਂ ਤੱਕ ਪਹੁੰਚ ਗਈਆਂ ਹਨ।ਸੋਚੋ ਕੀ ਮਾਸੂਮ ਬੱਚੇ ਅਜਿਹੇ ਖ਼ਤਰਿਆਂ ਅਤੇ ਡਰ ਦੇ ਮਾਹੌਲ ਵਿੱਚ ਸ਼ਾਂਤੀ ਨਾਲ ਆਪਣੀ ਪੜ੍ਹਾਈ ਜਾਰੀ ਨਹੀ ਰੱਖ ਸਕਣਗੇ ? ਬੱਚਿਆਂ ਵਿੱਚ ਅਸੁਰੱਖਿਆ, ਮਨੋਵਿਗਿਆਨਕ ਤਣਾਅ ਅਤੇ ਡਰ ਦੀ ਵਧਦੀ ਭਾਵਨਾ ਨਾ ਸਿਰਫ਼ ਉਨ੍ਹਾਂ ਦੀ ਪੜ੍ਹਾਈ ਨੂੰ ਪ੍ਰਭਾਵਿਤ ਕਰੇਗੀ ਬਲਕਿ ਸਮਾਜ ਅਤੇ ਦੇਸ਼ ਦੇ ਭਵਿੱਖ ਲਈ ਇੱਕ ਗੰਭੀਰ ਚੇਤਾਵਨੀ ਹੈ।ਬੱਚਿਆਂ ਨੂੰ ਡਰ ਅਤੇ ਦਹਿਸ਼ਤ ਦੇ ਮਾਹੌਲ ਵਿੱਚ ਪੜ੍ਹਨ ਲਈ ਛੱਡਣਾ ਸਾਡੇ ਸਮਾਜ ਅਤੇ ਸਾਡੀ ਸਾਂਝੀ ਸਮਾਜਿਕ ਸਦਭਾਵਨਾ ਦੀ ਸਭ ਤੋਂ ਵੱਡੀ ਅਸਫਲਤਾ ਹੋਵੇਗੀ।ਸੀਨੀਅਰ ਸਟੱਡੀ (ਪੁਤਲੀਘਰ) ਅਤੇ ਦਿੱਲੀ ਪਬਲਿਕ ਸਕੂਲ (ਮਾਨਾਂਵਾਲਾ) ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣਾ ਕੇਵਲ ਸ਼ਰਾਰਤ ਨਹੀਂ, ਸਗੋਂ ਇੱਕ ਅਮਾਨਵੀ, ਬੇਹਿਸ, ਅਤੇ ਦਹਿਸ਼ਤਗਰਦੀ ਸੋਚ ਨੂੰ ਦਰਸਾਉਂਦਾ ਹੈ।ਜਿਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਪੰਜਾਬ, ਇੱਕ ਸਰਹੱਦੀ ਸੂਬਾ ਤੇ ਦੇਸ਼ ਦੀ ਖੜਗ ਭੁਜਾ ਹੈ ਜਿਥੇ ਹਮੇਸ਼ਾ ਹੀ ਪਾਕਿਸਤਾਨ ਦੀਆਂ ਖ਼ੁਫ਼ੀਆ ਏਜੰਸੀਆਂ ਕੰਮ ਕਰ ਰਹੀਆ ਹਨ ਅਤੇ ਇਸ ਦੇ ਅੱਤਵਾਦੀ ਏਜੰਡੇ ਦਾ ਮੁੱਖ ਨਿਸ਼ਾਨਾ ਰਿਹਾ ਹੈ।ਇਸ ਘਟਨਾ ਸਬੰਧੀ ਜ਼ਿਲ੍ਹਾ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਬੱਚਿਆਂ ਨੇ ਸ਼ਰਾਰਤ ਵਜੋਂ ਅਜਿਹੀ ਗੁਸਤਾਖੀ ਕੀਤੀ ਸੀ ਤੇ ਇਸ ਵਾਰੀ ਵੀ ਦੋਸ਼ੀਆਂ ਦੀ ਤੁਰੰਤ ਪਛਾਣ ਕਰ ਲਈ ਜਾਵੇਗੀ।ਉਨ੍ਹਾਂ ਕਿਹਾ ਕਿ ਅਮਨ ਕਨੂੰਨ ਦੀ ਸਥਿਤੀ ਨੂੰ ਕਿਸੇ ਵੀ ਹਾਲਤ ਵਿੱਚ ਵਿਗੜਣ ਨਹੀਂ ਦਿੱਤਾ ਜਾਵੇਗਾ।

# ਹੁਣ ਇੱਕ ਕਲਿੱਕ 'ਤੇ ਪਤਾ ਲੱਗੇਗਾ ਕਿ ਮੁਕਤਸਰ ਦਾ ਰੇਲਵੇ ਫਾਟਕ ਖੁੱਲ੍ਹਾ ਹੈ ਜਾਂ ਬੰਦ ?

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)-ਰੇਲਵੇ ਫਾਟਕ ਬੰਦ ਹੋਣ ਤੇ ਘੰਟਿਆਂ ਹੋਣ ਵਾਲੀ ਪ੍ਰੇਸ਼ਾਨੀ ਤੋਂ ਹੁਣ ਲੋਕਾਂ ਨੂੰ ਰਾਹਤ ਮਿਲ ਸਕਦੀ ਹੈ।ਇਸਦਾ ਕਾਰਣ ਇਹ ਹੈ ਕਿ ਲੋਕਾਂ ਨੂੰ ਹੁਣ ਘਰ ਬੈਠੇ ਹੀ ਪਤਾ ਚੱਲ ਜਾਇਆ ਕਰੇਗਾ ਕਿ ਫਾਟਕ ਖੁੱਲਾ ਹੈ ਜਾਂ ਬੰਦ।ਇਸ ਤਰ੍ਹਾਂ ਫਾਟਕ ਬੰਦ ਹੋਣ ਦੀ ਸੂਰਤ 'ਚ ਲੋਕ ਸਮੇਂ ਅਨੁਸਾਰ ਘਰੋਂ ਕੰਮ ਤੇ ਨਿਕਲ ਕੇ ਸਮੇਂ ਸਿਰ ਪਹੁੰਚ ਸਕਣਗੇ।ਇੱਕ ਕਲਿੱਕ ਕਰਨ 'ਤੇ ਹੀ ਮੁਕਤਸਰ ਦੇ ਫਾਟਕਾਂ ਦੇ ਬੰਦ ਹੋਣ ਦੀ ਜਾਣਕਾਰੀ ਮਿਲ ਜਾਵੇਗੀ।ਮੁਕਤਸਰ ਦੇ ਦੋ ਨੌਜਵਾਨਾਂ ਨੇ ਫਾਟਕ ਐਪ ਦੀ ਸ਼ੁਰੂਆਤ ਕੀਤੀ ਹੈ ਜਿਸ 'ਤੇ ਘਰ ਬੈਠੇ ਤੁਸੀਂ ਰੇਲਵੇ ਫਾਟਕ ਬੰਦ ਜਾਂ ਖੁੱਲ੍ਹਾ ਹੋਣ ਦੀ ਜਾਣਕਾਰੀ ਲੈ ਸਕਦੇ ਹੋ।ਦੱਸ ਦਈਏ ਕਿ ਬੂੜਾਗੁੱਜਰ ਰੋਡ ਫਾਟਕ ਤੇ ਤਾਂ ਫਾਟਕ ਬੰਦ ਹੋਣ 'ਤੇ ਘੰਟਿਆਂ ਜਾਮ ਦੇ ਹਾਲਾਤ ਬਣ ਜਾਂਦੇ ਨੇ ਤੇ ਕਈ ਸਕੂਲ ਹੋਣ ਦੇ ਚਲਦਿਆਂ ਵਿਦਿਆਰਥੀ ਗਰਮੀ 'ਚ ਕਾਫੀ ਪ੍ਰੇਸ਼ਾਨ ਹੁੰਦੇ ਨੇ।ਉੱਥੇ ਹੀ ਆਮ ਲੋਕਾਂ ਨੂੰ ਵੀ ਦਿੱਕਤਾਂ ਝੱਲਣੀਆਂ ਪੈਂਦੀਆਂ ਹਨ। ਪਰ ਹੁਣ ਲੋਕਾਂ ਨੂੰ ਇਸ ਸਮੱਸਿਆ ਤੋਂ ਕੁੱਝ ਰਾਹਤ ਮਿਲੇਗੀ ਕਿਉਂਕਿ ਲੋਕ ਫਾਟਕ ਐਪ ਜ਼ਰੀਏ ਘਰੋਂ ਨਿਕਲਣ ਸਮੇਂ ਫਾਟਕ ਬੰਦ ਹੋਣ ਦਾ ਸਟੇਟਸ ਚੈੱਕ ਕਰਕੇ ਨਿਕਲ ਸਕਣਗੇ ਤਾਂ ਸਮੱਸਿਆ ਨਹੀਂ ਆਵੇਗੀ ਤੇ ਟਾਈਮ ਵੀ ਬਚੇਗਾ।




ਐਪ ਦੀ ਸ਼ੁਰੂਆਤ ਕਰਨ ਵਾਲੇ ਨੌਜਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸੋਚ ਇਹੀ ਹੈ ਕਿ ਲੋਕ ਬੇਵਜ੍ਹਾ ਫਾਟਕ ਤੇ ਟ੍ਰੈਫਿਕ 'ਚ ਨਾ ਫਸੇ ਰਹਿਣ ਤੇ ਉਨ੍ਹਾਂ ਨੂੰ ਦਿੱਕਤਾਂ ਨਾ ਝੱਲਣੀਆਂ ਪੈਣ।ਇਸੇ ਕਰਕੇ ਉਨਾਂ ਫਾਟਕ ਐਪ ਸ਼ੁਰੂ ਕੀਤੀ ਹੈ ਜਿਸ 'ਚ ਫਿਲਹਾਲ ਮੁਕਤਸਰ ਫਾਟਕਾਂ ਦੀ ਅਪਡੇਟ ਮਿਲੇਗੀ।ਜਲਦੀ ਹੀ ਬਠਿੰਡਾ ਦੇ ਫਾਟਕਾਂ ਨੂੰ ਵੀ ਇਸ 'ਚ ਸ਼ਾਮਲ ਕੀਤਾ ਜਾਵੇਗਾ। Fatak ਐਪ ਹੁਣ Play Store ਅਤੇ App Store ਦੋਵਾਂ 'ਤੇ ਡਾਊਨਲੋਡ ਲਈ ਉਪਲਬਧ ਹੈ।

# 'ਏਕਤਾ ਵਿੱਚ ਅਨੇਕਤਾ' ਦੀ ਭਾਵਨਾ ਨੂੰ ਦਰਸਾਉਂਦਾ ਸੱਭਿਆਚਾਰਕ ਪ੍ਰੋਗਰਾਮ ਜੋਸ਼ੋ-ਖਰੋਸ਼ ਨਾਲ ਸਮਾਪਤ

ਨਾਭਾ (ਵਰਿੰਦਰ ਵਰਮਾ)-ਨਾਭਾ ਸਥਿਤ ਜੀ ਬੀ ਇੰਟਰਨੈਸ਼ਨਲ ਸਕੂਲ ਵਿੱਚ ਸਕੂਲ ਚੇਅਰਮੈਨ ਸੰਦੀਪ ਬਾਂਸਲ ਅਤੇ ਸਕੂਲ ਨਿਰਦੇਸ਼ਕਾ ਅੰਸ਼ੂ ਬਾਂਸਲ ਦੀ ਅਗਵਾਈ ਹੇਠ ਆਯੋਜਿਤ ਫੇਟ ਸਮਾਰੋਹ ਨੇ ਖੁਸ਼ੀਆਂ ਦਾ ਮਹਾਉਤਸਵ ਰਚ ਦਿੱਤਾ।ਇਸ ਦੌਰਾਨ ਨਾਭਾ ਦੇ ਵਿਧਾਇਕ ਸਰਦਾਰ ਗੁਰਦੇਵ ਸਿੰਘ ਦੇਵ ਮਾਨ ਅਤੇ ਸਾਬਕਾ ਐੱਮਐੱਲਏ ਰਮੇਸ਼ ਸਿੰਗਲਾ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ। ਇਸ ਤੋਂ ਇਲਾਵਾ ਦਵਿੰਦਰ ਅਤਰੀ (ਐੱਸ ਪੀ ਇਨਵੈਸਟੀਗੇਸ਼ਨ, ਸੰਗਰੂਰ) ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਪ੍ਰੋਗਰਾਮ ਦਾ ਸ਼ੁਭ ਆਰੰਭ ਮੁੱਖ ਮਹਿਮਾਨ ਵੱਲੋਂ ਦੀਪ ਜਗਾ ਕੇ ਕੀਤਾ ਗਿਆ। ਇਸ ਉਪਰੰਤ ਵਿਦਿਆਰਥੀਆਂ ਵੱਲੋਂ ਭਾਰਤ ਦੇ ਵੱਖ-ਵੱਖ ਰਾਜਾਂ ਨਾਲ ਸੰਬੰਧਿਤ ਲੋਕਨਾਚਾਂ ਅਤੇ ਸੰਗੀਤ ਦੀਆਂ ਸ਼ਾਨਦਾਰ ਪ੍ਰਸਤੁਤੀਆਂ ਨੇ 'ਏਕਤਾ ਵਿੱਚ ਵਿਭਿੰਨਤਾ' ਦੀ ਭਾਵਨਾ ਨੂੰ ਮਜ਼ਬੂਤੀ ਨਾਲ ਦਰਸਾਇਆ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ 'ਮਲਵਈ ਗਿੱਧਾ' ਦੀ ਪ੍ਰਸਤੁਤੀ ਦੇ ਕੇ ਦਰਸ਼ਕਾਂ ਤੋਂ ਖੂਬ ਤਾੜੀਆਂ ਬਟੋਰੀਆਂ।ਇਸ ਉਪਰੰਤ ਮੁੱਖ ਮਹਿਮਾਨ ਸਰਦਾਰ ਗੁਰਦੇਵ ਸਿੰਘ ਦੇਵ ਮਾਨ ਨੇ ਰਾਜ-ਵਾਰ ਸਟਾਲਾਂ ਨੂੰ ਆਧਿਕਾਰਕ ਤੌਰ 'ਤੇ ਸ਼ੁਰੂ ਕਰਨ ਦਾ ਐਲਾਨ ਕੀਤਾ। ਫੇਟ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਦੇ ਸਟਾਲ ਲਗਾਏ ਗਏ, ਜਿਨ੍ਹਾਂ ਵਿੱਚ ਪੰਜਾਬ, ਰਾਜਸਥਾਨ, ਗੁਜਰਾਤ, ਹਿਮਾਚਲ, ਹਰਿਆਣਾ ਆਦਿ ਦੀ ਸੰਸਕ੍ਰਿਤੀ, ਲੋਕਕਲਾ ਅਤੇ ਖਾਣੇ ਪ੍ਰਦਰਸ਼ਿਤ ਕੀਤੇ ਗਏ। ਬੱਚਿਆਂ ਲਈ ਤਿਆਰ ਕੀਤਾ ਗਿਆ ਰੋਮਾਂਚਕ ਐਡਵੈਂਚਰਸ ਜ਼ੋਨ, ਜਿਸ ਵਿੱਚ ਛੋਟੇ ਬੱਚਿਆਂ ਲਈ ਵਿਸ਼ੇਸ਼ ਤੌਰ 'ਤੇ ਸੁਰੱਖਿਅਤ ਅਤੇ ਮਨੋਰੰਜਕ ਗਤੀਵਿਧੀਆਂ ਦੀ ਵਿਵਸਥਾ ਕੀਤੀ ਗਈ ਸੀ, ਫੇਟ ਦਾ ਮੁੱਖ ਆਕਰਸ਼ਣ ਰਿਹਾ।ਇਸ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਬੱਚਿਆਂ ਦੇ ਨਾਲ-ਨਾਲ ਵੱਡਿਆਂ ਨੂੰ ਵੀ ਆਪਣੇ ਵੱਲ ਖਿੱਚਦੀਆਂ ਨਜ਼ਰ ਆਈਆਂ।ਮਾਪਿਆਂ ਲਈ ਆਯੋਜਿਤ ਤੰਬੋਲਾ ਗੇਮਜ਼ ਨੇ ਵੀ ਪ੍ਰੋਗਰਾਮ ਵਿੱਚ ਖਾਸ ਰੰਗ ਭਰ ਦਿੱਤਾ। ਫੇਟ ਦੌਰਾਨ ਆਯੋਜਿਤ ਲੱਕੀ ਡ੍ਰਾ ਨੇ ਸਮਾਰੋਹ ਵਿੱਚ ਹੋਰ ਵੀ ਉਤਸ਼ਾਹ ਭਰ ਦਿੱਤਾ, ਜਿਸ ਵਿੱਚ ਇਲੈਕਟ੍ਰਿਕ ਸਕੂਟੀ ਸਮੇਤ 28 ਤੋਂ ਵੱਧ ਆਕਰਸ਼ਕ ਇਨਾਮਾਂ ਦੀ ਘੋਸ਼ਣਾ ਕੀਤੀ ਗਈ।ਫੇਟ ਦੀ ਰੌਣਕ ਉਸ ਵੇਲੇ ਹੋਰ ਵਧ ਗਈ ਜਦੋਂ ਲੱਕੀ ਡਰਾਅ ਵਿੱਚ ਜੀ ਬੀ ਆਈ ਐਸ ਦੀ ਪੰਜਵੀਂ ਕਲਾਸ ਦੀ ਭਾਗਾਂਵਾਲੀ ਵਿਦਿਆਰਥਣ ਪ੍ਰਭਵੀਰ ਕੌਰ ਨੇ ਪਹਿਲੇ ਇਨਾਮ ਵਜੋਂ ਇਲੈਕਟ੍ਰਿਕ ਸਕੂਟੀ ਹਾਸਲ ਕੀਤੀ।ਇਸ ਤੋਂ ਬਾਅਦ ਖੇਡਾਂ ਅਤੇ ਵਿੱਦਿਅਕ ਉਪਲਬਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਸਰਦਾਰ ਗੁਰਦੇਵ ਸਿੰਘ ਦੇਵ ਮਾਨ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜੀ ਬੀ ਆਈ ਐੱਸ ਵੱਲੋਂ ਆਯੋਜਿਤ ਅੱਜ ਦੇ ਇਸ ਸਮਾਰੋਹ ਨੇ ਵਿਦਿਆਰਥੀਆਂ ਵਿੱਚ ਸੱਭਿਆਚਾਰਕ ਮੁੱਲਾਂ ਪ੍ਰਤੀ ਸਨਮਾਨ ਅਤੇ ਰਚਨਾਤਮਕਤਾ ਦਾ ਵਿਕਾਸ ਕੀਤਾ ਹੈ।ਸਮਾਪਤੀ ਸਮਾਰੋਹ ਮੌਕੇ ਸਕੂਲ ਪ੍ਰਿੰ. ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਆਯੋਜਨ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਰਚਨਾਤਮਕਤਾ ਅਤੇ ਸੱਭਿਆਚਾਰਕ ਚੇਤਨਾ ਨੂੰ ਉਤਸ਼ਾਹਿਤ ਕਰਦੇ ਹਨ।ਵਾਈਸ ਪ੍ਰਿੰ. ਦਿਵਿਆ ਸ਼ਰਮਾ ਨੇ ਕਿਹਾ ਕਿ ਅੱਜ ਦੇ ਇਸ ਪ੍ਰੋਗਰਾਮ ਨੇ ਬੱਚਿਆਂ ਨੂੰ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਵਿੱਚ ਮਦਦ ਕੀਤੀ ਹੈ।ਇਸ ਮੌਕੇ 'ਤੇ ਪ੍ਰਥਮ ਬਾਂਸਲ, ਰਮੇਸ਼ ਗਰਗ, ਰਾਕੇਸ਼ ਗਰਗ, ਸਤੀਸ਼ ਗਰਗ ਅਤੇ ਮੋਂਟੂ ਪਹੁਜਾ (ਐੱਮ ਸੀ, ਨਾਭਾ) ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।



# ਐੱਸ ਡੀ ਐੱਮ ਅਸ਼ੋਕ ਕੁਮਾਰ ਵੱਲੋਂ ਚੋਣ ਅਮਲ ਸ਼ਾਂਤੀ ਪੂਰਵਕ ਨੇਪਰੇ ਚੜ੍ਹਨ ਲਈ ਵੋਟਰਾਂ ਦਾ ਧੰਨਵਾਦ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)—ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਲਈ ਪਈਆਂ ਵੋਟਾਂ ਦਾ ਕੰਮ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਅਮਨ ਅਮਾਨ ਨਾਲ ਸੰਪੰਨ ਹੋ ਗਿਆ ਹੈ ਅਤੇ ਨਿੱਕੀਆਂ ਮੋਟੀਆਂ ਘਟਨਾਵਾਂ ਨੂੰ ਛੱਡ ਕੇ ਕੋਈ ਵੱਡੀ ਘਟਨਾ ਨਹੀਂ ਵਾਪਰੀ।ਸਵੇਰੇ 8 ਵਜੇ ਪੋਲਿੰਗ ਦਾ ਕੰਮ ਸ਼ੁਰੂ ਹੋਇਆ ਅਤੇ ਸ਼ਾਮ 4 ਵਜੇ ਤੱਕ ਲਗਾਤਾਰ ਜਾਰੀ ਰਿਹਾ।ਇਸਦੇ ਬਾਵਜੂਦ ਲੋਕਾਂ ਦਾ ਵੋਟਾਂ ਪਾਉਣ ਲਈ ਰੁਝਾਨ ਮੱਠਾ ਨਜ਼ਰ ਆਇਆ। ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਜ਼ਿਲ੍ਹ ਪ੍ਰੀਸ਼ਦ ਪਟਿਆਲਾ ਦੇ ਚਾਰ ਜ਼ੋਨਾਂ ਤੇ ਬਲਾਕ ਸੰਮਤੀ ਪਾਤੜਾਂ ਦੇ 25 ਜ਼ੋਨਾਂ ਲਈ ਲਈ ਬਣਾਏ ਗਏ 219 ਪੋਲਿੰਗ ਬੂਥਾਂ ਤੇ ਹੋਈਆਂ ਚੋਣਾਂ ਲਈ ਪ੍ਰਸ਼ਾਸਨ ਵੱਲੋਂ ਵੋਟਾਂ ਦਾ ਕੰਮ ਨੇਪਰੇ ਚੜ੍ਹਾਉਣ ਲਈ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ ਜਿਨਾਂ ਦੀ ਨਿਗਰਾਨੀ ਡੀਐੱਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਖੁਦ ਕਰ ਰਹੇ ਸਨ।ਸਿਵਿਲ ਪ੍ਰਸ਼ਾਸਨ ਵੱਲੋਂ ਚੋਣ ਅਧਿਕਾਰੀ ਕੰਮ ਐੱਸਡੀਐੱਮ ਪਾਤੜਾਂ ਅਸ਼ੋਕ ਕੁਮਾਰ ਸਾਰੇ ਚੋਣ ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਸਨ ਜਦੋਂਕਿ ਏਡੀਸੀ ਈਸ਼ਾ ਸਿੰਗਲ ਅਤੇ ਐੱਸਪੀ ਹੈੱਡਕੁਆਰਟਰ ਵੈਭਵ ਚੌਧਰੀ ਨੇ ਪੋਲਿੰਗ ਬੂਥਾਂ ਦੇ ਨਾਲ ਨਾਲ ਸਰਕਾਰੀ ਕਿਰਤੀ ਕਾਲਜ ਨਿਆਲ ਵਿਖੇ ਬਣਾਇਆ ਗਿਆ ਸਟਰਾਂਗ ਰੂਮ ਦਾ ਦੌਰਾ ਕੀਤਾ।ਡੀਐੱਸਪੀ ਇੰਦਰਪਾਲ ਸਿੰਘ ਚੌਹਾਨ ਦੀ ਅਗਵਾਈ ਵਿੱਚ ਸਾਰੇ ਪੋਲਿੰਗ ਬੂਥਾਂ ਉਤੇ ਪੁਲਸ ਮੁਲਾਜ਼ਮ ਤੈਨਾਤ ਕੀਤੇ ਗਏ ਸਨ ਇਸ ਤੋਂ ਇਲਾਵਾ ਸਾਰੇ ਸੁਰੱਖਿਆ ਪ੍ਰਬੰਧਾਂ ਦੀ ਨਜ਼ਰਸਾਨੀ ਥਾਣਾ ਪਾਤੜਾਂ, ਸ਼ੁਤਰਾਣਾ ਘੱਗਾ ਪੁਲਸ ਚੌਂਕੀ ਗੁਲਜ਼ਾਰਪੁਰਾ ਠਰੂਆ ਅਤੇ ਬਾਦਸ਼ਾਹਪੁਰ ਦੇ ਇੰਚਾਰਜ ਕਰ ਰਹੇ ਸਨ।ਪੇਂਡੂ ਚੋਣਾਂ ਹੋਣ ਦੇ ਬਾਵਜੂਦ ਚੋਣਾਂ ਵਿੱਚ ਆਮ ਵੋਟਰਾਂ ਦਾ ਰੁਝਾਨ ਮੱਠਾ ਨਜ਼ਰ ਆਇਆ।

ਕਿਸੇ ਵੀ ਪੋਲਿੰਗ ਬੂਥ ਉੱਤੇ ਵੋਟਰਾਂ ਦੀਆਂ ਕੋਈ ਲੰਬੀਆਂ ਕਤਾਰਾਂ ਦੇਖਣ ਨੂੰ ਨਜ਼ਰ ਨਹੀਂ ਆਈਆਂ।ਐੱਸਡੀਐੱਮ

# ਵੋਟਾਂ ਦਾ ਅਮਲ ਸ.ਫਲਤਾ ਪੂਰਵਕ ਤੇ ਅਮਨ-ਅਮਾਨ ਨਾਲ ਨੇਪਰੇ ਚੜ੍ਹਿਆ : ਡਾ. ਪ੍ਰੀਤੀ ਯਾਦਵ

## ਡੀ. ਸੀ. ਨੇ ਚੋਣ ਅਮਲ ਸ਼ਾਂਤਮਈ ਢੰਗ ਨਾਲ ਪੂਰਾ ਹੋਣ 'ਤੇ ਵੋਟਰਾਂ ਅਤੇ ਚੋਣ ਅਮਲੇ ਦਾ ਧੰਨਵਾਦ ਪ੍ਰਗਟਾਇਆ

ਪਟਿਆਲਾ, (ਰਾਜਿੰਦਰ ਥਿੰਦ)-ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੇ 23 ਜ਼ੋਨਾਂ ਅਤੇ 10 ਪੰਚਾਇਤ ਸੰਮਤੀਆਂ ਦੇ 184 ਵਿੱਚੋਂ 169 ਜ਼ੋਨਾਂ ਦੀਆਂ ਆਮ ਚੋਣਾਂ ਲਈ ਅੱਜ ਪਈਆਂ ਵੋਟਾਂ ਦੀ ਪੂਰੀ ਪ੍ਰਕ੍ਰਿਆ ਸਫ਼ਲਤਾਪੂਰਵਕ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਈ।ਇਨ੍ਹਾਂ ਚੋਣਾਂ ਲਈ ਵੋਟਰਾਂ ਉਤਸ਼ਾਹ ਨਾਲ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਜ਼ਿਲ੍ਹੇ ਦੇ ਪਿੰਡਾਂ ਅੰਦਰ 941 ਪੋਲਿੰਗ ਸਟੇਸ਼ਨਾਂ ਵਿਖੇ ਬਣਾਏ 1341 ਪੋਲਿੰਗ ਬੂਥਾਂ ਵਿੱਚ ਜਾ ਕੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ।ਇਸ ਦੌਰਾਨ ਡਿਪਟੀ ਕਮਿਸ਼ਨਰ ਕਮ-ਜ਼ਿਲ੍ਹਾ ਚੋਣ ਡਾ. ਪ੍ਰੀਤੀ ਯਾਦਵ ਨੇ ਪੋਲਿੰਗ ਸਟੇਸ਼ਨਾਂ ਦਾ ਦੌਰਾ ਕਰਕੇ ਚੋਣ ਅਮਲ ਦਾ ਜਾਇਜ਼ਾ ਲਿਆ।ਉਨ੍ਹਾਂ ਨੇ ਜ਼ਿਲ੍ਹੇ ਦੇ ਵੋਟਰਾਂ, ਚੋਣ ਲੜ ਰਹੇ ਉਮੀਦਵਾਰਾਂ ਤੇ ਇਸ ਚੋਣ ਅਮਲ ਨੂੰ ਨੇਪਰੇ ਚਾੜ੍ਹਨ 'ਚ ਲੱਗੇ ਸਮੂਹ ਰਿਟਰਨਿੰਗ ਅਧਿਕਾਰੀਆਂ ਸਮੇਤ ਹੋਰ ਅਮਲੇ ਫੈਲੇ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰਨ ਲਈ ਧੰਨਵਾਦ ਵੀ ਕੀਤਾ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਪੂਰੀ ਪਾਰਦਸ਼ਤਾ ਨਾਲ ਨਿਰਪੱਖ ਰਹਿ ਕੇ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਦਾ ਪਾਲਣ ਕਰਦਿਆਂ ਇਹ ਚੋਣਾਂ ਕਰਵਾਈਆਂ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਲਾਕ ਸੰਮਤੀਆਂ ਲਈ 606 ਅਤੇ ਜ਼ਿਲ੍ਹਾ ਪ੍ਰੀਸ਼ਦ ਲਈ 113 ਉਮੀਦਵਾਰ ਮੈਦਾਨ 'ਚ ਸਨ, ਜਿਨ੍ਹਾਂ ਨੂੰ ਬੈਲਟ ਪੇਪਰਾਂ ਰਾਹੀਂ ਪਈਆਂ ਵੋਟਾਂ ਬਕਸਿਆਂ 'ਚ ਸੀਲਬੰਦ ਕਰਕੇ ਹਰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਨਿਰਧਾਰਤ ਸਟਰਾਂਗ ਰੂਮਜ਼ 'ਚ ਰਖਵਾ ਦਿੱਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਕਰਵਾਈ ਜਾਵੇਗੀ ਅਤੇ ਉਸੇ ਦਿਨ ਨਤੀਜਾ ਐਲਾਨਿਆ ਜਾਵੇਗਾ।ਇਸ ਲਈ ਭੁਨਰਹੇੜੀ ਤੇ ਸਨੌਰ ਬਲਾਕਾਂ ਦੇ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸਰਕਾਰੀ ਬਹੁਤਕਨੀਕੀ ਕਾਲਜ ਐੱਸ. ਐੱਸ. ਟੀ. ਨਗਰ ਵਿਖੇ, ਪਟਿਆਲਾ ਬਲਾਕ ਸੰਮਤੀ ਲਈ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸਰਕਾਰੀ ਮਹਿੰਦਰਾ ਕਾਲਜ ਵਿਖੇ, ਪਟਿਆਲਾ ਦਿਹਾਤੀ ਲਈ ਗਿਣਤੀ ਕੇਂਦਰ ਤੇ ਸਟਰਾਂਗ ਰੂਮ ਸਰਕਾਰੀ ਆਈ.ਟੀ.ਆਈ. ਨਾਭਾ ਰੋਡ ਵਿਖੇ, ਘਨੌਰ ਤੇ ਸ਼ੰਭੂ ਕਲਾਂ ਬਲਾਕਾਂ ਲਈ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਯੂਨੀਵਰਸਿਟੀ ਕਾਲਜ ਘਨੌਰ ਵਿਖੇ, ਨਾਭਾ ਬਲਾਕ ਲਈ ਰਿਪੁਦਮਨ ਕਾਲਜ ਨਾਭਾ, ਸਮਾਣਾ ਲਈ ਪਬਲਿਕ ਕਾਲਜ ਸਮਾਣਾ ਤੇ ਪਾਤੜਾਂ ਲਈ ਕਿਰਤੀ ਕਾਲਜ ਨਿਆਲ ਵਿਖੇ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਬਣਾਏ ਗਏ ਹਨ।ਡਾ. ਪ੍ਰੀਤੀ ਯਾਦਵ ਨੇ ਹੋਰ



ਦੱਸਿਆ ਕਿ ਭੁਨਰਹੇੜੀ ਬਲਾਕ 'ਚ 25 ਉਮੀਦਵਾਰ, ਸਨੌਰ ਬਲਾਕ 'ਚ 47 ਉਮੀਦਾਰ, ਨਾਭਾ ਬਲਾਕ 'ਚ 83, ਪਟਿਆਲਾ ਬਲਾਕ ਸੰਮਤੀ ਲਈ 52, ਪਟਿਆਲਾ ਦਿਹਾਤੀ ਬਲਾਕ 'ਚ 72, ਪਾਤੜਾਂ ਬਲਾਕ 'ਚ 99, ਰਾਜਪੁਰਾ ਬਲਾਕ 'ਚ 58, ਸਮਾਣਾ ਬਲਾਕ 'ਚ 52, ਘਨੌਰ ਬਲਾਕ 'ਚ 58 ਤੇ ਸ਼ੰਭੂ ਕਲਾਂ ਬਲਾਕ ਵਿਖੇ 60 ਉਮੀਦਵਾਰ ਚੋਣ ਮੈਦਾਨ ਵਿੱਚ ਸਨ। ਉਨ੍ਹਾਂ ਦੱਸਿਆ ਕਿ ਬਲਾਕ ਸੰਮਤੀਆਂ ਦੇ 15 ਚੋਣ ਹਲਕਿਆਂ ਤੋਂ ਉਮੀਦਵਾਰਾਂ ਦੀ ਚੋਣ ਨਿਰਵਿਰੋਧ ਹੋ ਗਈ ਜਦੋਂਕਿ ਬਾਕੀ ਰਹਿੰਦੇ 169 ਚੋਣ ਹਲਕਿਆਂ ਲਈ ਅੱਜ ਪਈਆਂ ਵੋਟਾਂ 'ਚ ਜ਼ਿਲ੍ਹੇ ਦੇ ਵੋਟਰਾਂ ਨੇ ਸ਼ਾਂਤਮਈ ਢੰਗ ਨਾਲ ਆਪਣੀਆਂ ਵੋਟਾਂ ਪਾਈਆਂ।ਇਸੇ ਦੌਰਾਨ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਦਮਨਜੀਤ ਸਿੰਘ ਮਾਨ ਨੇ ਵੱਖ-ਵੱਖ ਪੋਲਿੰਗ ਸਟੇਸ਼ਨਾਂ ਦਾ ਦੌਰਾ ਕਰਕੇ ਵੋਟਾਂ ਪੈਣ ਦੇ ਕੰਮ ਦਾ ਨਿਰੀਖਣ ਕੀਤਾ ਅਤੇ ਵੋਟਰਾਂ ਨਾਲ ਵੀ ਗੱਲਬਾਤ ਕੀਤੀ।ਉਨ੍ਹਾਂ ਕਿਹਾ ਕਿ ਚੋਣ ਅਮਲੇ ਨੇ ਆਜ਼ਾਦਾਨਾ ਚੋਣਾਂ ਕਰਵਾਉਣ ਲਈ ਪੂਰੀ ਤਰ੍ਹਾਂ ਨਿਰਪੱਖਤਾ ਨਾਲ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ ਹੈ।ਇਸ ਤੋਂ ਬਿਨਾਂ ਜ਼ਿਲ੍ਹਾ ਪ੍ਰੀਸ਼ਦ ਦੇ ਰਿਟਰਨਿੰਗ ਅਧਿਕਾਰੀ ਤੇ ਏ.ਡੀ.ਸੀ. (ਸ਼ਹਿਰੀ ਵਿਕਾਸ) ਡਾ. ਇਸਮਤ ਵਿਜੇ ਸਿੰਘ, ਬਲਾਕ ਸੰਮਤੀ ਨਾਭਾ ਦੇ ਰਿਟਰਨਿੰਗ ਅਧਿਕਾਰੀ ਐੱਸ.ਡੀ.ਐੱਮ. ਨਾਭਾ ਕੰਨੂ ਗਰਗ, ਭੁਨਰਹੇੜੀ ਦੇ ਆਰ.ਓ. ਏ.ਐੱਮ.ਡੀ. ਪੀ.ਆਰ.ਟੀ.ਸੀ. ਨਵਦੀਪ ਕੁਮਾਰ, ਰਾਜਪੁਰਾ ਦੇ ਆਰ.ਓ. ਐੱਸ.ਡੀ.ਐੱਮ. ਨਮਨ ਮਾਰਕੰਨ, ਪਟਿਆਲਾ ਦੇ ਐੱਸ.ਡੀ.ਐੱਮ ਹਰਜੋਤ ਕੌਰ ਮਾਵੀ, ਸਮਾਣਾ ਦੇ ਐੱਸ.ਡੀ.ਐੱਮ. ਰਿਚਾ ਗੋਇਲ, ਪਾਤੜਾਂ ਦੇ ਐੱਸ.ਡੀ.ਐੱਮ. ਅਸ਼ੋਕ ਕੁਮਾਰ, ਦੂਧਨਸਾਧਾਂ ਦੇ ਐੱਸ.ਡੀ.ਐੱਮ ਤੇ ਸਨੌਰ ਦੇ ਆਰ.ਓ. ਸੁਖਪਾਲ ਸਿੰਘ, ਪਟਿਆਲਾ ਦਿਹਾਤੀ ਸੰਮਤੀ ਦੇ ਆਰ.ਓ. ਲੋਕ ਨਿਰਮਾਣ ਦੇ ਕਾਰਜਕਾਰੀ ਇੰਜੀਨੀਅਰ ਵਨੀਤ ਸਿੰਗਲਾ, ਘਨੌਰ ਦੇ ਆਰ.ਓ. ਬਿਜਲੀ ਨਿਗਮ ਦੇ ਵਧੀਕ ਐੱਸ.ਈ. ਧਰਮਵੀਰ ਕਮਲ ਅਤੇ ਸ਼ੰਭੂ ਕਲਾਂ ਦੇ ਆਰ.ਓ. ਬੀ.ਐੱਮ.ਐੱਲ. ਦੇ ਕਾਰਜਕਾਰੀ ਇੰਜੀਨੀਅਰ ਗੁਰਸ਼ਰਨ ਸਿੰਘ ਵਿਰਕ ਨੇ ਵੀ ਪੋਲਿੰਗ ਸਟੇਸ਼ਨਾਂ ਦਾ ਦੌਰਾ ਕਰਕੇ ਪੋਲਿੰਗ ਪ੍ਰਕ੍ਰਿਆ ਦਾ ਜਾਇਜ਼ਾ ਲਿਆ।

15 Dec Page 10.qxd 12/14/2025 9:24 PM Page 1



## 'ਹਰਜੀਆਣਾ ਫਿਲਮ ਮਿਲਣੀ' ਦਾ ਆਯੋਜਨ



**ਜਲੰਧਰ (ਕੇਸਰ)-** ਸ਼ਹੀਦ ਭਗਤ ਸਿੰਘ ਸਮਾਜ ਵਿਗਿਆਨ ਸੋਸਾਇਟੀ ਵੱਲੋਂ ਪਿੰਡ ਹਰਜੀਆਣਾ (ਨੇੜੇ ਜੇਜੋਂ ਦੁਆਬਾ ਵਿਖੇ) ਪਹਿਲੀ 'ਹਰਜੀਆਣਾ ਫਿਲਮ ਮਿਲਣੀ' ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਵਿੱਚ ਪੰਜਾਬ, ਹਰਿਆਣਾ, ਚੰਡੀਗੜ੍ਹ ਤੋਂ ਸਮਾਜਕ ਕਾਰਕੁੰਨਾਂ, ਵਿਦਿਆਰਥੀਆਂ, ਨੌਜਵਾਨਾਂ, ਬੁੱਧੀਜੀਵੀਆਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਦੇਸ਼-ਦੁਨੀਆ ਦੇ ਸਿਨੇਮਾ ਅੰਦਰ ਲੋਕ ਪੱਖੀ ਅਤੇ ਲੋਕ ਪੱਖੀ ਧਾਰਾਵਾਂ, ਲੋਕ ਵਿਰੋਧੀ ਸਿਨੇਮਾ ਦੇ ਲੋਕ ਮਨਾਂ ਉੱਤੇ ਅਸਰਾਂ, ਫਿਲਮਾਂ ਪ੍ਰਤੀ ਅਲੋਚਨਾਤਮਕ ਨਜ਼ਰੀਏ, ਬਿਹਤਰ ਸਮਾਜ ਸਿਰਜਣ ਵਿੱਚ ਲੋਕ ਪੱਖੀ ਸਿਨੇਮਾ ਦੇ ਮਹੱਤਵ ਆਦਿ ਬਾਰੇ ਵਿਸਥਾਰਪੂਰਵਕ ਚਰਚਾ ਹੋਈ। ਇਸ ਦੌਰਾਨ ਲੋਕਾਈ ਦੇ ਪੱਖ ਅਤੇ ਵਿਰੋਧ ਵਿੱਚ ਭੁਗਤਦੀਆਂ ਦੋਵਾਂ ਤਰ੍ਹਾਂ ਦੀਆਂ ਪੰਜ ਫਿਲਮਾਂ ਵੇਖੀਆਂ ਗਈਆਂ ਅਤੇ ਇਹਨਾਂ ਉੱਤੇ ਭਰਵੀਂ ਵਿਚਾਰ-ਚਰਚਾ ਕੀਤੀ ਗਈ।ਫਿਲਮ ਸ਼ੋਅ ਦੇ ਨਾਲ ਹੀ ਸੋਸਾਇਟੀ ਵੱਲੋਂ ਦੇਸ਼ਾਨਾਂ 4 ਘੰਟੇ ਦਾ ਕਿਰਤ ਕੈਂਪ ਵੀ ਆਯੋਜਿਤ ਕੀਤਾ ਗਿਆ ਜਿਸ ਦੌਰਾਨ ਨੌਜਵਾਨਾਂ-ਵਿਦਿਆਰਥੀਆਂ ਨੇ ਉਸਾਰੀ, ਸਾਫ-ਸਫਾਈ, ਖੇਤੀਬਾੜੀ, ਭੋਜਨ ਤਿਆਰ ਕਰਨ, ਆਦਿ ਕਿਰਤ ਸਰਗਰਮੀਆਂ ਵਿੱਚ ਹਿੱਸਾ ਲਿਆ।ਫਿਲਮ ਮਿਲਣੀ ਦੌਰਾਨ ਸੋਸਾਇਟੀ ਦੇ ਪ੍ਰਧਾਨ ਤਜਿੰਦਰਪਾਲ ਸਿੰਘ, ਖਜ਼ਾਨਚੀ ਬਿੰਨੀ, ਕਾਰਜਕਮੇਟੀ ਮੈਂਬਰਾਂ ਡਾ. ਸੁਖਦੇਵ ਸਿੰਘ, ਵਿਮਲਾ ਸੱਕਰਵਾਲ ਤੋਂ ਇਲਾਵਾ ਸੁਖਵਿੰਦਰ, ਮਨਦੀਪ, ਸਾਰਾਹ, ਹਰਪ੍ਰੀਤ, ਸ਼ਿਵਾਨੀ, ਗੁਰਵਿੰਦਰ, ਸਾਵਨ, ਮਾਸਟਰ ਦਵਿੰਦਰ, ਤਰਨ, ਜਗਦੀਸ਼, ਲਖਵਿੰਦਰ, ਰੁਚੀ, ਅਨਮੋਲ, ਪੁਸ਼ਪਿੰਦਰ ਅਤੇ ਹੋਰਾਂ ਨੇ ਵੀ ਵਿਚਾਰ-ਚਰਚਾ ਦੌਰਾਨ ਆਪਣੇ ਵਿਚਾਰ ਪੇਸ਼ ਕੀਤੇ।

## ਨਾਜਾਇਜ਼ ਮਾਈਨਿੰਗ ਤੋਂ ਪਿੰਡਾਂ ਦੇ ਲੋਕ ਦੁਖੀ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)-** ਗੜ੍ਹਸ਼ੰਕਰ ਇਲਾਕੇ ਦੇ ਪਿੰਡਾਂ 'ਚ ਮਾਈਨਿੰਗ ਦੀਆਂ ਸ਼ਰੇਆਮ ਧੱਜੀਆਂ ਉੱਡ ਰਹੀਆਂ ਹਨ।ਇਸ ਇਲਾਕੇ ਵਿੱਚੋਂ ਹੁਣ ਜਿਆਦਾਤਰ ਰਾਤ ਸਮੇਂ 10 ਫੁੱਟ ਤੋਂ ਲੈ ਕੇ 30-35 ਫੁੱਟ ਤੱਕ ਮਿੱਟੀ ਚੁੱਕੀ ਜਾ ਰਹੀ ਹੈ ਜੋ ਸਰਾਸਰ ਗਲਤ ਹੈ ਕਿਉਂਕਿ ਇਲਾਕੇ ਅੰਦਰ ਮਿੱਟੀ ਢੋਣ ਵਾਲੇ ਵਾਹਨਾਂ ਦੀ ਇਹ ਸਥਿਤੀ ਬਣ ਚੁੱਕੀ ਹੈ ਕਿ ਦਿਨ ਰਾਤ ਇਸ ਇਲਾਕੇ ਵਿੱਚੋਂ ਵੱਡੇ ਪੱਧਰ ਤੇ ਮਿੱਟੀ ਚੁੱਕ ਕੇ ਦੂਜਿਆਂ ਸ਼ਹਿਰਾਂ ਜਾਂ ਪਿੰਡਾਂ ਵਿੱਚ ਮਿੱਟੀ ਰਕਮ 'ਚ ਵੇਚੀ ਜਾ ਰਹੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਨਜ਼ਦੀਕੀ ਪਿੰਡ ਖਾਨਪੁਰ, ਲਹਿਰਾ, ਸੋਲੀ, ਬੀਰਮਪੁਰ, ਪੁਰਖੋਵਾਲ ਸਮੇਤ ਹੋਰ ਦਰਜਨਾਂ ਪਿੰਡਾਂ 'ਚ ਜਿਆਦਾ ਮਾਈਨਿੰਗ ਹੋ ਰਹੀ ਹੈ ਜਿਸ ਦੀ ਪ੍ਰਸ਼ਾਸਨ ਨੂੰ ਕੋਈ ਜਾਣਕਾਰੀ ਨਹੀਂ ਹੈ ਕਿਉਂਕਿ ਜਦੋਂ ਸੰਬੰਧਿਤ ਵਿਭਾਗ ਨੂੰ ਚੱਲ ਰਹੀ ਮਾਈਨਿੰਗ ਸਬੰਧੀ ਫੋਨ ਕੀਤਾ ਜਾਂਦਾ ਹੈ ਤਾਂ ਉਹਨਾਂ ਦਾ ਕਹਿਣਾ ਹੁੰਦਾ ਹੈ ਕਿ ਉਹਨਾਂ ਨੂੰ ਜਾਣਕਾਰੀ ਨਹੀਂ ਹੈ ਜਲਦੀ ਹੀ ਟੀਮ ਭੇਜ ਕੇ ਬਣਦੀ ਕਾਰਵਾਈ ਕਰਨਗੇ। ਇਹਨਾਂ ਪਿੰਡਾਂ ਦੀਆਂ ਨੇ ਲੋਕਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੂਰੀ ਰਾਤ ਦੇ ਸਮੇਂ ਦੌਰਾਨ ਇਹਨਾਂ



ਟਰੈਕਟਰ ਟਰਾਲੀਆਂ ਦੀ ਆਵਾਜ਼ ਨਾਲ ਬਹੁਤ ਪਰੇਸ਼ਾਨੀ ਹੁੰਦੀ ਹੈ। ਇਹਨਾਂ ਪਿੰਡਾਂ ਦੀਆਂ ਲੋਕਾਂ ਨੇ ਪ੍ਰਸ਼ਾਸਨ ਅਤੇ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਰਾਤ ਸਮੇਂ ਹੋ ਰਹੀ ਨਜਾਇਜ਼ ਮਾਈਨਿੰਗ ਨੂੰ ਨੱਥ ਪਾਈ ਜਾਵੇ ਅਤੇ ਰਾਤ ਸਮੇਂ ਇਸ ਇਲਾਕੇ ਵਿੱਚ ਨਿਗਰਾਨੀ ਲਈ ਵਿਸ਼ੇਸ਼ ਤੌਰ ਤੇ ਟੀਮਾਂ ਬਣਾਈਆਂ ਜਾਣ ਤਾਂ ਜੋ ਇਹ ਇਲਾਕਾ ਕੁਦਰਤੀ ਵਾਤਾਵਰਣ ਮਾਈਨਿੰਗ ਮਾਫੀਏ ਦੀ ਭੇਟ ਚੜ੍ਹਨ ਤੋਂ ਬਚ ਸਕੇ। ਇਸ ਸਬੰਧੀ ਸਬੰਧਤ ਵਿਭਾਗ ਐਸਡੀਓ ਹਰਕਮਲ ਸਿੰਘ ਨੇ ਜਵਾਬ ਦਿੰਦਿਆਂ ਕਿਹਾ ਹੈ ਕਿ ਚੋਣਾਂ ਵਿੱਚ ਡਿਊਟੀ ਲੱਗੀ ਹੋਣ ਕਾਰਨ ਉਹ ਹਾਲੇ ਬਿਜ਼ੀ ਹਨ ਵੋਟਾਂ ਤੋਂ ਬਾਅਦ ਮੌਕਾ ਦੇਖ ਕੇ ਹੀ ਗੱਲ ਕਰਨਗੇ।

## ਅੰਗ ਦਾਨ ਕਰਨ ਦਾ ਪ੍ਰਣ ਕਰਨ 'ਤੇ ਭਾਈ ਓਂਕਾਰ ਸਿੰਘ ਖਾਲਸਾ ਸਨਮਾਨਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਅੰਗ ਦਾਨ ਜਾਗਰੂਕਤਾ ਮੁਹਿੰਮ ਦੇਸ਼ ਭਰ ਵਿੱਚ ਚਲਾਈ ਜਾ ਰਹੀ ਹੈ ਤਾਂ ਕਿ ਵੱਧ ਤੋਂ ਵੱਧ ਲੋਕ ਇਸ ਆਧੁਨਿਕ ਯੁੱਗ ਦੇ ਲੋੜ ਤੋਂ ਵੱਧ ਦਾਨ-ਅੰਗ ਦਾਨ ਕਰਨ ਦੀ ਵਚਨਬੱਧਤਾ ਕਰਕੇ ਮਨੁੱਖਤਾ ਦੀ ਭਲਾਈ ਲਈ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਣ। ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਅਗਵਾਈ ਹੇਠ ਚਲਾਈ ਗਈ ਇਸ ਮੁਹਿੰਮ ਤਹਿਤ ਨੇਤਰ ਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਇਸ ਮਹਾਨ ਪਰਉਪਕਾਰੀ ਕਾਰਜ ਲਈ ਉਤਸ਼ਾਹਿਤ ਕੀਤਾ ਜਾ ਸਕੇ। ਸਮਾਜ ਸੇਵੀ ਸੰਸਥਾ ਨੇਤਰ ਦਾਨ ਐਸੋਸੀਏਸ਼ਨ ਵੱਲੋਂ ਇਸ ਮਹਿਮ ਤਹਿਤ ਹੁਸ਼ਿਆਰਪੁਰ ਦੇ ਐੱਸ ਡੀ ਐੱਮ ਗੁਰਸਿਮਰਨ ਜੀਤ ਕੌਰ ਦੀ ਅਗਵਾਈ ਵਿੱਚ ਤਹਿਸੀਲ ਕੰਪਲੈਕਸ ਵਿਖੇ ਇਕ ਅੰਗ ਦਾਨ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਉਨ੍ਹਾਂ ਨੇ ਅੰਗ ਦਾਨ ਕਰਨ ਦਾ ਪ੍ਰਣ ਕਰਨ ਵਾਲੇ ਭਾਈ ਓਂਕਾਰ ਸਿੰਘ ਖਾਲਸਾ ਮੁੱਖ ਸੇਵਾਦਾਰ ਗੁਰਦੁਆਰਾ ਨਾਨਕ ਦਰਬਾਰ, ਨੂਰਪੁਰ ਨੂੰ ਅੰਗ



ਦਾਨ ਕਰਨ ਦਾ ਸਰਟੀਫਿਕੇਟ ਭੇਂਟ ਕੀਤਾ ਅਤੇ ਕਿਹਾ ਕਿ ਅੰਗ ਦਾਨ ਕਰਨਾ ਮਨੁੱਖਤਾ ਦੀ ਭਲਾਈ ਲਈ ਸਭ ਤੋਂ ਉੱਤਮ ਕਾਰਜ ਹੈ। ਇਸ ਮੌਕੇ ਤੇ ਨੇਤਰ ਦਾਨ ਐਸੋਸੀਏਸ਼ਨ ਦੇ ਸਰਪ੍ਰਸਤ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ, ਸਕੱਤਰ ਬਲਜੀਤ ਸਿੰਘ ਪਨੇਸਰ, ਸੰਤੋਸ਼ ਸੈਣੀ, ਗੁਰਪਾਲ ਸਿੰਘ, ਨਿਰਮਲ ਸਿੰਘ, ਸਵਰਨ ਸਿੰਘ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਮਨੁੱਖੀ ਕੀਮਤੀ ਜਾਨਾਂ ਬਚਾਉਣ ਲਈ ਵੱਧ ਤੋਂ ਵੱਧ ਲੋਕਾਂ ਨੂੰ ਅੰਗ ਦਾਨ ਕਰਨ ਦੀ ਮਹੱਤਤਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇ। ਉਨ੍ਹਾਂ ਦੱਸਿਆ ਕਿ ਇਕ ਅੰਗ ਦਾਨੀ 8 ਮਨੁੱਖੀ ਕੀਮਤੀ ਜਾਨਾਂ ਬਚਾ ਕੇ ਮਨੁੱਖਤਾ ਦੀ ਭਲਾਈ ਲਈ ਸੇਵਾ ਕਾਰਜ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮਹਾਨ ਸੇਵਾ ਕਾਰਜ ਲਈ ਆਪਣੀ ਵਚਨਬੱਧਤਾ ਕਰਨ ਲਈ ਸਰਕਾਰ ਦੀ ਪ੍ਰਮਾਣਿਤ ਵੈੱਬਸਾਈਟ notto.abdm. gov. in ਤੇ ਜਾ ਕੇ ਆਪਣੇ ਆਧਾਰ ਨੰਬਰ ਨਾਲ ਰਜਿਸਟ੍ਰੇਸ਼ਨ ਕਰ ਸਕਦਾ ਹੈ ਅਤੇ ਪ੍ਰੋਫਾਈਲ ਪੂਰੀ ਹੋਣ ਤੇ ਅੰਗ ਦਾਨ ਵਚਨਬੱਧਤਾ ਦਾ ਸਰਟੀਫਿਕੇਟ ਡਾਊਨਲੋਡ ਕਰ ਸਕਦੇ ਹੋ। ਉਨ੍ਹਾਂ ਦੱਸਿਆ ਕਿ ਇਸ ਮਹਾਨ ਪਰਉਪਕਾਰੀ ਕਾਰਜ ਲਈ ਧਰਮਾਂ ਦੇ ਲੋਕ ਜੁੜ ਰਹੇ ਹਨ। ਉਨ੍ਹਾਂ ਸਮੂਹ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਆਗੂਆਂ ਨੂੰ ਬੇਨਤੀ ਕੀਤੀ ਕਿ ਉਹ ਇਸ ਮਹਾਨ ਸੇਵਾ ਕਾਰਜ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਅੰਗ ਦਾਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਨੇਤਰ ਦਾਨ ਐਸੋਸੀਏਸ਼ਨ, ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਮਤਿ ਸਮਾਗਮ ਤੇ ਸੰਗਰਾਂਦ ਦਾ ਦਿਹਾੜਾ ਅੱਜ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-** ਤਪ ਅਸਥਾਨ ਨਿਰਮਲ ਕੁਟੀਆ ਸ਼ੰਭਵਾਲੀ ਪਿੰਡ ਪੰਡਵਾਂ ਵਿਖੇ 9ਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਤੇ ਸੰਗਰਾਂਦ ਦਾ ਦਿਹਾੜਾ 15



ਦਸੰਬਰ ਦਿਨ ਸੋਮਵਾਰ ਨੂੰ ਸ਼ਰਧਾ ਪੂਰਵਕ ਢੰਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੰਚਾਲਕ ਸੰਤ ਬਾਬਾ ਗੁਰਚਰਨ ਸਿੰਘ ਨੇ ਦੱਸਿਆ ਕਿ ਇਸ ਮੌਕੇ ਪਾਠ ਦੇ ਭੋਗ ਤੋਂ ਬਾਅਦ ਜਥੇਦਾਰ ਸੁਖਬੀਰ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਬਲਵਿੰਦਰ ਸਿੰਘ ਗੁਰਾਇਆ, ਭਾਈ ਮਲਕੀਤ ਸਿੰਘ ਖਾਨਪੁਰ ਵਾਲੇ ਅਤੇ ਸੰਤ ਗੁਰਲਾਲ ਸਿੰਘ ਪੰਡਵਾਂ ਵਾਲੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਪਰਉਪਕਾਰੀ ਕਾਰਜਾਂ ਤੋਂ ਜਾਣੂ ਕਰਵਾਉਣਗੇ। ਇਸ ਦੇ ਨਾਲ ਹੀ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੇ ਵੀ ਚਾਨਣਾ ਪਾਇਆ ਜਾਵੇਗਾ। ਇਸ ਮੌਕੇ ਉਨਾਂ ਇਲਾਕਾ ਨਿਵਾਸੀ ਸੰਗਤਾਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ। ਗੁਰੂ ਕੇ ਲੰਗਰ ਅਟੁੱਟ ਚੱਲਣਗੇ।

## ਓਸ਼ੋ ਆਸ਼ਰਮ ਵਿਖੇ ਮੈਡੀਟੇਸ਼ਨ ਕੈਂਪ ਲਗਾਇਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-** ਗੜ੍ਹਸ਼ੰਕਰ-ਨੰਗਲ ਮੁੱਖ ਮਾਰਗ ਤੇ ਪੈਂਦੇ ਪਿੰਡ ਬਾਰਾਪੁਰ ਵਿਖੇ ਸਥਿਤ ਓਸ਼ੋ ਆਸ਼ਰਮ ਵਿਖੇ ਰਜਨੀਸ਼ ਓਸ਼ੋ ਦੇ ਜਨਮ ਦਿਨ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਮੈਡੀਟੇਸ਼ਨ ਕੈਂਪ ਲਗਾਇਆ ਗਿਆ। ਆਸ਼ਰਮ ਦੇ ਸੰਚਾਲਕ ਸੁਆਮੀ ਆਨੰਦ ਸਥਿਆਰਥੀ ਨੇ ਸ਼ਿਵਰ ਵਿੱਚ ਸ਼ਾਮਿਲ ਹੋਏ ਓਸ਼ੋ ਉਪਾਸਕਾਂ ਨੂੰ ਵੱਖ ਵੱਖ ਧਿਆਨ ਵਿਧੀਆਂ ਦਾ ਅਭਿਆਸ ਕਰਵਾ ਕੇ ਆਨੰਦਿਤ ਕੀਤਾ। ਇਸ ਮੌਕੇ ਕ੍ਰਾਂਤੀ ਮਾਂ, ਸੁਆਮੀ ਨਰੂਪਾ ਜੀ, ਸਵਾਮੀ ਪ੍ਰੇਮ ਸੂੰਨਿਆ, ਸੁਆਮੀ ਧਿਆਨ ਰਣਜੀਤ, ਸੁਆਮੀ ਪ੍ਰੇਮ ਨਿਰਦੋਸ਼, ਸੁਆਮੀ ਪ੍ਰੇਮ ਪ੍ਰਸਾਦ, ਸਵਾਮੀ ਬੋਧੀ ਪ੍ਰੇਮ, ਸੁਆਮੀ ਨਿਰਦੋਸ਼, ਸੁਆਮੀ ਦਿਵਿਆ ਭਾਰਤੀ, ਸੁਵਾਮੀ ਪ੍ਰੇਮ ਮੁਕਤੀ, ਸੁਵਾਮੀ ਰਾਕੇਸ਼, ਸੁਆਮੀ ਜੀਵਨ ਸੰਗੀਤ, ਸਵਾਮੀ ਅਰਾਧਨਾ, ਕਮਲਜੀਤ ਕੌਰ, ਪਰਮਜੀਤ ਕੌਰ, ਨਿਰਮਲ ਸਿੰਘ ਮੁੱਗੋਵਾਲ ਆਦਿ ਹਾਜ਼ਰ ਸਨ। ਇਸ ਮੌਕੇ ਗੱਲਬਾਤ ਕਰਦਿਆਂ ਸੁਵਾਮੀ ਆਨੰਦ ਸਥਿਆਰਥੀ ਨੇ ਕਿਹਾ ਕਿ ਹਰ ਵਿਅਕਤੀ ਨੂੰ ਸਰੀਰਕ ਤੰਦਰੁਸਤੀ ਲਈ ਆਪਣੇ ਖਾਣ ਪੀਣ ਪ੍ਰਤੀ ਖਿਆਲ ਰੱਖਣਾ ਚਾਹੀਦਾ ਹੈ ਅਤੇ ਮਾਨਸਿਕ ਸਕੂਨ ਪ੍ਰਾਪਤ ਕਰਨ ਲਈ ਰਜਨੀਸ਼ ਓਸ਼ੋ ਜੀ ਦੀਆਂ



ਦੱਸੀਆਂ ਧਿਆਨ ਵਿਧੀਆਂ ਦਾ ਰੋਜ਼ਾਨਾ ਅਭਿਆਸ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਸੀਂ ਕਿਸੇ ਵੀ ਬੁੱਧ ਪੁਰਸ਼ ਵੱਲੋਂ ਦੱਸੇ ਮੰਤਰ ਦਾ ਜਾਪ ਕਰਕੇ ਉਸ ਦੀ ਐਨਰਜੀ ਨਾਲ ਜੁੜ ਕੇ ਆਨੰਦਿਤ ਜੀਵਨ ਬਤੀਤ ਕਰ ਸਕਦੇ ਹਾਂ। ਸਮਾਗਮ ਦੇ ਅਖੀਰ ਵਿੱਚ ਸਾਰਿਆਂ ਨੇ ਲੰਗਰ ਪਾਣੀ ਛਕਿਆ ਅਤੇ ਇੱਕ ਦੂਜੇ ਨੂੰ ਰਜਨੀਸ਼ ਓਸ਼ੋ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ।

## ਮੁਹਾਲੀ ਦੀਆਂ ਦੋ ਲੜਕੀਆਂ ਫਲਾਇੰਗ ਅਫਸਰ ਵਜੋਂ ਭਾਰਤੀ ਹਵਾਈ ਸੈਨਾ 'ਚ ਸ਼ਾਮਲ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੜਕੀਆਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਪ੍ਰਤੀ ਵਚਨਬੱਧਤਾ ਦਹੁਰਾਉਂਦਿਆਂ, ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ ਐੱਫ ਪੀ ਆਈ) ਫਾਰ ਗਰਲਜ਼ ਐਸਏਐਸ ਨਗਰ (ਮੁਹਾਲੀ) ਨੇ ਸ਼ਾਨਦਾਰ ਸਫ਼ਲਤਾ ਹਾਸਲ ਕੀਤੀ ਜਿਸ ਤਹਿਤ ਇਸ ਸੰਸਥਾ ਦੀਆਂ ਦੋ ਸਾਬਕਾ ਵਿਦਿਆਰਥਣਾਂ, ਚਰਨਪ੍ਰੀਤ ਕੌਰ ਅਤੇ ਮਹਿਕ ਦਹੀਆ ਨੂੰ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫਸਰ ਵਜੋਂ ਸ਼ਾਮਲ ਕੀਤਾ ਗਿਆ ਹੈ। ਇਹਨਾਂ ਦੋਵਾਂ ਵਿਦਿਆਰਥਣਾਂ ਨੇ ਆਪਣੀ ਸੰਸਥਾ ਦਾ ਮਾਣ ਵਧਾਉਂਦਿਆਂ ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਤੋਂ ਸਫਲਤਾਪੂਰਵਕ ਪਾਸ ਆਊਟ ਕੀਤਾ।ਉਨ੍ਹਾਂ ਨੂੰ ਪ੍ਰਭਾਵਸ਼ਾਲੀ ਪਾਸਿੰਗ ਆਊਟ ਪਰੇਡ, ਜਿਸਦੀ ਸਮੀਖਿਆ ਚੀਫ਼ ਆਫ਼ ਡਿਫੈਂਸ ਸਟਾਫ਼, ਜਨਰਲ ਅਨਿਲ ਚੌਹਾਨ, ਪੀ ਵੀ ਐੱਸ ਐੱਮ, ਯੂ ਵਾਈ ਐੱਸ ਐੱਮ, ਏ ਵੀ ਐੱਸ ਐੱਮ, ਐੱਸ ਐੱਮ, ਵੀ ਐੱਸ ਐੱਮ ਵੱਲੋਂ ਕੀਤੀ ਗਈ, ਦੌਰਾਨ ਭਾਰਤੀ ਹਵਾਈ ਸੈਨਾ ਵਿੱਚ ਸ਼ਾਮਲ ਕੀਤਾ ਗਿਆ ਹੈ। ਫਲਾਇੰਗ ਅਫਸਰ ਚਰਨਪ੍ਰੀਤ ਕੌਰ ਦੇ ਪਿਤਾ ਹਰਮਿੰਦਰ ਸਿੰਘ ਬਨਵੈਤ ਇਕ ਡਰਾਈਵਰ ਹਨ ਤੇ ਕੁਰਾਲੀ, ਐੱਸ ਏ ਐੱਸ ਨਗਰ ਦੇ ਰਹਿਣ ਵਾਲੇ ਹਨ, ਜਦੋਂ ਕਿ ਫਲਾਇੰਗ ਅਫਸਰ ਮਹਿਕ ਦਹੀਆ ਦੇ ਪਿਤਾ ਅਨਿਲ ਕੁਮਾਰ ਦਹੀਆ ਇੱਕ ਸਰਕਾਰੀ ਅਧਿਆਪਕ ਹਨ ਅਤੇ ਐੱਸ ਏ ਐੱਸ ਨਗਰ ਦੇ ਰਹਿਣ ਵਾਲੇ ਹਨ।ਫਲਾਇੰਗ ਅਫਸਰ ਚਰਨਪ੍ਰੀਤ ਕੌਰ ਨੂੰ ਪ੍ਰਸ਼ਾਸਨਿਕ ਸ਼ਾਖਾ ਵਿੱਚ ਸ਼ਾਮਲ ਕੀਤਾ ਗਿਆ ਹੈ, ਜਦੋਂ ਕਿ ਫਲਾਇੰਗ ਅਫਸਰ ਮਹਿਕ ਦਹੀਆ ਨੂੰ ਹਵਾਈ ਸੈਨਾ ਦੀ ਲੇਖਾ ਸ਼ਾਖਾ ਵਿੱਚ ਸ਼ਾਮਲ ਕੀਤਾ ਗਿਆ ਹੈ।



## ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਵੱਖ-ਵੱਖ ਪੋਲਿੰਗ ਬੂਥਾਂ ਦਾ ਕੀਤਾ ਦੌਰਾ, 29.2 ਪ੍ਰਤੀਸ਼ਤ ਪੋਲਿੰਗ ਹੋਈ



**ਜਲੰਧਰ (ਸੁਰਿੰਦਰ ਕੁਮਾਰ)-** ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਦਿਆਂ ਕਿਹਾ ਕਿ ਜਲੰਧਰ ਕਮਿਸ਼ਨਰੇਟ ਪੁਲਿਸ ਅਧੀਨ ਪੈਂਦੇ 57 ਪੋਲਿੰਗ ਸਟੇਸ਼ਨਾਂ 'ਤੇ ਉਹਨਾਂ ਸਮੇਤ 12 ਪੁਲਸ ਅਧਿਕਾਰੀ ਫੀਲਡ ਵਿੱਚ ਹਨ। ਇਸ ਤੋਂ ਇਲਾਵਾ ਕੈਟਾਗਿਰੀਜ਼ ਵਾਇਜ਼ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ 10 ਪੈਟਰੋਲਿੰਗ ਪਾਰਟੀਆਂ ਵੀ ਤਾਇਨਾਤ ਹਨ। ਜਲੰਧਰ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਲਈ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਸ਼ਾਂਤੀਪੂਰਨ ਅਤੇ ਨਿਰਪੱਖ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਪੋਲਿੰਗ ਸਟੇਸ਼ਨਾਂ ਦਾ ਨਿੱਜੀ ਤੌਰ 'ਤੇ ਦੌਰਾ ਕੀਤਾ। ਦੌਰੇ ਦੌਰਾਨ ਸੀਨੀਅਰ ਪੁਲਸ ਅਧਿਕਾਰੀ ਅਤੇ ਪੁਲਿਸ ਫੋਰਸ ਉਨ੍ਹਾਂ ਦੇ ਨਾਲ ਸੀ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 57 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਹਨ। ਸੁਰੱਖਿਆ ਪ੍ਰਬੰਧਾਂ ਦੇ ਹਿੱਸੇ ਵਜੋਂ, 10 ਪੈਟਰੋਲਿੰਗ ਟੀਮਾਂ ਬਣਾਈਆਂ ਗਈਆਂ ਹਨ, ਜੋ ਹਰ ਪੰਜ ਥਾਵਾਂ 'ਤੇ ਲਗਾਤਾਰ ਗਸ਼ਤ ਕਰ ਰਹੀਆਂ ਹਨ। ਇਸ ਤੋਂ ਇਲਾਵਾ, ਉਨ੍ਹਾਂ ਸਮੇਤ ਕੁੱਲ 12 ਅਧਿਕਾਰੀ ਕਿਸੇ ਵੀ ਗੜਬੜ ਜਾਂ ਅਣਸੁਖਾਵੀਂ ਘਟਨਾ ਦਾ ਤੁਰੰਤ ਜਵਾਬ ਦੇਣ ਲਈ ਵੱਖ-ਵੱਖ ਥਾਵਾਂ 'ਤੇ ਤਾਇਨਾਤ ਹਨ। 12:13 ਸਾਰੇ 1209 ਪੋਲਿੰਗ ਬੂਥਾਂ 'ਤੇ ਹੁਣ ਤੱਕ 12.5 ਪ੍ਰਤੀਸ਼ਤ ਪੋਲਿੰਗ ਹੋਈ।12:47 ਸਾਰੇ 1209 ਪੋਲਿੰਗ ਬੂਥਾਂ 'ਤੇ ਹੁਣ ਤੱਕ 16.8 ਪ੍ਰਤੀਸ਼ਤ ਪੋਲਿੰਗ ਹੋਈ।2:19 , . ਸਾਰੇ 1209 ਪੋਲਿੰਗ ਬੂਥਾਂ 'ਤੇ ਹੁਣ ਤੱਕ 24.7 ਪ੍ਰਤੀਸ਼ਤ ਪੋਲਿੰਗ ਹੋਈ।3:03 , ਸਾਰੇ 1209 ਪੋਲਿੰਗ ਬੂਥਾਂ 'ਤੇ ਹੁਣ ਤੱਕ 29.2 ਪ੍ਰਤੀਸ਼ਤ ਪੋਲਿੰਗ ਹੋਈ।

## ਡੇਰਾ ਬਾਬਾ ਸਮਾਲ ਗਿਰੀ ਸ਼ਿਵ ਮੰਦਰ ਵਿਖੇ ਸੰਤ ਸਮਾਗਮ 19 ਨੂੰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)-** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਡੇਰਾ ਬਾਬਾ ਸਮਾਲ ਗਿਰੀ ਸ਼ਿਵ ਮੰਦਿਰ ਹਰਸੀ ਪਿੰਡ ਦੇ ਗੱਦੀ ਨਸ਼ੀਨ ਸੰਤ ਸੰਜੀਵਾ ਨੰਦ ਸਰਸਵਤੀ ਮਹਾਰਾਜ ਦੀ ਸਰਪ੍ਰਸਤੀ ਹੇਠ ਅਤੇ ਮਾਂ ਮਾਤੇਸ਼ਵਰੀ ਮੰਦਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਦੀ ਅਗਵਾਈ ਵਿੱਚ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ 19 ਦਸੰਬਰ ਨੂੰ ਡੇਰੇ ਵਿਖੇ ਕਰਵਾਏ ਜਾ ਰਹੇ ਸੰਤ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਵਿਚਾਰ ਵਟਾਂਦਰਾ ਕਰਨ ਲਈ ਇੱਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਗਵਾਨ ਵਾਲਮੀਕਿ ਸ਼ਕਤੀ ਸੇਨਾ ਦੇ ਪੰਜਾਬ ਪ੍ਰਧਾਨ ਐਡਵੋਕੇਟ ਅਜੇ ਕੁਮਾਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੰਤ ਸੰਜੀਵਾ ਨੰਦ ਸਰਸਵਤੀ ਮਹਾਰਾਜ ਨੇ ਕਿਹਾ ਕਿ 19 ਦਸੰਬਰ ਨੂੰ ਕਰਵਾਏ ਜਾ ਰਹੇ ਸੰਤ ਸਮਾਗਮ ਵਿੱਚ ਦੂਰ-ਦੁਰਾਡੋਂ ਪਹੁੰਚ ਰਹੇ ਸੰਤ ਮਹਾਂਪੁਰਸ਼ ਮਹੰਤ ਰਾਜ ਗਿਰੀ ਮਹਾਰਾਜ ਕਮਾਈ ਦੇਵੀ, ਮਹਾਂ ਮੰਡਲੇਸ਼ਵਰ ਮਹੰਤ ਰਮੇਸ਼ ਦਾਸ ਸ਼ਾਸਤਰੀ ਦਾਤਾਰਪੁਰ ਵਾਲੇ, ਮਹੰਤ ਤੇਜਾ ਸਿੰਘ ਜੀ ਖੁੱਡਾ ਵਾਲੇ, ਸੰਤ ਨਰੇਸ਼ ਗਿਰੀ ਜੀ ਮਹਾਰਾਜ ਨੰਗਲ ਖੁੰਗਾ ਵਾਲੇ, ਸੰਤ ਜਸਪਾਲ ਸਿੰਘ ਜੀ ਉਡਰੇ ਵਾਲੇ, ਮਹੰਤ ਸ਼ੁਕਰ ਗਿਰੀ ਜੀ ਮਹਾਰਾਜ ਢੱਟਾਂ ਭਾਗੀਆਂ ਵਾਲੇ, ਮਹੰਤ ਮੁਰਲੀ ਦਾਸ ਜੀ ਕੁੰਜ ਆਸ਼ਰਮ ਵਰਿੰਦਾਵਨ ਵਾਲੇ, ਮਹੰਤ ਬਜਰੰਗ ਦਾਸ ਜੀ ਗੜ੍ਹਦੀਵਾਲ ਵਾਲੇ, ਸੰਤ ਕਰਨੈਲ ਗਿਰੀ ਜੀ ਗੜ੍ਹਦੀਵਾਲ ਵਾਲੇ।ਉਨ੍ਹਾਂ ਕਿਹਾ ਕਿ ਇਨ੍ਹਾਂ ਤੋਂ ਇਲਾਵਾ ਸੰਤ ਚੰਦਰਸ਼ੇਖਰ ਦਾਸ ਜੀ ਸਮਰਾਲਾ ਵਾਲੇ, ਸੰਤ ਦੇਵਾ ਜੀ ਚੱਕ ਲਾਦੀਆਂ ਵਾਲੇ, ਮਹੰਤ ਰਾਮ ਗਿਰੀ ਜੀ ਰਾਜਪੁਰ ਕੰਡੀ ਵਾਲੇ, ਸੰਤ ਹੌਸਲਾ ਦਾਸ ਜੀ ਅਹਿਆਪੁਰ ਵਾਲੇ, ਸੰਤ ਬਾਬਾ ਸੋਮਾ ਨੰਦਪੁਰੀ ਢੋਲਵਾਹਾ ਜਨੌੜੀ ਮੰਦਰ ਵਾਲੇ ਅਤੇ ਮੁੱਖ ਆਚਾਰਿਆ ਰਜਿੰਦਰ ਸ਼ਾਸਤਰੀ ਜੀ ਤੋਂ ਇਲਾਵਾ ਹੋਰ ਕਈ ਸੰਤ ਮਹਾਂਪੁਰਸ਼ ਆਪਣੇ ਪ੍ਰਵਚਨਾ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਦੇ ਨਾਲ ਜੁੜਨ ਦੀ ਪ੍ਰੇਰਨਾ ਦੇਣਗੇ। ਉਨ੍ਹਾਂ ਸ਼ਰਧਾਲੂਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਉਹ ਇਸ ਸੰਤ ਸੰਮੇਲਨ ਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਸ ਮੌਕੇ ਤੇ ਮਾਂ ਮਾਤੇਸ਼ਵਰੀ ਮੰਦਿਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਅਤੇ ਜਨੌੜੀ ਮੰਦਿਰ ਦੇ ਪ੍ਰਧਾਨ ਅਰਵਿੰਦ ਠਾਕੁਰ ਨੇ ਕਿਹਾ ਕਿ ਇਸ ਸੰਤ ਸਮਾਗਮ ਵਿੱਚ ਸ਼ਾਮਿਲ ਸੰਗਤ ਦੇ ਬੈਠਣ ਲਈ ਮਰਦਾਂ ਤੇ ਔਰਤਾਂ ਦੇ ਵੱਖ ਵੱਖ ਇੰਤਜ਼ਾਮ ਕੀਤੇ ਗਏ ਹਨ ਤਾਂ ਜੋ ਸੰਗਤ ਨੂੰ ਕਿਸੇ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਇਸ ਸੰਤ ਸੰਮੇਲਨ ਦੌਰਾਨ ਸਵੇਰੇ 10 ਵਜੇ ਸੁੰਦਰ ਕਾਂਡ ਦਾ ਪਾਠ ਹੋਵੇਗਾ ਉਪਰੰਤ ਸੰਤ ਮਹਾਂਪੁਰਸ਼ ਪ੍ਰਵਚਨ ਕਰਨਗੇ। ਉਨ੍ਹਾਂ ਕਿਹਾ ਕਿ ਸੰਮੇਲਨ ਦੌਰਾਨ ਸ਼ਰਧਾਲੂਆਂ ਨੂੰ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਪੇਸ਼ ਨਾ ਆਵੇ ਦੇ ਲਈ ਡੇਰੇ ਦੇ ਵਲੰਟਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।



## ਪ੍ਰਸ਼ਨੋਤਰੀ ਪ੍ਰਤੀਯੋਗਤਾ ਤੇ ਸ਼ਬਦ ਗਾਇਨ ਮੁਕਾਬਲੇ ਕਰਵਾਏ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਡੇਰਾਬੱਸੀ ਨੇ 11 ਅਤੇ 12 ਦਸੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਦੇ 350 ਸਾਲਾਂ ਸ਼ਹੀਦੀ ਦਿਵਸ ਨੂੰ ਸਮਰਪਿਤ ਪ੍ਰੇਰਨਾਦਾਇਕ ਅੰਤਰ ਸਕੂਲ ਪ੍ਰਸ਼ਨੋਤਰੀ ਪ੍ਰਤੀਯੋਗਤਾ ਅਤੇ ਸ਼ਬਦ ਗਾਇਨ ਮੁਕਾਬਲੇ ਕਰਵਾਏ।ਇਸ ਮੌਕੇ ਸਕੂਲ ਦੀ ਮੈਨੇਜਿੰਗ ਕਮੇਟੀ ਦੇ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ, ਮੈਨੇਜਰ ਗੁਰਜੀਤ ਸਿੰਘ, ਮੈਂਬਰ ਸਾਹਿਬਾਨ ਕਪੂਰ ਸਿੰਘ, ਜਗਦੀਸ਼ ਛਾਬੜਾ , ਹਰਪ੍ਰੀਤ ਸਿੰਘ, ਪ੍ਰਿੰਸੀਪਲ ਸ਼੍ਰੀਮਤੀ ਕਵਿਤਾ ਅਤਰੀਅੱਤਰੀ ਸਮੇਤ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਸ਼ਾਮਿਲ ਹੋਏ।ਪ੍ਰੋਗਰਾਮ ਸਿੱਖ ਵਿਰਾਸਤ, ਬਲੀਦਾਨ ਅਤੇ ਗੁਰੂ ਸਾਹਿਬਾਂ ਦੇ ਉੱਚ ਆਦਰਸ਼ਾਂ ਪ੍ਰਤੀ ਨੌਜਵਾਨ ਪੀੜ੍ਹੀ ਨੂੰ ਜੋੜਨ ਦਾ ਇਕ ਸੁੰਦਰ ਉਪਰਾਲਾ ਸੀ।ਇਸ ਮੁਕਾਬਲੇ ਵਿੱਚ ਇਲਾਕੇ ਦੇ ਕਈ ਪ੍ਰਮੁੱਖ ਸਕੂਲਾਂ ਨੇ ਉਤਸ਼ਾਹਪੂਰਵਕ ਭਾਗ ਲਿਆ।ਬੱਚਿਆਂ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਉਪਦੇਸ਼ਾਂ ਅਤੇ ਸ਼ਹਾਦਤ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਜਵਾਬ ਦੇ ਕੇ ਆਪਣੀ ਗਿਆਨ-ਪ੍ਰਤੀਬੱਧਤਾ ਦਰਸਾਈ।ਪ੍ਰਸ਼ਨੋਤਰੀ ਪ੍ਰਤੀਯੋਗਤਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨੇ ਪਹਿਲਾ ਸਥਾਨ, ਸ੍ਰੀ ਸੁਖਮਨੀ ਇੰਟਰਨੈਸ਼ਨਲ ਸਕੂਲ ਨੇ ਦੂਜਾ ਸਥਾਨ ਅਤੇ ਸ਼੍ਰੀਮਤੀ ਐਨ. ਐਨ ਮੋਹਨ ਡੀਏਵੀ ਸੀਨੀਅਰ ਸੈਕੰਡਰੀ ਸਕੂਲ ਨੇ ਤੀਸਰਾ ਸਥਾਨ ਹਾਸਿਲ ਕੀਤਾ।ਸ਼ਬਦ ਗਾਇਨ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਭਾਵਪੂਰਨ ਅਤੇ ਸੁਰੀਲੇ ਕੀਰਤਨ ਰਾਹੀਂ ਸਭ ਦਾ ਮਨ ਮੋਹ ਲਿਆ ਅਤੇ ਸਮਾਗਮ ਨੂੰ ਰੂਹਾਨੀ ਰੰਗ ਭਰ ਦਿੱਤੇ। ਸ਼ਬਦ ਗਾਇਨ ਮੁਕਾਬਲੇ ਵਿੱਚ ਡਾ. ਈਸ਼ਵਰ ਸਿੰਘ (ਲੁਧਿਆਣਾ) ਅਤੇ ਮਨਜੋਤ ਸਿੰਘ (ਮੋਹਾਲੀ) ਨੇ ਨਿਰਪੱਖ ਮੁਲਾਂਕਣ ਕਰਦੇ ਹੋਏ ਜੱਜਾਂ ਦੀ ਭੂਮਿਕਾ ਨਿਭਾਈ। ਸ਼ਬਦ ਗਾਇਨ ਮੁਕਾਬਲੇ ਵਿੱਚ ਭਾਰਤੀਆ ਪਬਲਿਕ ਸਕੂਲ ਨੇ ਪਹਿਲਾ ਸਥਾਨ, ਸਤਲੁਜ ਵਰਲਡ ਸਕੂਲ ਨੇ ਦੂਸਰਾ ਸਥਾਨ ਅਤੇ ਐਨਆਰਆਈ ਪਬਲਿਕ ਸਕੂਲ ਨੇ ਤੀਸਰਾ ਸਥਾਨ ਹਾਸਿਲ ਕੀਤਾ। ਸਕੂਲ ਦੀ ਮੈਨੇਜਿੰਗ ਕਮੇਟੀ ਦੇ ਮੀਤ-ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੁਆਰਾ ਮਨੁੱਖਤਾ, ਚੰਗਿਆਈ ਅਤੇ ਧਾਰਮਿਕ ਆਜ਼ਾਦੀ ਲਈ ਦਿੱਤੇ ਗਏ ਸਭ ਤੋਂ ਵੱਡੇ ਬਲੀਦਾਨ ਬਾਰੇ ਦੱਸਿਆ।ਮੈਂਬਰ ਸਾਹਿਬਾਨ ਕਪੂਰ ਸਿੰਘ ਨੇ ਕਿਹਾ ਕਿ ਇਹ ਮੁਕਾਬਲੇ ਵਿਦਿਆਰਥੀਆਂ ਨੂੰ ਨੈਤਿਕ, ਸੱਭਿਆਚਾਰਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨਾਲ ਜੋੜਨ ਲਈ ਆਯੋਜਿਤ ਕੀਤੇ ਗਏ ਸਨ, ਖਾਸ ਕਰਕੇ ਅਜਿਹੇ ਸਮੇਂ ਜਦੋਂ ਸਮਾਜ ਵਿੱਚ ਨੈਤਿਕ ਕਦਰਾਂ-ਕੀਮਤਾਂ ਘਟ ਰਹੀਆਂ ਹਨ।ਸਕੂਲ ਪ੍ਰਿੰਸੀਪਲ ਕਵਿਤਾ ਅੱਤਰੀ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾ ਕੇਵਲ ਬੱਚਿਆਂ ਦਾ ਆਤਮ-ਵਿਸ਼ਵਾਸ ਵਧਾਉਂਦੀਆਂ ਹਨ, ਸਗੋਂ ਉਹਨਾਂ ਨੂੰ ਆਪਣੀ ਧਾਰਮਿਕ ਵਿਰਾਸਤ ਨਾਲ ਜੁੜਨ ਲਈ ਮਜਬੂਤ ਬਣਾਉਂਦੀਆਂ ਹਨ।ਉਨ੍ਹਾਂ ਨੇ ਸਾਰੇ ਭਾਗੀਦਾਰਾਂ ਅਤੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਅਧਿਆਪਕਾਂ ਦੀ ਮਿਹਨਤ ਦੀ ਭਰਪੂਰ ਸਰਾਹਨਾ ਕੀਤੀ।ਸਕੂਲ ਪ੍ਰਬੰਧਕ ਕਮੇਟੀ ਵਲੋਂ ਜੇਤੂ ਟੀਮਾਂ ਨੂੰ ਸਨਮਾਨ-ਪੱਤਰ ਅਤੇ ਟਰਾਫੀਆਂ ਭੇਂਟ ਕੀਤੀਆਂ ਗਈਆਂ ਅਤੇ ਜੱਜਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਸਮਾਗਮ ਦਾ ਸਮਾਪਨ ਸ਼ੁਕਰਾਨਾ ਅਰਦਾਸ ਨਾਲ ਕੀਤਾ ਗਿਆ।



## ਚੋਣ ਅਮਲ ਦੌਰਾਨ ਸੋਨੂੰ ਕੰਗ ਬਹੁਤ ਸਾਰੇ ਪੋਲਿੰਗ ਕੈਂਪਾਂ 'ਚ ਗਏ




**ਸ਼ਾਹਕੋਟ (ਗਿਆਨ ਸੈਦਪੁਰੀ)-** ਵਿਧਾਨ ਸਭਾ ਹਲਕਾ ਸ਼ਾਹਕੋਟ ਵਿੱਚ ਤਿੰਨ ਬਲਾਕ ਸੰਮਤੀਆਂ ਹਨ। ਐਤਵਾਰ ਨੂੰ ਵੋਟਾਂ ਪੈਣ ਦੇ ਅਮਲ ਦੌਰਾਨ ਵੱਖ ਵੱਖ ਪਾਰਟੀਆਂ ਦੇ ਆਗੂ ਪੂਰੀ ਤਰ੍ਹਾਂ ਸਰਗਰਮ ਰਹੇ। ਉਹ ਆਪਣੇ ਵੋਟਰਾਂ ਤੇ ਸਮਰਥਕਾਂ ਅੰਦਰ ਉਤਸ਼ਾਹ ਭਰਦੇ ਰਹੇ। ਇਸ ਵਰਤਾਰੇ ਵਿੱਚ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਪੀਏ ਸੁਖਦੀਪ ਸਿੰਘ ਸੋਨੂੰ ਕੰਗ ਦੀ ਸਰਗਰਮੀ ਵਧੇਰੇ ਨਜ਼ਰੀ ਆਈ। ਇੱਕ ਪੋਲਿੰਗ ਕੈਂਪ ਵਿੱਚ ਕੰਗ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਸਵੇਰ ਤੋਂ ਹੀ ਵੱਖ-ਵੱਖ ਪਿੰਡਾਂ ਵਿੱਚ ਲੱਗੇ ਪਾਰਟੀ ਦੇ ਕੈਂਪਾਂ ਵਿੱਚ ਜਾ ਕੇ ਆਪਣੇ ਵੋਟਰਾਂ ਤੇ ਸਮਰਥਕਾਂ ਪਾਸੋਂ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ। ਉਹਨਾਂ ਨੇ ਦੱਸਿਆ ਕਿ ਉਹਨਾਂ ਦੀ ਕੋਸ਼ਿਸ਼ ਹੈ ਕਿ ਸ਼ਾਮ ਤੱਕ ਵੱਧ ਤੋਂ ਵੱਧ ਪੋਲਿੰਗ ਕੈਂਪਾਂ ਵਿੱਚ ਜਾ ਸਕਣ। ਇਸ ਮੌਕੇ ਉਹਨਾਂ ਦੇ ਨਾਲ ਨੌਜਵਾਨ ਆਗੂ ਬੰਟੀ ਬੱਠਲਾ ਵੀ ਮੌਜੂਦ ਸਨ।

## ਦੰਗਾ ਪੀੜਤਾਂ ਨਾਲ ਧੱਕਾ ਬਰਦਾਸ਼ਤ ਨਹੀਂ : ਪਰਵਿੰਦਰ ਸਿੰਘ ਸੋਹਾਣਾ

**ਮੋਹਾਲੀ (ਗੁਰਜੀਤ ਬਿੱਲਾ)-** ਫੇਜ਼-11 ਵਿੱਚ 1984 ਦੇ ਸਿੱਖ ਕਤਲੇਆਮ/ਦੰਗਾ ਪੀੜਤ ਪਰਵਾਰਾਂ ਵੱਲੋਂ ਚੱਲ ਰਹੇ ਧਰਨੇ ਨੂੰ ਅੱਜ ਉਸ ਵੇਲੇ ਹੋਰ ਤਾਕਤ ਮਿਲੀ, ਜਦੋਂ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਮੋਹਾਲੀ ਦੇ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਧਰਨੇ ਵਾਲੀ ਥਾਂ 'ਤੇ ਪੁੱਜੇ। ਉਨ੍ਹਾਂ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਦੰਗਾ ਪੀੜਤ ਪਰਵਾਰਾਂ ਨਾਲ ਹੋ ਰਹੀ ਜ਼ਿਆਦਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸ਼੍ਰੋਮਣੀ ਅਕਾਲੀ ਦਲ ਹਰ ਪੱਧਰ 'ਤੇ ਉਨ੍ਹਾਂ ਦੇ ਨਾਲ ਖੜ੍ਹਾ ਰਹੇਗਾ। ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ 1984 ਦੇ ਸੰਤਾਪ ਦੌਰਾਨ ਦੇਸ਼ ਦੇ ਵੱਖ-ਵੱਖ ਸ਼ਹਿਰਾਂ—ਦਿੱਲੀ, ਲਖਨਊ ਤੇ ਹੋਰ ਸ਼ਹਿਰਾਂ ਤੋਂ ਬੇਘਰ ਹੋਏ ਸਿੱਖ ਪਰਿਵਾਰ ਪੰਜਾਬ ਆ ਕੇ ਵੱਸੇ। ਉਸ ਸਮੇਂ ਅਕਾਲੀ ਦਲ ਦੀ ਸਰਕਾਰ ਨੇ ਨੀਡ-ਬੇਸ ਨੀਤੀ ਤਹਿਤ ਇਨ੍ਹਾਂ ਨੂੰ ਫਲੈਟ ਮੁਹੱਈਆ ਕਰਵਾਏ, ਦੋ-ਦੋ ਲੱਖ ਰੁਪਏ ਦੀ ਮਾਲੀ ਮਦਦ ਦਿੱਤੀ ਅਤੇ ਲਾਲ ਕਾਰਡ ਜਾਰੀ ਕਰਕੇ ਬੁਨਿਆਦੀ ਸਹੂਲਤਾਂ ਯਕੀਨੀ ਬਣਾਈਆਂ।ਉਨ੍ਹਾਂ ਕਿਹਾ ਕਿ ਅਕਾਲੀ ਦਲ ਸ਼ੁਰੂ ਤੋਂ ਇਨਕਰੋਚਮੈਂਟ ਦੇ ਖ਼ਿਲਾਫ਼ ਹੈ, ਪਰ ਨੀਡ-ਬੇਸ ਪਾਲਿਸੀ ਹੇਠ ਜੇ ਕਿਸੇ ਪਰਵਾਰ ਨੇ ਆਪਣੀ ਰੋਜ਼ੀ-ਰੋਟੀ ਲਈ ਘਰ ਦੇ ਅੱਗੇ ਜਾਂ ਬਰਾਂਡੇ ਵਿੱਚ ਛੋਟਾ ਕਮਰਾ/ਦੁਕਾਨ ਬਣਾਈ, ਤਾਂ ਉਸਦੀ ਰੈਗੂਲਰਾਈਜ਼ੇਸ਼ਨ ਸਰਕਾਰ ਦੀ ਜ਼ਿੰਮੇਵਾਰੀ ਹੈ। ਸੜਕ ਤੋਂ 22 ਫੁੱਟ ਅੰਦਰ ਬਣੀਆਂ ਛੋਟੀਆਂ ਦੁਕਾਨਾਂ ਨੂੰ ਇਕਦਮ ਢਾਹੁਣਾ ਸਰਾਸਰ ਧੱਕਾ ਹੈ। ਪਰਵਿੰਦਰ ਸਿੰਘ ਸੋਹਾਣਾ ਨੇ ਗਮਾਡਾ ਅਤੇ ਨਗਰ ਨਿਗਮ ਦੀ ਐਂਟੀ-ਇਨਕਰੋਚਮੈਂਟ ਕਾਰਵਾਈ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਅੱਜ ਜਦੋਂ ਪੰਜਾਬ ਵਿੱਚ ਬੇਰੁਜ਼ਗਾਰੀ ਵੱਧ ਰਹੀ ਹੈ, ਉਸ ਸਮੇਂ ਚੱਲਦਾ ਰੁਜ਼ਗਾਰ ਵੀ ਬੰਦ ਕਰਵਾਉਣਾ ਅਨਿਆਂ ਹੈ। ਉਹਨਾਂ ਕਿਹਾ ਕਿ ਜੇ ਕਾਰਵਾਈ ਕਰਨੀ ਹੀ ਹੈ ਤਾਂ ਪਹਿਲਾਂ ਸਪਸ਼ਟ ਪਾਲਿਸੀ ਬਣਾਈ ਜਾਵੇ—ਦੁਕਾਨਾਂ ਲਈ ਵੱਖਰੀ ਮਾਰਕੀਟ ਜਾਂ ਵਿਕਲਪਕ ਥਾਂ ਦਿੱਤੀ ਜਾਵੇ, ਤਾਂ ਜੋ ਲੋਕ ਆਪਣੀ ਦੱਸਾਂ-ਨੌਹਾਂ ਦੀ ਕਿਰਤ ਨਾਲ ਜੀਵਨ ਗੁਜ਼ਾਰ ਸਕਣ। ਉਨ੍ਹਾਂ ਕਿਹਾ ਕਿ ਜਦੋਂ ਸ਼ਹਿਰਾਂ ਵਿੱਚ ਵੱਡੇ ਸ਼ੋਅਰੂਮਾਂ ਦੇ ਪਿੱਛੇ ਨਜਾਇਜ਼ ਕਬਜ਼ੇ ਅਤੇ ਸੜਕਾਂ 'ਤੇ ਰੇਹੜੀਆਂ ਖੁੱਲ੍ਹੀਆਂ ਖੜ੍ਹੀਆਂ ਹਨ, ਤਦ ਗਰੀਬ ਦੰਗਾ ਪੀੜਤਾਂ ਦੀਆਂ ਛੋਟੀਆਂ ਦੁਕਾਨਾਂ 'ਤੇ ਨਿਸ਼ਾਨਾ ਸਾਧਣਾ ਦੋਹਰਾ ਮਾਪਦੰਡ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਪਰਵਾਰਾਂ ਨਾਲ ਪਹਿਰੇਦਾਰ ਬਣ ਕੇ ਖੜ੍ਹੇਗਾ ਅਤੇ ਜੋ ਵੀ ਰੂਪਰੇਖਾ ਇਹ ਲੋਕ ਤਿਆਰ ਕਰਨਗੇ, ਅਸੀਂ ਉਸਦਾ ਪੂਰਾ ਸਾਥ ਦਿਆਂਗੇ। ਜ਼ਿਕਰਯੋਗ ਹੈ ਕਿ ਫੇਜ਼-11 ਵਿੱਚ ਦੰਗਾ ਪੀੜਤ ਪਰਵਾਰਾਂ ਦੀਆਂ ਦੁਕਾਨਾਂ ਅਤੇ ਘਰਾਂ ਨਾਲ ਜੁੜੇ ਮਾਮਲਿਆਂ ਵਿੱਚ ਐਂਟੀ-ਇਨਕਰੋਚਮੈਂਟ ਟੀਮ ਦੀ ਕਾਰਵਾਈ ਤੋਂ ਬਾਅਦ ਪ੍ਰਭਾਵਿਤ ਪਰਵਾਰ ਧਰਨੇ 'ਤੇ ਬੈਠੇ ਹੋਏ ਹਨ।ਇਸ ਮੌਕੇ ਹੋਰਨਾਂ ਤੋ ਇਲਾਵਾ ਹਰਮਨਪ੍ਰੀਤ ਸਿੰਘ ਪ੍ਰਿੰਸ, ਸਰਬਜੀਤ ਸਿੰਘ ਪਾਰਸ, ਮਨਜੀਤ ਸਿੰਘ ਮਾਨ, ਪ੍ਰਦੀਪ ਸਿੰਘ ਭਾਰਜ, ਸ਼ਮਸ਼ੇਰ ਸਿੰਘ ਪੁਰਖਾਲਵੀ, ਰਮਨਦੀਪ ਸਿੰਘ ਬਾਵਾ, ਕੁਲਦੀਪ ਸਿੰਘ, ਹਰਿੰਦਰ ਸਿੰਘ, ਰਮਨ ਅਰੋੜਾ, ਸੋਨੀਆ ਸੰਧੂ, ਪਿੰਕੀ ਬਾਲਾ, ਅਮਨ ਲੂਥਰਾ ਸਮੇਤ ਭਾਰੀ ਗਿਣਤੀ ਅਕਾਲੀ ਵਰਕਰ ਤੇ ਸਥਾਨਕ ਵਾਸੀ ਮੌਜੂਦ ਸਨ।




## ਫਗਵਾੜਾ ਇਨਵਾਇਰਨਮੈਂਟ ਐਸੋਸੀਏਸ਼ਨ ਵੱਲੋਂ 40ਵਾਂ ਵਾਤਾਵਰਣ ਮੇਲਾ 18 ਤੇ 19 ਨੂੰ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)-** ਫਗਵਾੜਾ ਇਨਵਾਇਰਨਮੈਂਟ ਐਸੋਸੀਏਸ਼ਨ (ਰਜਿ.) ਫਗਵਾੜਾ ਵਲੋਂ 40ਵਾਂ ਸਾਲਾਨਾ ਵਾਤਾਵਰਣ ਮੇਲਾ 18 ਅਤੇ 19 ਦਸੰਬਰ ਨੂੰ ਫਗਵਾੜਾ ਨਗਰ ਨਿਗਮ ਅਤੇ ਸਮਾਜ ਸੇਵੀ ਸੰਗਠਨਾਂ ਦੇ ਸਹਿਯੋਗ ਸਦਕਾ ਡਾ. ਅੰਬੇਡਕਰ ਆਡੀਟੋਰੀਅਮ, ਜੀ.ਟੀ. ਰੋਡ ਫਗਵਾੜਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਮੇਲੇ ਦੀਆਂ ਤਿਆਰੀਆਂ ਸਬੰਧੀ ਇੱਕ ਮੀਟਿੰਗ ਅਲਾਇੰਸ ਕਲੱਬ ਦੇ ਵਾਈਸ ਡਿਸਟ੍ਰਿਕਟ ਗਵਰਨਰ ਪਦਮ ਲਾਲ ਵਧਾਵਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਵੱਖ-ਵੱਖ ਸਮਾਜਿਕ ਸੰਗਠਨਾਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਮੀਟਿੰਗ ਤੋਂ ਬਾਅਦ ਜਾਣਕਾਰੀ ਸਾਂਝੀ ਕਰਦਿਆਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਲਕੀਅਤ ਸਿੰਘ ਰਗਬੋਤਰਾ ਨੇ ਦੱਸਿਆ ਕਿ 17 ਦਸੰਬਰ ਨੂੰ ਇੱਕ ਜਾਗਰੂਕਤਾ ਰੈਲੀ ਵੀ ਕੱਢੀ ਜਾਵੇਗੀ। ਮੇਲੇ ਦਾ ਉਦਘਾਟਨ ਸਥਾਨਕ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ 18 ਦਸੰਬਰ ਦੀ ਸਵੇਰ ਨੂੰ ਕਰਨਗੇ। ਮੇਲੇ ਦੌਰਾਨ ਫਲਦਾਰ ਰੁੱਖ ਲਗਾਉਣ ਤੋਂ ਇਲਾਵਾ ਪੇਂਟਿੰਗ, ਰੰਗੋਲੀ, ਵੇਸਟ ਟੂ ਬੈਸਟ, ਸਾਇੰਸ ਮਾਡਲ, ਲੋਕ ਨਾਚ, ਬਾਡੀ ਬਿਲਡਿੰਗ, ਫੈਂਸੀ ਡਰੈੱਸ, ਲੋਕ ਗੀਤ, ਸਕਿੱਟ ਅਤੇ ਪਤੰਗ ਉਡਾਉਣ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਖਾਣੇ ਦੇ ਸਟਾਲ ਅਤੇ ਲੰਗਰ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਨੇਹਾ ਗੁਪਤਾ, ਰੇਖਾ ਚੱਢਾ, ਸਰਬਜੀਤ ਸਿੰਘ, ਲਾਇਨ ਸੁਖਵਿੰਦਰ ਸਿੰਘ ਟੈਰੀ, ਲਾਇਨ ਸੁਸ਼ੀਲ ਸ਼ਰਮਾ, ਮੋਹਨ ਲਾਲ ਤਨੇਜਾ, ਸੁਧੀਰ ਸ਼ਰਮਾ, ਸੁਧਾ ਬੇਦੀ, ਅਨਿਲ ਸੂਰੀ, ਕਮਲ ਪਾਹਵਾ, ਰਾਜੇਸ਼ ਕੁਮਾਰ, ਕਪਿਲ ਮਦਾਨ, ਜਸਪ੍ਰੀਤ ਸਿੰਘ, ਰੰਜਨ ਕੁਮਾਰ, ਸੁਰਜੀਤ ਸਿੰਘ ਆਦਿ ਮੌਜੂਦ ਸਨ।

## ਗੁਰਮਤਿ ਸਮਾਗਮ ਅੱਜ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)-** ਇਤਿਹਾਸਿਕ ਪਿੰਡ ਭੁੰਗਰਨੀ ਵਿਖੇ ਪਾਤਸ਼ਾਹੀ ਸੱਤਵੀਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਧਰਤੀ ਤੇ ਸਮੂਹ ਨਗਰ ਨਿਵਾਸੀ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਸਰਬੱਤ ਦੇ ਭੱਲੇ ਮਹਾਨ ਗੁਰਮਤਿ ਸਮਾਗਮ 15 ਦਸੰਬਰ ਨੂੰ ਅੰਮ੍ਰਿਤ ਵੇਲੇ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 15 ਦਸੰਬਰ ਨੂੰ ਅੰਮ੍ਰਿਤ ਵੇਲੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਭਾਈ ਸੁਖਚੈਨ ਸਿੰਘ ਹੈਡ ਗ੍ਰੰਥੀ, ਸਤਿੰਦਰ ਸਿੰਘ ਆਲਮ ਹੁਸ਼ਿਆਰਪੁਰ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਚਾਹ ਦੇ ਲੰਗਰ ਅਤੁੱਟ ਵਰਤਾਏ ਜਾਣਗੇ।



## ਬਸਪਾ ਆਗੂ ਭਗਵਾਨ ਸਿੰਘ ਚੌਹਾਨ ਦਾ ਅੰਤਿਮ ਸੰਸਕਾਰ ਅੱਜ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਬਹੁਜਨ ਸਮਾਜ ਪਾਰਟੀ ਦੇ ਆਗੂ ਭਗਵਾਨ ਸਿੰਘ ਚੌਹਾਨ ਦਾ ਅੰਤਿਮ ਸੰਸਕਾਰ 15 ਦਸੰਬਰ ਨੂੰ ਦੁਪਿਹਰ 12 ਵਜੇ ਮੇਨ ਸ਼ਮਸ਼ਾਨਘਾਟ ਹਰਿਆਣਾ ਰੋਡ ਨਜ਼ਦੀਕ ਭੰਗੀ ਪੁਲ ਹੁਸ਼ਿਆਰਪੁਰ ਵਿਖੇ ਹੋਵੇਗਾ ਚੌਹਾਨ ਦੇ ਵੱਡੇ ਭਰਾ ਦਵਿੰਦਰ ਸਿੰਘ (ਰਿਟਾ.) ਇੰਸਪੈਕਟਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਚੌਹਾਨ ਸਾਹਿਬ ਦੀ ਅੰਤਿਮ ਯਾਤਰਾ ਉਨਾਂ ਦੇ ਗ੍ਰਹਿ ਨਿਵਾਸ ਟੈਗੋਰ ਨਗਰ ਨਜ਼ਦੀਕ ਗੁਰੂ ਰਾਮ ਦਾਸ ਨਰਸਿੰਗ ਕਾਲਿਜ ਪੁਰਾਣਾ ਡਗਾਣਾ ਰੋਡ ਤੋਂ ਆਰੰਭ ਹੋਵੇਗੀ ਅਤੇ ਦੁਪਹਿਰ 12 ਵਜੇ ਅੰਤਿਮ ਸਸਕਾਰ ਕੀਤਾ ਜਾਵੇਗਾ।

## ਉੱਘੇ ਸਮਾਜ ਸੇਵਕ ਇੰਜ. ਨਰਿੰਦਰ ਬੰਗਾ ਦੀ ਸੇਵਾ-ਮੁਕਤੀ 'ਤੇ ਸ਼ੁਕਰਾਨਾ ਸਮਾਗਮ

**ਨਕੋਦਰ (ਮਨਜੀਤ ਮਾਨ)-** ਦੂਰਦਰਸ਼ਨ ਦੇ ਉੱਘੇ ਇੰਜੀਨੀਅਰ ਅਤੇ ਪ੍ਰਸਿੱਧ ਸਮਾਜ ਸੇਵਕ ਇੰਜ ਨਰਿੰਦਰ ਬੰਗਾ ਦੀ ਸ਼ਾਨਦਾਰ ਸੇਵਾ ਮੁਕਤੀ ਮੌਕੇ ਉਨ੍ਹਾਂ ਦੇ ਸਨਮਾਨ ਅਤੇ ਸ਼ੁਕਰਾਨੇ ਲਈ ਇੱਕ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ ਅਤੇ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਦੇਸ਼ ਵਿਦੇਸ਼ ਦੀਆਂ ਧਾਰਮਿਕ, ਸਮਾਜਿਕ, ਰਾਜਨੀਤਕ, ਸੱਭਿਆਚਾਰਕ, ਮੀਡੀਆ, ਕਲਾ, ਦੂਰਦਰਸ਼ਨ ਅਤੇ ਪ੍ਰਸ਼ਾਸਨ ਦੇ ਖੇਤਰ ਤੋਂ ਵੱਡੀਆਂ ਹਸਤੀਆਂ ਨੇ ਸ਼ਿਰਕਤ ਕੀਤੀ ਅਤੇ ਇੰਜ: ਬੰਗਾ ਵੱਲੋਂ ਕੀਤੇ ਕੰਮਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।ਇੰਜ: ਨਰਿੰਦਰ ਬੰਗਾ ਨੇ 37 ਸਾਲ ਦੀ ਨੌਕਰੀ ਦੌਰਾਨ ਇੰਜੀਨੀਅਰਿੰਗ ਅਸਿਸਟੈਂਟ ਵਜੋਂ ਦੂਰਦਰਸ਼ਨ ਜਲੰਧਰ ਵਿਖੇ ਪਦਭਾਰ ਸੰਭਾਲਿਆ ਤੇ ਬਤੌਰ ਅਸਿਸਟੈਂਟ ਇੰਜੀਨਅਰ ਉਰਫ਼ ਟੈਕਨੀਕਲ ਡਾਇਰੈਕਟਰ ਵਜੋਂ ਦੂਰਦਰਸ਼ਨ ਜਲੰਧਰ ਤੋਂ ਸੇਵਾਮੁਕਤ ਹੋਏ।ਸਮਾਗਮ ਵਿੱਚ ਪਦਮ ਸ਼੍ਰੀ ਸੂਫ਼ੀ ਗਾਇਕ ਅਤੇ ਸਿਆਸਤਦਾਨ ਹੰਸ ਰਾਜ ਹੰਸ ਨੇ ਕਿਹਾ ਕਿ ਇੰਜ: ਨਰਿੰਦਰ ਬੰਗਾ ਨੇ ਜਿੱਥੇ ਦੂਰਦਰਸ਼ਨ ਵਿੱਚ ਤਕਨੀਕੀ ਸੇਵਾਵਾਂ ਨਿਭਾਈਆਂ, ਉੱਥੇ ਹੀ ਸੰਗੀਤ ਅਤੇ ਸਾਹਿਤ ਦੇ ਖੇਤਰ ਵਿੱਚ ਵੀ ਉਨ੍ਹਾਂ ਦਾ ਯੋਗਦਾਨ ਅਨਮੋਲ ਹੈ।ਐਮ.ਐਲ.ਏ. ਸੁਖਵਿੰਦਰ ਕੋਟਲੀ ਨੇ ਕਿਹਾ ਕਿ ਬੰਗਾ ਜੀ ਇੱਕ ਸੱਚੇ ਸਮਾਜ ਸੇਵਕ ਹਨ, ਜਿਨ੍ਹਾਂ ਨੇ ਆਪਣੀ ਨਿੱਜੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਸਮਾਜ ਦੀ ਭਲਾਈ ਲਈ ਅੱਖਾਂ ਦੇ ਕੈਂਪ, ਖ਼ੂਨਦਾਨ ਕੈਂਪ, ਵਿਕਲਾਂਗ ਕੈਂਪ ਅਤੇ ਵਣ ਮਹਾਂਉਤਸਵ ਵਰਗੇ ਅਨੇਕਾਂ ਉਪਰਾਲੇ ਕੀਤੇ ਹਨ।ਸਾਬਕਾ ਐਮ.ਐਲ.ਏ. ਮੋਹਨ ਲਾਲ ਨੇ ਕਿਹਾ ਉਨ੍ਹਾਂ ਦਾ ਸੱਭਿਆਚਾਰਕ ਸਰਗਰਮੀਆਂ ਦਾ ਧੁਰਾ ਹੋਣਾ ਅਤੇ ਹਰ ਸਮਾਜਿਕ ਮਸਲੇ 'ਤੇ ਜਾਗਰੂਕਤਾ ਫੈਲਾਉਣ ਲਈ ਸੈਮੀਨਾਰ ਆਯੋਜਿਤ ਕਰਨਾ ਇੱਕ ਮਹਾਨ ਕਾਰਜ ਹੈ। ਡੀ.ਜੀ.ਪੀ. ਸੇਵਾਮੁਕਤ ਡੀ.ਆਰ.ਭੱਟੀ ਨੇ ਕਿਹਾ ਕਿ ਇੰਜ: ਬੰਗਾ ਨੇ ਆਪਣੀ ਸਰਕਾਰੀ ਡਿਊਟੀ ਦੇ ਨਾਲ-ਨਾਲ ਸਮਾਜ ਸੇਵਾ ਦੇ ਫਰਜ਼ ਨੂੰ ਵੀ ਪੂਰੀ ਇਮਾਨਦਾਰੀ ਨਾਲ ਨਿਭਾਇਆ। ਕੁਦਰਤੀ ਆਫ਼ਤਾਂ ਵੇਲੇ ਉਨ੍ਹਾਂ ਦਾ ਵਿੱਤੀ ਸਹਾਇਤਾ ਅਤੇ ਰਾਸ਼ਨ ਵੰਡਣਾ ਮਨੁੱਖਤਾ ਦੀ ਸੇਵਾ ਦਾ ਸਬੂਤ ਹੈ।ਸਟੇਟ ਸੈਕਟਰੀ ਆਮ ਆਦਮੀ ਪਾਰਟੀ ਦੀਪਕ ਬਾਲੀ ਨੇ ਕਿਹਾ ਕਿ ਇੰਜ: ਨਰਿੰਦਰ ਬੰਗਾ ਦੀਆਂ ਸੇਵਾਵਾਂ ਸੰਗੀਤ, ਸਾਹਿਤ ਅਤੇ ਸਮਾਜ ਸੇਵਾ ਤਿੰਨਾਂ ਖੇਤਰਾਂ ਵਿੱਚ ਸ਼ਲਾਘਾਯੋਗ ਹਨ। ਆਮ ਆਦਮੀ ਪਾਰਟੀ ਤੋਂ ਕੁਲਜੀਤ ਸਰਹਾਲ, ਹਰਜੋਤ ਲੋਹਟੀਆ ਸਮੇਤ ਬਸਪਾ ਆਗੂ ਪ੍ਰਵੀਨ ਬੰਗਾ ਹੋਰਾਂ ਕਿਹਾ ਕਿ ਨਰਿੰਦਰ ਬੰਗਾ ਸਮਾਜ ਸੇਵਾ ਖੇਤਰ ਵਿੱਚ ਇੱਕ ਪ੍ਰੇਰਣਾ ਹਨ। ਡਿਪਟੀ ਡਾਇਰੈਕਟਰ ਜਨਰਲ ਦੂਰਦਰਸ਼ਨ (ਸੇਵਾਮੁਕਤ) ਡਾ. ਓਮ ਗੌਰੀ ਦੱਤ ਸ਼ਰਮਾ ਨੇ ਮਿਠਬੋਲੜੇ ਤੇ ਹਸਮੁੱਖ ਬੰਗਾ ਨੂੰ ਦੂਰਦਰਸ਼ਨ ਦਾ ਪੀ. ਆਰ. ਓ. ਕਹਿੰਦਿਆਂ ਦਫ਼ਤਰ ਨੂੰ ਦਿੱਤੀਆਂ ਵਿਲੱਖਣ ਸੇਵਾਵਾਂ ਲਈ ਯਾਦ ਕਰਦਿਆਂ ਕਸੀਦੇ ਪੜ੍ਹੇ। ਡਿਪਟੀ ਚੀਫ਼ ਇੰਜੀਨੀਅਰ ਪਵਨ ਬੀਸਲਾ, ਐਸ.ਐਸ.ਪੀ. ਸੇਵਾਮੁਕਤ ਕੁਲਵੰਤ ਹੀਰ, ਪ੍ਰਵਾਸੀਆਂ ਅਸ਼ੋਕ ਭੌਰਾ,ਅਸ਼ੋਕ ਮਹਿਰਾ, ਜੀਤ ਬਾਬਾ ਬੈਲਜੀਅਮ, ਸੋਮ ਥਿੰਦ (ਯੂਕੇ), ਉੱਘੇ ਕਾਰੋਬਾਰੀ ਅਰਵਿੰਦ ਓਬਰਾਏ, ਅਜਮੇਰ ਸਹੋਤਾ , ਬੁੱਧੀਜੀਵੀ ਤੇ ਸਮਾਜ ਸੇਵੀ ਹਸਤੀਆਂ ਨੇ ਇੰਜ: ਬੰਗਾ ਦੀ ਨੇਕਦਿਲੀ ਤੇ ਸਮਾਜ ਪ੍ਰਤੀ ਸੇਵਾਵਾਂ ਦੇ ਕਸੀਦੇ ਪੜ੍ਹਦਿਆਂ ਕਿਹਾ ਕਿ ਬੰਗਾ ਜੀ ਦਾ ਕਲੱਬਾਂ ਰਾਹੀਂ ਬੱਚਿਆਂ ਨੂੰ ਐਜੂਕੇਸ਼ਨਲ ਟ੍ਰਿਪ 'ਤੇ ਲੈ ਕੇ ਜਾਣਾ ਅਤੇ ਵਿਦਿਅਕ ਅਦਾਰਿਆਂ, ਅਨਾਥ ਆਸ਼ਰਮਾਂ, ਬਿਰਧ ਆਸ਼ਰਮਾਂ ਅਤੇ ਧਾਰਮਿਕ ਸਥਾਨਾਂ ਨੂੰ ਯੋਗਦਾਨ ਦੇਣਾ ਸਮਾਜ ਪ੍ਰਤੀ ਉਨ੍ਹਾਂ ਦੇ ਫਰਜ਼ ਦੀ ਮਿਸਾਲ ਹੈ।ਗਾਇਕ ਬੂਟਾ ਮੁਹੰਮਦ, ਫਿਰੋਜ਼ ਖਾਨ, ਰਣਜੀਤ ਰਾਣਾ, ਨਜ਼ਮਾ ਖਾਨ, ਕੁਲਵਿੰਦਰ ਕਿੰਦਾ, ਕਮਲ ਕਟਾਨੀਆਂ, ਰਾਜਾ ਸਾਬਰੀ ਅਤੇ ਭਿੰਦਾ ਬੈਂਸ ਹੋਰਾਂ ਨੇ ਆਪਣੀ ਗਾਇਕੀ ਰਾਹੀਂ ਬੰਗਾ ਦੀ ਸ਼ਖਸੀਅਤ ਅਤੇ ਸਮਾਜ ਪ੍ਰਤੀ ਸੇਵਾ ਨੂੰ ਆਪਣੇ ਗੀਤਾਂ ਦਾ ਹਿੱਸਾ ਬਣਾਇਆ।ਕੈਨੇਡਾ ਤੋਂ ਉਚੇਚੇ ਤੌਰ 'ਤੇ ਪੁੱਜੇ ਸੁਖਜਿੰਦਰ ਸਿੰਘ ਬਾਠ ਸੀ.ਈ.ਓ., ਸੁੱਖੀ ਬਾਠ ਗਰੁੱਪ ਆਫ਼ ਕੰਪਨੀਜ਼ ਕੈਨੇਡਾ ਅਤੇ ਸਵਾਮੀ ਵਿਨੈ ਮੁਨੀ ਜੰਮੂ ਹੋਰਾਂ ਨੇ ਵੀ ਆਪਣੀ ਹਾਜ਼ਰੀ ਦੌਰਾਨ ਧਾਰਮਿਕ ਬਿਰਤੀ ਵਾਲੇ ਬੰਗਾ ਦੇ ਜੀਵਨ, ਉਨ੍ਹਾਂ ਦੇ ਕਾਰਜਾਂ ਅਤੇ ਮਾਨਵਤਾ ਪ੍ਰਤੀ ਉਨ੍ਹਾਂ ਦੇ ਯੋਗਦਾਨ ਦੀ ਤਾਰੀਫ਼ ਕੀਤੀ। ਉੱਘੇ ਕਾਰੋਬਾਰੀ ਅਰਵਿੰਦ ਓਬਰਾਏ (ਦੇਹਰਾਦੂਨ), ਦੂਰਦਰਸ਼ਨ ਤੋਂ ਕਰਮਵਾਰ ਡਿਪਟੀ ਡਾਇਰੈਕਟਰ ਕਰਨਬੀਰ ਸਿੰਘ, ਬਲਵਿੰਦਰ ਸਿੰਘ, ਦਲਜੀਤ ਅਜਨੋਹਾ, ਵਰਿੰਦਰ ਚਾਪੜਾ, ਹਰੀਸ਼ ਚੰਦਰ, ਵਿਜੈ ਸ਼ਰਮਾ, ਟੀਕੇ ਅੱਗਰਵਾਲ,ਅਵਤਾਰ ਸਿੰਘ ਰੋਪੜ, ਰਾਮਪਾਲ ਸੈਣੀ, ਸਿਕੰਦਰ ਸਿੰਘ, ਸਰਪੰਚ ਤਰਸੇਮ ਸਿੰਘ, ਸਰਪੰਚ ਤੀਰਥ ਰੱਤੂ, ਸਰਪੰਚ ਅਵਤਾਰ ਕੌਰ, ਪਰਕਾਸ਼ ਕੌਰ,ਦਵਿੰਦਰ ਬੰਗਾ, ਕਮਲਜੀਤ ਬੰਗਾ, ਮੋਨਿਕਾ ਬੰਗਾ,ਜਗਦੀਸ਼ ਬੰਗਾ (ਯੂਕੇ), ਸੁਰਜੀਤ ਰੱਤੂ, ਹੰਸ ਰਾਜ ਬੰਗਾ, ਪਰਤਾਪ ਸਿੰਘ ਬੰਗਾ, ਚਮਨ ਲਾਲ ਬੰਗਾ, ਮਦਨ ਲਾਲ ਬੰਗਾ, ਹਰਨਾਮ ਦਾਸ, ਜਗਨ ਨਾਥ, ਨਗਰ ਤੇ ਇਲਾਕਾ ਨਿਵਾਸੀਆਂ ਸਮੇਤ ਪੰਜਾਬ ਭਰ ਤੋਂ ਦਰਬਾਰ ਸ੍ਰੀ ਗੁਰੂ ਰਾਮ ਰਾਏ ਦੀਆਂ ਸੰਗਤਾਂ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ।ਸਮਾਗਮ ਵਿੱਚ ਹਾਜ਼ਰ ਸਾਰੀਆਂ ਸ਼ਖਸੀਅਤਾਂ ਨੇ ਇੰਜੀ: ਨਰਿੰਦਰ ਬੰਗਾ ਨੂੰ ਉਨ੍ਹਾਂ ਦੀ ਸੇਵਾਮੁਕਤੀ 'ਤੇ ਸ਼ੁੱਭਕਾਮਨਾਵਾਂ ਤੇ ਵਧਾਈ ਦਿੱਤੀ ।



## ਵਿਦਿਆਰਥੀਆਂ ਨੂੰ ਟਿਕਾਊ ਵਿਕਾਸ ਨੂੰ ਸਾਰਥਕਤਾ ਦੇਣ ਦੀ ਸਿੱਖਿਆ ਦਿੱਤੀ

**ਜਲੰਧਰ (ਰਾਜੇਸ਼ ਥਾਪਾ)** ਏ ਜੀ ਆਈ ਗਲੋਬਲ ਸਕੂਲ ਨੇ ਟਿਕਾਊ ਵਿਕਾਸ ਟੀਚਿਆਂ 'ਤੇ ਆਧਾਰਿਤ ਇੱਕ ਅਰਥਪੂਰਨ ਪੇਸ਼ਕਾਰੀ ਅਤੇ ਪ੍ਰਦਰਸ਼ਨੀ ਦਾ ਆਯੋਜਨ ਕੀਤਾ।ਇਹ ਸਮਾਗਮ ਵਿਦਿਆਰਥੀਆਂ ਨੂੰ ਵਿਸ਼ਵਵਿਆਪੀ ਮੁੱਦਿਆਂ ਅਤੇ ਟਿਕਾਊ ਜੀਵਨ ਦੀ ਮਹੱਤਤਾ ਬਾਰੇ ਜਾਣੂ ਕਰਵਾਉਣ ਲਈ ਸਕੂਲ ਦੇ ਨਿਰੰਤਰ ਯਤਨਾਂ ਨੂੰ ਦਰਸਾਉਂਦਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਅੱਜ ਦੇ ਸੰਸਾਰ ਵਿੱਚ ਟਿਕਾਊ ਵਿਕਾਸ ਦੀ ਜ਼ਰੂਰਤ ਬਾਰੇ ਦੱਸਦੀ ਇੱਕ ਪੇਸ਼ਕਾਰੀ ਨਾਲ ਹੋਈ। ਇਸ ਮੌਕੇ ਦੇ ਮੁੱਖ ਮਹਿਮਾਨ ਏ ਜੀ ਆਈ ਇੰਫਰਾ ਲਿਮਿਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਸੰਬੋਧਨ ਕੀਤਾ ਅਤੇ ਏ ਜੀ ਆਈ ਦੇ ਅੰਦਰ ਟਿਕਾਊਤਾ ਦਾ ਅਭਿਆਸ ਕਿਵੇਂ ਕੀਤਾ ਜਾ ਰਿਹਾ ਹੈ, ਇਸ ਦੀਆਂ ਅਸਲ-ਜੀਵਨ ਦੀਆਂ ਉਦਾਹਰਣਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੇ ਸ਼ਬਦਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਬਾਰੇ ਜ਼ਿੰਮੇਵਾਰੀ ਨਾਲ ਸੋਚਣ ਲਈ ਪ੍ਰੇਰਿਤ ਕੀਤਾ। ਅੱਗੇ ਜਾਣਕਾਰੀ ਦਿੰਦੇ ਹੋਏ ਉਹਨਾਂ ਦੱਸਿਆ ਕੀ ਟਿਕਾਊ ਵਿਕਾਸ ਦਾ ਅਰਥ ਹੈ ਕੀ, ਤਰੱਕੀ ਅਤੇ ਵਿਕਾਸ ਇਸ ਤਰੀਕੇ ਨਾਲ ਹੋਏ ਕਿ ਕੁਦਰਤ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ ਅਤੇ ਅੱਜ ਦੇ ਲੋਕਾਂ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਚੰਗਾ ਹੋਵੇ।ਸੁਖਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਟਿਕਾਊ ਵਿਕਾਸ ਬਾਰੇ ਅੱਗੇ ਜਾਣਕਾਰੀ ਦਿੰਦੇ ਹੋਏ ਕਿਆ ਕੀ ਇਸ ਦਾ ਮਤਲਬ ਅਰਥਵਿਵਸਥਾ ਨੂੰ ਵਧਾਉਣਾ ਅਤੇ ਨੌਕਰੀਆਂ ਪੈਦਾ ਕਰਨਾ, ਸਿੱਖਿਆ, ਸਿਹਤ ਅਤੇ ਜੀਵਨ ਪੱਧਰ ਨੂੰ ਬਿਹਤਰ ਬਣਾਉਣਾ, ਕੁਦਰਤੀ ਸਰੋਤਾਂ ਦੀ ਧਿਆਨ ਨਾਲ ਵਰਤੋਂ ਕਰਨਾ, ਹਵਾ, ਪਾਣੀ, ਜ਼ਮੀਨ, ਰੁੱਖਾਂ ਅਤੇ ਜਾਨਵਰਾਂ ਦੀ ਰੱਖਿਆ ਕਰਨਾ ਹੈ । ਉਹਨਾਂ ਵਿਦਿਆਰਥੀਆਂ ਨੂੰ ਕਿਹਾ ਕਿ ਪਾਣੀ, ਭੋਜਨ ਜਾਂ ਊਰਜਾ ਨੂੰ ਬਰਬਾਦ ਨਾ ਕਰੋ, ਸੂਰਜੀ ਅਤੇ ਹਵਾ ਵਰਗੀ ਨਵਿਆ ਉਣਯੋਗ ਊਰਜਾ ਦੀ ਵਰਤੋਂ ਕਰੋ, ਪ੍ਰਦੂਸ਼ਣ ਘਟਾਓ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖੋ, ਹੋਰ ਰੁੱਖ ਲਗਾਓ ਅਤੇ ਵਾਤਾਵਰਣ ਦੀ ਰੱਖਿਆ ਕਰੋ ।ਸਰਲ ਸ਼ਬਦਾਂ ਵਿੱਚ, ਟਿਕਾਊ ਵਿਕਾਸ ਦਾ ਅਰਥ ਦੱਸਦੇ ਹੋਏ ਉਹਨਾਂ ਕਿਹਾ ਕਿ ਸਮਝਦਾਰੀ ਨਾਲ ਵਧਣਾ—ਲੋਕਾਂ ਦੀ ਮਦਦ ਕਰਨਾ, ਦੇਸ਼ ਦਾ ਵਿਕਾਸ ਕਰਨਾ ਅਤੇ ਧਰਤੀ ਨੂੰ ਉਸੇ ਸਮੇਂ ਸੁਰੱਖਿਅਤ ਰੱਖਣਾ ਹੈ ।

